# ਸਿਰਜਣਾ

ਜੁਲਾਈ-ਸਤੰਬਰ 1989 (ਅੰਕ 75)

**July- September 1989**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ -Sign: ____________________

ਪਤਾ -Address: 1728, ਸੈਕਟਰ 43-ਬੀ, ਚੰਡੀਗੜ੍ਹ - 160022 — 1728, Sector 43-B, Chandigarh - 160022 India

ਤਾਰੀਕ -Date: 25-10-2014

# ਸਿਰਜਣਾ

ਸੌਂ ਜਾ ਕੰਨ ਵਲ੍ਹੇਟ ਕੇ,
ਤੇਨੂੰ ਵਿੜਕ ਨਾ ਕੋਈ ਆਵੇ
ਦਹਿਸ਼ਤ ਦੇ ਇਸ ਦੌਰ 'ਚ
ਹਰ ਕੋਈ ਆਪਣਾ ਆਪ ਬਚਾਵੇ
ਅੱਖ ਨਾ ਦੇਖਣ ਭਾਵੇ
ਕੰਨ ਨਾ ਸੁਣਨ ਸੁਹਾਵੇ

ਸੁਰਿੰਦਰ ਗਿੱਲ

ਜੁਲਾਈ-ਸਤੰਬਰ 1989 **75** ਮੁੱਲ : **5** ਰੁਪਏ

# ਸਿਰਜਣਾ

ਜੁਲਾਈ–ਸਤੰਬਰ 1989

0

ਨਿਗਰਾਨ

ਸੰਤ ਸਿੰਘ ਸੇਖੋਂ

0

ਸੰਪਾਦਕ

ਰਘਬੀਰ ਸਿੰਘ

0

ਪਤਾ

1728, ਸੈਕਟਰ 43-ਬੀ,
ਚੰਡੀਗੜ੍ਹ-160036
ਟੈਲੀਫੋਨ : 41694

0

**SIRJANA**

1728. Sector 43-B,
Chandigarh-160036
Telephone : 41694

0

SIRJANA is approved by DPI Punjab for all Schools, colleges and Social education centres vide letter No. 2/6-66 B (EP) dated 26. 9. 66


## ਇਸ ਅੰਕ ਵਿਚ


ਰਘਬੀਰ ਸਿੰਘ/ਸੰਪਾਦਕੀ/ਭਾਸ਼ਾ ਦਾ ਮਸਲਾ/1
ਸੁਰਜੀਤ ਖੁਰਸ਼ੀਦੀ/ਕਵਿਤਾ/ਸੋਚ ਲੈ/3
ਪਿਆਰਾ ਸਿੰਘ ਸਹਿਰਾਈ/ਬੈਲੱਡ/ਨੀਲਾਂਖੀ ਦੋਲਮਾਂ/4
ਸੁਖਬੀਰ/ਕਵਿਤਾ/ਪ੍ਰਭਜੀ/7
ਮੇਜਰ ਪਿਆਰਾ ਸਿੰਘ/ਕਵਿਤਾ/ਪੰਦਰਾਂ ਅਗਸਤ/8
ਮੋਹਨ ਭੰਡਾਰੀ/ਕਹਾਣੀ/ਕੇਸ ਵਾਹ ਜਿਉਣੀਏਂ/9
ਮਦਨ ਵੀਰਾ/ਕਵਿਤਾ/ਮੇਰੇ ਵਿਹੜੇ ਦੇ ਬੱਚੇ/28
ਬਲਦੇਵ ਸਿੰਘ/ਕਹਾਣੀ/ਧੀਏ ਘਰ ਜਾਹ ਆਪਣੇ/29
ਸ਼ਾਕਰ ਪੁਰਸ਼ਾਰਥੀ/ਅਨੁਵਾਦ/ਫਲਸਤੀਨੀ ਕਵਿਤਾਵਾਂ/44
ਹਰਭਜਨ ਸਿੰਘ ਹੁੰਦਲ/ਅਨੁਵਾਦ/ਪਾਬਲੋ ਨਰੂਦਾ/45
ਸੰਤੋਖ ਸਿੰਘ ਧੀਰ/ਨਿਬੰਧ/ਮੇਰੀ ਕਹਾਣੀ 'ਕੋਈ ਇਕ ਸਵਾਰ'/47
ਗੁਰਚਰਨ ਰਾਮਪੁਰੀ/ਕਵਿਤਾ/ਮਹਿਲ ਮਰਯਾਦਾ ਸਿਮਰਨ/51
ਰਵਿੰਦਰ ਰਵੀ/ਕਵਿਤਾ/ਪੰਜਾਬ : ਤਿੰਨ ਪ੍ਰਭਾਵ ਸਕੇਪ/52
ਸੁਖਿੰਦਰ/ਕਵਿਤਾ/ਉਡੀਕ ਕਰੋ/53
ਸ਼ਸ਼ੀ ਸਾਏਬੀਲ ਸਮੁੰਦਰਾ/ਤਿੰਨ ਕਵਿਤਾਵਾਂ/55
ਈ. ਐਮ. ਐਸ. ਨੰਬੂਦਰੀਪਾਦ/ਨਿਬੰਧ/ ਭਾਰਤ ਵਿਚ ਸਮਾਜ, ਭਾਸ਼ਾ ਤੇ ਸਾਹਿਤ ਦਾ ਵਿਕਾਸ/ਅਨੁਵਾਦ : ਗੁਰਨਾਇਬ/56
ਸ਼ਿਵ ਨਾਥ/ਕਵਿਤਾ/ਖਤਰਾ/65
ਸਤੀਸ਼ ਕੁਮਾਰ ਵਰਮਾ/ਨਿਬੰਧ/ਪੰਜਾਬੀ ਨਾਟਕ ਦਾ ਕਾਵਿ-ਸ਼ਾਸਤਰ/66
ਚੰਚਲ/ਕਵਿਤਾ/ਮੈਂ/71
ਕੇਸਰ ਸਿੰਘ ਕੇਸਰ/ਰੀਵੀਊ/ਕੁਰਸੀ/72
ਹਰਭਜਨ ਸਿੰਘ ਹੁੰਦਲ/ਰੀਵੀਊ/ਚਿੰਤਨ ਤੇ ਖੁਸ਼ਬੂ/77
ਲਾਲ ਸਿੰਘ/ਰੀਵੀਊ/ਕਲਮ ਤੇ ਬੰਦੂਕ/79
ਮਾਨ ਸਿੰਘ ਢੀਂਡਸਾ/ਰੀਵੀਊ/ਜ਼ਖ਼ਮੀ ਗੁਲਾਬ/81
ਸੁਰਜੀਤ ਗਿੱਲ/ਰੀਵੀਊ/ਸ਼ਬਨਮ ਨਹੀਂ ਆਈ /83
ਰਘਬੀਰ ਸਿੰਘ/ਰੀਵੀਊ/ਨਿਆਰਾ ਹਿੰਦੋਸਤਾਨ/84



ਵਾਰਸ਼ਿਕ ਚੰਦਾ—ਦੇਸ਼ : 20 ਰੁਪਏ
ਬਦੇਸ਼—ਹਵਾਈ ਡਾਕ ਰਾਹੀਂ : 100 ਰੁਪਏ


## ਭਾਸ਼ਾ ਦਾ ਮਸਲਾ

ਸੁਤੰਤਰਤਾ ਤੋਂ ਪਿਛੋਂ ਅਤੇ ਖ਼ਾਸਕਰ ਜ਼ਬਾਨ ਦੇ ਆਧਾਰ 'ਤੇ ਪੰਜਾਬ ਦੀ ਨਵੇਂ ਸਿਰਿਉਂ ਹੱਦਬੰਦੀ ਪਿੱਛੋਂ, ਜਦੋਂ ਪੰਜਾਬੀ ਭਾਸ਼ਾ ਦੀ ਵੱਖ ਵੱਖ ਪੱਧਰਾਂ ਉਤੇ ਵਰਤੋਂ ਹੋਣ ਲੱਗੀ ਹੈ, ਇਸ ਭਾਸ਼ਾ ਦੇ ਸ਼ਬਦ-ਭੰਡਾਰ ਅਤੇ ਇਸਦੇ ਮੁਹਾਵਰੇ ਦੇ ਸੰਬੰਧ ਵਿਚ ਚੋਖਾ ਵਾਦ-ਵਿਵਾਦ ਚੱਲਿਆ ਆਉਂਦਾ ਹੈ। ਸਾਹਿਤਕ ਗੋਸ਼ਟੀਆਂ ਵਿਚ ਤਾਂ ਪਿਛਲੇ ਵਰ੍ਹਿਆਂ ਵਿਚ ਕੋਈ ਅਜਿਹਾ ਮੌਕਾ ਵੇਖਣ ਵਿਚ ਨਹੀਂ ਆਇਆ ਜਦੋਂ ਕੁਝ ਬੁਲਾਰਿਆਂ ਨੇ ਉਚਿਤ ਅਨੁਚਿਤ ਰੂਪ ਵਿਚ ਭਾਸ਼ਾ ਦੇ ਸੰਬੰਧ ਵਿਚ ਆਪਣੀ ਚਿੰਤਾ ਨੂੰ ਸਰੋਤਿਆਂ-ਚਿੰਤਕਾਂ ਨਾਲ ਸਾਂਝਾ ਕਰਨਾ ਜ਼ਰੂਰੀ ਨਾ ਸਮਝਿਆ ਹੋਵੇ। ਅਕਸਰ ਇਹਨਾਂ ਬੁਲਾਰਿਆਂ ਦੀ ਸੁਰ ਇਹ ਹੁੰਦੀ ਹੈ ਕਿ 'ਪੰਜਾਬੀ ਭਾਸ਼ਾ ਆਪਣਾ ਠੁੱਕ ਗੁਆ ਰਹੀ ਹੈ, ਇਸਦਾ ਮੁਹਾਂਦਰਾ ਵਿਗੜ ਰਿਹਾ ਹੈ ਅਤੇ ਇਸ ਵਿਚ ਅਜਿਹੇ ਸ਼ਬਦ-ਭੰਡਾਰ ਦਾ ਵਿਸਤਾਰ ਹੋ ਰਿਹਾ ਹੈ ਜੋ ਇਸਦੇ ਸੁਭਾਅ ਅਨੁਕੂਲ ਨਹੀਂ। ਅਤੇ ਜੇ ਇੰਝ ਹੀ ਹੁੰਦਾ ਰਿਹਾ ਤਾਂ ਪੰਜਾਬੀ ਖ਼ਤਮ ਹੋ ਕੇ ਰਹਿ ਜਾਵੇਗੀ।'

ਕੁਝ ਪ੍ਰਗਤਿਵਾਦੀ ਹਲਕਿਆਂ ਵੱਲੋਂ ਵੀ ਲਗਪਗ ਇਸ ਤਰ੍ਹਾਂ ਦੇ ਵਿਚਾਰ ਸਮੇਂ ਸਮੇਂ ਪ੍ਰਗਟ ਹੁੰਦੇ ਰਹੇ ਹਨ ਲੋਕਾਂ ਦੇ ਨੇੜੇ ਰਹਿਣ ਅਤੇ ਲੋਕ-ਹਿਤਾਂ ਦਾ ਖਿਆਲ ਰੱਖਣ ਦੀ ਆਪਣੀ ਸ਼ੁਭ-ਭਾਵਨਾ ਅਨੁਸਾਰ ਇਹ ਹਲਕੇ ਵੀ ਅਕਸਰ ਇਸ ਤਰ੍ਹਾਂ ਦੀ ਗੱਲ ਕਰਦੇ ਸੁਣੇ ਜਾਂਦੇ ਹਨ ਕਿ ਪੰਜਾਬੀ ਜ਼ਬਾਨ ਨੂੰ ਲੋਕਾਂ ਦੀ ਸਮਝ ਤੋਂ ਦੂਰ ਨਹੀਂ ਲਿਜਾਇਆ ਜਾਣਾ ਚਾਹੀਦਾ।

ਪ੍ਰਗਟ ਰੂਪ ਵਿਚ ਇਸ ਤਰ੍ਹਾਂ ਦੇ ਵਿਚਾਰਾਂ ਉਤੇ ਕੋਈ ਕਿੰਤੂ ਕਰਨਾ ਬਣਦਾ ਨਹੀਂ। ਜ਼ਬਾਨ ਲੋਕਾਂ ਦੇ ਨੇੜੇ ਰਹਿਣੀ ਚਾਹੀਦੀ ਹੈ—ਇਸਦਾ ਠੁੱਕ ਕਾਇਮ ਰਹਿਣਾ ਚਾਹੀਦਾ ਹੈ—ਆਦਿ ਕਥਨਾਂ ਉਪਰ ਆਖਰ ਕੀ ਇਤਰਾਜ਼ ਹੋ ਸਕਦਾ ਹੈ ? ਐਪਰ ਚਲੰਤ ਵਿਵਾਦ ਦੇ ਪ੍ਰਸੰਗ ਵਿਚ ਇਸ ਤਰ੍ਹਾਂ ਦੇ ਕਥਨ ਭਾਸ਼ਾ ਦੇ ਵਿਕਾਸ ਦੇ ਬੜੇ ਵੱਡੇ ਮਸਲੇ ਨੂੰ ਅਤਿ ਸਰਲੀਕ੍ਰਿਤ ਰੂਪ ਵਿਚ ਪੇਸ਼ ਕਰਨ ਦੇ ਤੁਲ ਹਨ। ਪੰਜਾਬੀ ਭਾਸ਼ਾ ਦਾ, ਜਾਂ ਵਿਕਾਸਸ਼ੀਲਤਾ ਦੇ ਸੰਕ੍ਰਾਂਤੀ ਕਾਲ ਵਿਚ ਕਿਸੇ ਵੀ ਭਾਸ਼ਾ ਦਾ, ਮਸਲਾ ਏਨਾ ਸਰਲ ਨਹੀਂ ਕਿ ਉਸ ਨੂੰ ਮੁਹਾਵਰੇ ਦੀ ਠੁੱਕ ਜਾਂ ਲੋਕਾਂ ਦੇ ਨੇੜੇ ਰਹਿਣ ਦੇ ਮੁੱਦਿਆਂ ਤਕ ਹੀ ਸੀਮਤ ਕਰ ਦਿੱਤਾ ਜਾਵੇ।

ਰਾਜ-ਭਾਸ਼ਾ ਬਣਨ ਪਿਛੋਂ, ਉਚੇਰੀ ਸਿੱਖਿਆ ਦਾ ਮਾਧਿਅਮ ਬਣਨ ਪਿਛੋਂ ਅਤੇ ਵਿਭਿੰਨ ਵਿਸ਼ਿਆਂ ਦੇ ਉਚ-ਪੱਧਰੀ ਪ੍ਰਗਟਾ ਦੇ ਮਾਧਿਅਮ ਵਜੋਂ ਪੰਜਾਬੀ ਜ਼ੁਬਾਨ ਸਾਹਵੇਂ ਜੋ ਚੁਣੌਤੀਆਂ ਅੱਜ ਹਨ, ਉਹ ਪਹਿਲਾਂ ਕਦੇ ਨਹੀਂ ਸਨ। ਪੰਜਾਹਵਿਆਂ ਤੋਂ ਪਹਿਲਾਂ ਕੁਝ ਕੁ ਸਾਹਿਤ-ਸਿਰਜਣਾ ਤੋਂ ਬਿਨਾਂ ਇਸ ਭਾਸ਼ਾ ਤੋਂ ਲਿਖਤੀ ਪ੍ਰਗਟਾ ਦੇ ਮਾਧਿਅਮ ਵਜੋਂ ਕੋਈ ਹੋਰ ਕੰਮ ਨਹੀਂ ਲਿਆ ਜਾਂਦਾ ਸੀ। ਏਸੇ ਲਈ ਪੰਜਾਬੀ ਨੂੰ ਤ੍ਰਿਸਕਾਰਨ ਵਾਲੇ ਅਨਸਰ ਇਸਨੂੰ ਭਾਸ਼ਾ ਦੀ ਥਾਂ ਮਹਿਜ਼ ਬੋਲੀ ਆਖਣ ਦੀ ਜ਼ਿੱਦ ਕਰਦੇ ਸਨ, ਜੋ ਬੋਲੀ ਕੇਵਲ ਬੋਲਣ ਦੇ ਕੰਮ ਆ ਸਕਦੀ ਹੈ, ਹੋਰ ਕਈ ਕਾਰਜ ਨਿਪਟਾਉਣ ਦੇ ਸਮਰੱਥ ਨਹੀਂ ! ਪੰਜਾਬੀ ਭਾਸ਼ਾ ਦੀ ਜੋ ਸਮਰੱਥਾ ਸੀ, ਉਸ ਨੂੰ ਵਰਤੋਂ ਵਿਚ ਲਿਆਉਣ ਅਤੇ ਇਸ ਸਮਰੱਥਾ ਨੂੰ ਲੋੜ ਅਨੁਸਾਰ ਵਿਸਤਾਰ ਦੇਣ ਦਾ ਕਦੇ ਮੌਕਾ ਨਹੀਂ ਸੀ ਬਣਿਆ।

ਸੁਤੰਤਰਤਾ ਉਪਰੰਤ ਸਭ ਤੋਂ ਪਹਿਲਾਂ ਪੰਜਾਬੀ ਵਿਚ ਸਾਹਿਤ ਦੀ ਉਚ ਪੱਧਰ ਤਕ ਵਿਧੀਵਤ ਪੜ੍ਹਾਈ ਆਰੰਭ ਹੋਣ ਨਾਲ ਸਾਹਿਤ-ਸਮੀਖਿਆ ਵਰਗੇ ਵਿਸ਼ੇ ਨੂੰ ਪ੍ਰਗਟਾਉਣ ਦੀ ਲੋੜ ਪਈ। ਅਕਸਰ ਸਮੀਖਿਆ ਦੀ ਇਸ ਭਾਸ਼ਾ ਦੇ ਹਵਾਲੇ ਦੁਆਰਾ ਹੀ ਪੰਜਾਬੀ ਨਾਲ ਅਨਾਚਾਰ ਹੋਣ ਦੀ ਗੱਲ ਤੁਰਦੀ ਹੈ। ਉਂਝ ਕੁਝ ਕਚ-ਘਰੜ 'ਵਿਦਵਾਨਾਂ' ਨੇ, ਨਿਰਸੰਦੇਹ, ਪੰਡਤਊਪੁਣੇ ਦਾ ਰੋਅਬ ਪਾਉਣ ਲਈ ਭਾਸ਼ਾਗਤ ਜ਼ਿਆਦਤੀ ਕੀਤੀ ਹੈ ਤੇ ਹੁਣ ਵੀ ਕਰ ਰਹੇ ਹਨ। ਪਰ ਇਸ ਤੱਥ ਨੂੰ ਵਿਸਾਰਿਆ ਨਹੀਂ ਜਾ ਸਕਦਾ ਕਿ ਸਾਹਿਤ-ਸਿਰਜਣਾ ਅਤੇ ਸਾਹਿਤ-ਸਮੀਖਿਆ ਅਥਵਾ ਸਾਹਿਤ-ਸਿਧਾਂਤਾਂ ਉਤੇ ਚਰਚਾ ਦੋ ਅਸਲੋਂ ਵੱਖਰੇ ਕਾਰਜ ਹਨ। ਇਹ ਗੱਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਜਿਸ ਤਰ੍ਹਾਂ ਦੀ ਭਾਸ਼ਾ ਕਵਿਤਾ, ਕਹਾਣੀ, ਨਾਵਲ, ਨਾਟਕ ਆਦਿ ਸਿਰਜਣਾਤਮਕ ਸਾਹਿਤ ਦੇ ਰੂਪਾਂ ਵਿਚ ਵਰਤੀ ਜਾਂਦੀ ਹੈ, ਗਿਆਨ ਦੇ ਇਕ ਵਿਸ਼ੇ ਨਾਲ ਸੰਬੰਧਿਤ ਹੋਣ ਕਰਕੇ, ਸਾਹਿਤ-ਸਮੀਖਿਆ ਵਿਚ, ਭਾਸ਼ਾ-ਪ੍ਰਯੋਗ ਨਿਰੋਲ ਉਸੇ ਭਾਂਤ ਦਾ ਨਹੀਂ ਹੋ ਸਕਦਾ। ਇੰਝ ਹੀ ਜਦੋਂ ਵੱਖ ਵੱਖ ਵਿਸ਼ਿਆਂ ਲਈ ਸਿੱਖਿਆ ਦੇ ਮਾਧਿਅਮ ਵਜੋਂ ਪੰਜਾਬੀ ਦੀ ਵਰਤੋਂ ਹੁੰਦੀ ਹੈ ਤਾਂ ਸੁਭਾਵਕ ਹੀ ਵਿਸ਼ੇ ਦੇ ਸੁਨਿਸਚਿਤ ਪ੍ਰਗਟਾ ਲਈ ਇਸ ਨੂੰ ਅਜਿਹੇ ਸ਼ਬਦ-ਭੰਡਾਰ ਦੀ ਲੋੜ ਹੈ ਜੋ ਕੇਵਲ ਆਮ-ਫ਼ਹਿਮ ਦੀ ਕੋਟੀ ਵਿਚ ਹੀ ਨਹੀਂ ਆ ਸਕਦਾ।

ਪੰਜਾਬੀ ਭਾਸ਼ਾ ਦੀ ਗਿਆਨ ਵਿਗਿਆਨ ਦੀਆਂ ਵਿਭਿੰਨ ਬਰਾਂਚਾਂ ਵਿਚ ਜੇ ਵਰਤੋਂ ਕੀਤੀ ਜਾਣੀ ਹੈ ਤਾਂ ਇਸ ਦੇ ਸ਼ਬਦ-ਭੰਡਾਰ ਵਿਚ ਅਵੱਸ਼ ਵਿਸਤਾਰ ਹੋਵੇਗਾ। ਇਹ ਸ਼ਬਦ-ਭੰਡਾਰ ਪੰਜਾਬੀ ਭਾਸ਼ਾ ਦੇ ਮੂਲ ਸ੍ਰੋਤ, ਸੰਸਕ੍ਰਿਤ, ਵਿਚੋਂ ਹੋ ਸਕਦਾ ਹੈ ਜਾਂ ਅੰਗ੍ਰੇਜ਼ੀ ਆਦਿ ਕਿਸੇ ਵੀ ਉਸ ਭਾਸ਼ਾ 'ਚੋਂ ਜਿਥੋਂ ਗਿਆਨ ਦਾ ਸੰਚਾਰ ਹੋ ਰਿਹਾ ਹੈ। ਇਸ ਸ਼ਬਦ-ਭੰਡਾਰ ਦੇ ਫਾਰਸੀ ਅਰਬੀ ਸੋਮਿਆਂ ਤੋਂ ਆਉਣ ਦੀ ਵਧੇਰੇ ਸੰਭਾਵਨਾ ਇਸ ਕਰਕੇ ਨਹੀਂ ਕਿ ਉਹ ਸੋਮੇਂ ਪੰਜਾਬੀ ਭਾਸ਼ਾ ਦੇ ਮੂਲ ਸੋਮੇ ਨਹੀਂ ਅਤੇ ਰਾਜਨੀਤਕ ਕਾਰਨਾਂ ਕਰਕੇ ਉਹ ਸੋਮੇ ਹੁਣ ਆਪਣੇ ਵਿਆਪਕ ਰੂਪ ਵਿਚ ਪ੍ਰਾਪਤ ਵੀ ਨਹੀਂ। ਇਥੇ ਗੱਲ ਸਿਰਫ਼ ਨਵੇਂ ਸ਼ਬਦ-ਭੰਡਾਰ ਦੀ ਹੈ ਜੋ ਵਿਕਾਸ ਕਰ ਰਹੀ ਪੰਜਾਬੀ ਜ਼ੁਬਾਨ ਨੂੰ ਲੋੜੀਂਦਾ ਹੈ, ਉਸ ਸ਼ਬਦ-ਭੰਡਾਰ ਦੀ ਨਹੀਂ ਜੋ ਉਸ ਕੋਲ ਪਹਿਲਾਂ ਹੀ ਪ੍ਰਾਪਤ ਹੈ। ਉਸ ਵਿਚੋਂ ਕੁਝ ਖ਼ਾਰਜ ਕਰਨ ਦਾ ਤਾਂ ਸਵਾਲ ਹੀ ਨਹੀਂ। ਇੰਝ ਸ਼ਬਦ-ਭੰਡਾਰ ਦੇ ਵਿਸਤਾਰ ਦਾ ਅਰਥ ਇਹ ਨਹੀਂ ਕਿ ਪੰਜਾਬੀ ਵਿਚ ਜੋ ਅਰਬੀ ਫਾਰਸੀ ਮੂਲ ਦੇ ਸ਼ਬਦ ਹਨ ਉਹ ਬਾਹਰ ਸੁਟ ਦਿੱਤੇ ਜਾਣੇ ਹਨ। ਨਾ ਹੀ ਇਸ ਦਾ ਇਹ ਅਰਥ ਹੈ ਕਿ ਜੋ ਸ਼ਬਦ ਕਿਸੇ ਭਾਵ-ਪ੍ਰਗਟਾ ਲਈ ਪਹਿਲਾਂ ਹੀ ਮੌਜੂਦ ਹਨ ਉਹਨਾਂ ਦੀ ਥਾਂ ਜ਼ਰੂਰ ਹੀ ਨਵੇਂ ਸ਼ਬਦ ਲਿਆਂਦੇ ਜਾਣੇ ਹਨ। ਭਾਵੇਂ ਕਿ ਕਿਸੇ ਵੀ ਲੇਖਕ ਵਿਦਵਾਨ ਦੇ ਇਸ ਹੱਕ ਨੂੰ ਤਾਂ ਪ੍ਰਵਾਨ ਕਰਨਾ ਹੀ ਪਵੇਗਾ ਕਿ ਉਸ ਨੇ ਆਪਣੇ ਵਿਸ਼ੇ ਤੇ ਸ਼ੈਲੀ ਅਨੁਸਾਰ ਅਨੇਕਾਂ ਹੀ ਸਮਾਨਾਰਥਕ ਸ਼ਬਦਾਂ 'ਚੋਂ ਉਸ ਇਕ ਸ਼ਬਦ ਦੀ ਚੋਣ ਕਰਨੀ ਹੁੰਦੀ ਹੈ ਜੋ ਉਸਨੂੰ ਵਧੇਰੇ ਅਨੁਕੂਲ ਪ੍ਰਤੀਤ ਹੋਵੇ।

ਜੇ ਭਾਸ਼ਾ ਤੋਂ ਉਚੇਰੇ ਗਿਆਨ ਜਾਂ ਵਿਸ਼ੇਸ਼ੀਕ੍ਰਿਤ ਖੇਤਰ ਦੇ ਪ੍ਰਗਟਾ ਦੇ ਮਾਧਿਅਮ ਦਾ ਕੰਮ ਲਿਆ ਜਾਵੇਗਾ ਤਾਂ ਉਸ ਉਤੇ ਨਿਰੋਲ ਬੋਲ-ਚਾਲ ਦੇ ਪੱਧਰ ਅਨੁਸਾਰ, ਕਠਿਨ ਹੋਣ ਜਾਂ ਲੋਕਾਂ ਤੋਂ ਦੂਰ ਹੋਣ ਦਾ ਆਰੋਪ ਲਾਉਣਾ ਉਚਿਤ ਨਹੀਂ। ਆਖ਼ਰ ਕਾਰਲ ਮਾਰਕਸ



ਜਾਂ ਹੋਰ ਲੋਕ-ਹਿਤੈਸ਼ੀ ਬੁੱਧੀਜੀਵੀਆਂ ਦੀਆਂ ਲਿਖਤਾਂ ਦੀ ਭਾਸ਼ਾ ਨੂੰ ਕਦੋਂ ਸਾਧਾਰਨ ਬੋਲ-ਚਾਲ ਦੇ ਪੱਧਰ ਦੀ ਭਾਸ਼ਾ ਤੇ ਸਾਧਾਰਨ ਬੁੱਧ ਦੇ ਤੁਲ ਰੱਖਕੇ ਸਮਝਿਆ ਜਾ ਸਕਦਾ ਹੈ? ਅਤੇ ਫਿਰ ਕਿਸੇ ਵਿਸ਼ੇਸ਼ ਖੇਤਰ ਦੇ ਗਿਆਨ ਦੀ ਸਮਝ ਤੋਂ ਬਗ਼ੈਰ ਮਹਿਜ਼ ਭਾਸ਼ਾ-ਪ੍ਰਯੋਗ ਨੂੰ ਹੀ, ਲੋਕਾਂ ਤੋਂ ਦੂਰੀ ਦੇ ਪੱਖ ਤੋਂ, ਦੋਸ਼ੀ ਠਹਿਰਾਉਣਾ ਕਿਥੋਂ ਤਕ ਉਚਿਤ ਹੈ? ਇੰਝ ਤਾਂ ਹਰ ਵਿਗਿਆਨੀ, ਮਾਹਿਰ ਤੇ ਵਿਸ਼ੇਸ਼ੱਗ ਲੋਕ-ਹਿਤਾਂ ਦਾ ਵਿਰੋਧੀ ਗਰਦਾਨਿਆ ਜਾਵੇਗਾ। ਦਰੁਸਤ ਪਹੁੰਚ ਇਹ ਨਹੀਂ ਕਿ ਸ਼ਬਦ-ਭੰਡਾਰ ਦੇ ਵਿਸਤਾਰ ਉਤੇ ਪਾਬੰਦੀ ਰਾਹੀਂ ਭਾਸ਼ਾ ਦੇ ਵਿਕਾਸ ਨੂੰ ਰੋਕ ਕੇ ਆਪਣੇ ਗਿਆਨ ਦੀ ਪੱਧਰ ਤਕ ਸੀਮਤ ਕੀਤਾ ਜਾਵੇ ਸਗੋਂ ਇਸਦੇ ਉਲਟ ਲੋੜ, ਬੌਧਿਕ ਤੇ ਭਾਸ਼ਾਈ ਗਿਆਨ ਦੇ ਪੱਖ ਤੋਂ, ਖ਼ੁਦ ਆਪਣੇ ਤੇ ਵਿਸ਼ਾਲ ਜਨ-ਸਮੂਹ ਦੇ ਪੱਧਰ ਨੂੰ ਉਚਾ ਚੁੱਕਣ ਦੀ ਹੈ।

[ਰਘਬੀਰ ਸਿੰਘ]

---

## **ਸੋਚ ਲੈ**/ਸੁਰਜੀਤ ਖ਼ੁਰਸ਼ੀਦੀ

(ਰਘੁਬੀਰ ਢੰਡ ਦੇ ਨਾਂ ਇਕ ਖ਼ਤ)

ਢੰਡ, ਕਦੇ ਸੋਚਿਐ? ਅਜੀਂ ਏਥੇ ਤੇਰੇ ਪੰਜਾਬ ਵਿਚ
ਬੁਧੀਮਾਨ ਹੋਣ ਦੇ ਜੁਰਮ ਨੂੰ, ਮੁਆਫ਼ ਨਹੀਂ ਕਰਦੇ।
ਬਿਲਕੁਲ ਨਹੀਂ ਜਰਦੇ।

ਤੂੰ ਸਮਝਦਾ ਹੈਂ ਕਿ ਦੂਰ ਹੋਣ ਕਰਕੇ
ਸਾਡੇ ਸੋਧ-ਕਾਰਜ ਖੇਤਰ ਤੋਂ, ਬਚਿਆ ਹੋਇਆ ਹੈਂ?
ਬਚਿਆ ਰਹੇਂਗਾ ਵੀ? ਇਹ ਤੇਰੀ ਭੁੱਲ ਹੈ ਢੰਡ!
ਅਸੀਂ ਤਾਂ ਤੈਨੂੰ ਤਿਲ ਤਿਲ ਕਰਕੇ,
ਤੈਨੂੰ ਕੋਹ ਕੋਹ ਕੇ, ਮੁਕਾ ਰਹੇ ਹਾਂ।
ਥੋੜਾ ਜਿਹਾ ਜੇਮਲ ਪੱਡਾ ਦੇ ਨਾਲ
ਥੋੜਾ ਜਿਹਾ ਕੋਮਲ-ਭਾਵੀ ਪਾਸ਼ ਦੇ ਨਾਲ
ਕੁਝ ਕੁ **ਰੋਸ਼ਨ-ਜ਼ਮੀਰ ਰਵੀ** ਦੇ ਨਾਲ
ਥੋੜਾ ਥੋੜਾ, ਰੋਜ਼ ਰੋਜ਼।

ਬੁੱਧ-ਵਾਨ ਏਥੇ ਹੋਵੇ, ਭਾਵੇਂ ਓਥੇ, ਸੱਤ ਸਮੁੰਦਰ ਪਾਰ
ਅਸੀਂ ਤਾਂ ਸੋਧ ਹੀ ਦੇਣਾ ਹੈ ਭਲਿਆ।

ਆਪਣੀ ਕਲਮ ਨੂੰ ਤੋੜਦੇ, ਦਿਮਾਗ ਨੂੰ ਸੁੰਨ ਕਰਕੇ ਰੱਖ
ਨਹੀਂ ਤਾਂ ਮੁਕਾ ਦਿਆਂਗੇ ਤੇਰੀ ਵੀ ਅਲਖ
ਪੰਜਾਬੀ, ਪੰਜਾਬੀਅਤ, ਪੰਜਾਬ —ਕੋਈ ਚੀਜ਼ ਨਹੀਂ ਹੈ ਜਨਾਬ!
ਭੁੱਲਿਆ ਨਾ ਫਿਰ, ਸੋਚ ਲੈ! □

[ਪਿੰਡ ਤੇ ਡਾ. ਕੋਟ ਗੰਗੂ ਰਾਏ, ਰਾਹੀਂ ਕਟਾਣੀ ਕਲਾਂ, ਜ਼ਿਲਾ ਲੁਧਿਆਣਾ]

ਬੈਲੱਡ

# ਨੀਲਾਂਖੀ ਜਿਸਦਾ ਨਾਂ ਦੋਲਮਾ ਸੀ

ਪਿਆਰਾ ਸਿੰਘ ਸਹਿਰਾਈ

[ਦੋਲਮਾ, ਪੰਜਾਂ ਛੇਆਂ ਵਰ੍ਹਿਆਂ ਦੀ ਤਿੱਬਤੀ ਕੁੜੀ, 1950ਵਿਆਂ ਦੇ ਅੰਤ 'ਤੇ, ਤਿੱਬਤੀ ਲੋਕਾਂ ਦੇ ਵਿਦਰੋਹ ਦੇ ਨਿਹਫਲ ਰਹਿਣ ਪਿਛੋਂ, ਆਪਣੇ ਲੋਕਾਂ ਨਾਲ ਬਕਰੋਟੇ, ਡਲਹੌਜ਼ੀ ਪੱਜ ਗਈ—ਰਾਹ ਵਿਚ ਆਪਣੇ ਮਾਪਿਆਂ ਨਾਲੋਂ ਵਿਛੜ ਗਈ ਸੀ। ਉਹ ਆਪਣੇ ਮਾਪਿਆਂ ਤੇ ਮਾਂ-ਭੂਮੀ ਨੂੰ ਉਕਾ ਹੀ ਵਿਸਾਰ ਨਾ ਸਕੀ ਅਤੇ ਚੌਦਾਂ-ਪੰਦਰਾਂ ਦੀ ਉਮਰੇ, ਮਾਂ ਤੇ ਆਪਣੀ ਜਨਮਭੂਮੀ ਲਈ ਸਹਿਕਦੀ ਪੂਰੀ ਹੋ ਗਈ। ਇਹ ਗਾਥਾ ਇਤਿਹਾਸ ਵਿਚ ਜੰਗਾਂ ਯੁੱਧਾਂ ਦੇ ਦੌਰਾਨ ਆਪਣੀਆਂ ਭੂਮੀਆਂ ਤੇ ਮਾਪਿਆਂ ਨਾਲੋਂ ਵਿਛੜੇ ਬੱਚਿਆਂ ਦੀ ਤ੍ਰਾਸਦੀ ਦੀ ਪ੍ਰਤੀਕ ਹੈ ਅਤੇ ਸਾਰ ਰੂਪ ਵਿਚ ਦੋਲਮਾ ਦੀ ਵਾਰਤਾ ਹੈ, ਅਤੇ ਨੀਲੀਆਂ ਅੱਖਾਂ ਵਾਲੀ ਏਸੇ ਬਾਲੜੀ ਨੂੰ ਸਮਰਪਤ।]

ਨੀਲ ਕਮਲ ਦੀਆਂ ਜਿੱਥੇ ਝੀਲਾਂ,
ਜਿਉਂ ਜਿਉਂਦੇ ਪਰਬਤ ਦੀਆ ਅੱਖੀਆਂ,
ਪੌਣਾਂ ਬਾਤਾਂ ਪਾਵਣ ਕਿਸੇ
ਰਹੱਸ ਦੀਆਂ।

ਗਾਉਂਦੇ ਨੇ ਸਵਤੰਤਰ ਝਰਨੇ,
ਸੁਪਨੇ ਲੀਤੇ ਗੱਭਰੂਆਂ ਨੇ
ਮੁਟਿਆਰਾਂ ਦੀਆਂ ਸੱਧਰਾਂ ਭਰਦੀਆਂ
ਚੁੰਗੀਆਂ।

ਗ਼ੈਰਾਂ ਨੇ ਹਥਿਆ ਇਹ ਖ਼ਿੱਤਾ,
ਸਭਿਆਚਾਰ ਆਪਣਾ ਮੜ੍ਹ ਦਿੱਤਾ,
ਕੀਤਾ ਵਿਦਰੋਹ, ਦੇਸ ਪਿਆ ਸੀ
ਛੱਡਣਾ।

ਘਰ ਛੱਡੇ ਤੇ ਮੰਦਰ ਛੱਡੇ,
ਧਰ ਨਾਲੋਂ ਕੁੱਲ ਰਿਸ਼ਤੇ ਵੱਢੇ,
ਤੰਦਾਂ ਟੁੱਟੀਆਂ, ਲਗਰਾਂ ਜਿੰਦਾਂ
ਟੁਟਦੀਆਂ।

ਸੱਤ ਧਾਰਾ ਉਹਨੂੰ ਕੁਝ ਕਹਿੰਦੀ,
ਕਦੇ ਕਦੇ ਏਥੇ ਆ ਬਹਿੰਦੀ,
ਬਾਤਾਂ ਪੈਂਦੀਆਂ ਸੁਣਦੀਆਂ ਆਪਣੀ
ਜੂਹ ਦੀਆਂ।



ਓਵੇਂ ਹੀ ਝਰਨੇ ਦੀ ਝਰ ਝਰ,
ਵਣ-ਬਿਛਾਂ ਦੀ ਓਵੇਂ ਸਰ ਸਰ,
ਵਾਦੀਆਂ ਨੈਣੀਂ ਖ਼ਾਬ ਓਵੇਂ
ਲਟਕਾਂਦੀਆਂ।

ਲੱਖ ਪਰਦੇਸੀ ਹੋਵਣ ਚੰਗੇ,
ਪਰ ਰੂਹ ਤਾਂ ਕੁਝ ਹੋਰ ਹੀ ਮੰਗੇ,
ਜਣਨੀ ਭੋਂ ਦੀ ਮਮਤਾ, ਚੁੰਮੀਆਂ
ਮਾਂ ਦੀਆਂ।

ਮਾਂ ਭੂਮੀ ਦਾ ਏਡ ਵਿਗੋਚਾ,
ਬਣਿਆਂ ਰਿਸਦਾ ਜ਼ਖ਼ਮ ਚਿਰੋਕਾ,
ਜਿਥੇ ਇਸ ਹਿਰਨੋਟੀ ਭਰੀਆਂ
ਚੁੰਗੀਆਂ।

ਜਨਮ-ਭੋਇੰ ਨਾਲੋਂ ਉਹ ਟੁੱਟੀ,
ਮਾਂ ਨਾਲੋਂ, ਪਿਉ ਨਾਲੋਂ ਵਿਛੜੀ,
ਪੱਥਰ 'ਤੇ ਬੈਠੀ ਦੀਆਂ ਭੁੱਬਾਂ
ਨਿਕਲੀਆਂ।

ਉਹ ਇਸ ਵਾਦੀ ਨੂੰ ਵੀ ਪਿਆਰੇ,
ਸੱਤ ਧਾਰਾ ਮੋਹ ਨਾਲ ਨਿਹਾਰੇ,
ਵਤਨ ਭੁਲਾਉਣਾ ਨਾ ਪਰ ਗੱਲਾਂ
ਵੱਸ ਦੀਆਂ।

ਦੂਰ ਵਤਨ ਤੋਂ ਰੂਹ ਕੁਰਲਾਂਦੀ,
ਜਿੰਦ ਮਸੂਮ ਟੁੱਟਦੀ ਜਾਂਦੀ,
ਜਿਵੇਂ ਟੁਟਦੀਆਂ ਸੁਰਾਂ ਕਿਸੇ
ਨਗ਼ਮੇਂ ਦੀਆਂ।

ਬਿਰਹੋਂ ਦਾ ਰਹੇ ਡਸਦਾ ਕੀੜਾ,
ਅੰਦਰ ਦੀ ਇਹ ਸਗਲੀ ਪੀੜਾ,
ਪੀ ਲੈਂਦੀ ਅੰਦਰੇ ਹੀ, ਅੱਖਾਂ
ਬਲਦੀਆਂ।

ਸੁਪਨਿਆਂ ਦੇ ਖੰਭਾਂ 'ਤੇ ਉਡਦੀ,
ਕਈ ਵਾਰ ਪਿੰਡ ਅਪਣੇ ਪੁਜਦੀ,
ਮਾਂ, ਚਾਚੀਆਂ, ਤਾਈਆਂ ਸਦਕੇ
ਜਾਂਦੀਆਂ।

ਧੁੱਪ ਹੋ ਜਾਂਦੀ ਕੁੱਝ ਵੱਧ ਕੋਸੀ,
ਕੁੱਝ ਵੱਧ ਮਿੱਠਾ ਗਾਉਂਦੇ ਪੰਛੀ,
ਰਾਤਾਂ ਵੀ ਹੋ ਜਾਵਣ ਕੁੱਝ ਵੱਧ
ਕੂਲੀਆਂ।

ਤਾਰਿਆਂ ਨਾਲ ਉਹ ਗੱਲਾਂ ਕਰਦੀ,
ਸੁਸਤੀ ਟੁੱਟਦੀ, ਹਉਕਾ ਭਰਦੀ,
ਅੱਥਰੂ ਬਣ ਵਹਿ ਤੁਰਦੀਆਂ ਪੀੜਾਂ
ਸਗਲੀਆਂ।

ਯਾਦ ਵਤਨ ਦੀ ਤਿੱਖੀ ਹੁੰਦੀ,
ਆਲਾ-ਦੁਆਲਾ ਸਭ ਵਿਸਰਾਂਦੀ,
ਖ਼ਲਾ ਫੈਲਦੀ ਜਾਵੇ, ਵਾਜ਼ਾਂ
ਚੁੱਪ ਦੀਆਂ।

ਫਿਰ ਧੁਰ ਅੰਦਰ ਨਗ਼ਮਾ ਛਿੜਦਾ,
ਅਤੇ ਵਕਤ ਦਾ ਦਰ ਹੈ ਭਿੜਦਾ,
ਆਦਿ ਕਾਲ ਤੋਂ ਗੰਵਿਆਂ ਜਿੰਦਾਂ
'ਕੱਲੀਆਂ।

ਵਤਨ ਓਸਦਾ ਧੁੰਦ-ਲਿਪਟਿਆ,
ਵਾਜਾਂ ਮਾਰੇ ਪੀੜ-ਗ੍ਰੱਸਿਆ,
ਸੱਤੇ ਖ਼ੈਰਾਂ ਤੇਰੀਆਂ! ਜੁੜੀਆਂ
ਬਿਰਤੀਆਂ।

ਸੁੱਤੀ ਸੁੱਤੀ ਜਿੰਦ ਬਰੜਾਵੇ,
ਤੇ ਉੱਠ ਪੈਂਦੀ ਅੱਭੜਵਾਹੇ,
ਸੋਗਵਾਰ ਭਟਕਣ ਰੂਹਾਂ
ਵੱਛਿਆਂ ਦੀਆਂ।

ਵਿਚ ਹਨੇਰੇ ਤੁਰਦੀ ਤੁਰਦੀ,
ਭਾਲ ਕਰੇਂਦੀ ਬੇਸੁੱਧ ਘਰ ਦੀ।
ਢੰਦੀ ਤੋਂ ਉਹ ਡਿੱਗੀ, ਚੀਕਾਂ
ਨਿਕਲੀਆਂ।

ਇਸ ਪਰਦੇਸੀ ਧਰਤੀ ਉੱਤੇ,
ਤੇ ਇਸ ਉਦਰੇਵੇਂ ਦੀ ਰੁੱਤੇ,
ਫੁੱਲ ਅਧਖਿੜਿਆ ਟੁੱਟਿਆ, ਰੋਈਆਂ
ਪੱਤੀਆਂ।

ਬਕਰੋਟੇ ਦੇ ਵਣ ਵਿਚ ਅੱਜ ਵੀ,
ਗੂੰਜੇ ਕੂਲੀ ਵਾਜ ਓਸ ਦੀ,
ਸਿੱਕ ਵਤਨ ਦੀ ਭਰਦੀ ਸੁਣਦੀ
ਸਿਸਕੀਆਂ। □

[188-ਬੀ, ਪੌਕਟ-1, ਫੇਜ਼ 1, ਮਯੂਰ ਵਿਹਾਰ, ਦਿੱਲੀ-110091]



## ਪ੍ਰਭ ਜੀ!

ਸੁਖਬੀਰ

ਪ੍ਰਭ ਜੀ, ਇਹ ਕੀ ਕਲਾ ਵਖਾਈ
ਗੁਰਧਾਮਾਂ ਵਿਚ ਸਿਆਸਤ ਨੰਗੀ ਹੋ ਕੇ ਨੱਚੀ
ਇੱਟ ਨਾਲ ਇੱਟ ਖੜਕਾਈ
ਪੂਜਨੀਕ ਪੱਥਰ ਤਕ ਟੁੱਟੇ
ਸਰਦਲਾਂ, ਪਉੜੀਆਂ, ਡਿਉੜੀਆਂ ਢੱਠੀਆਂ
ਪੂਰਬਲੇ ਜਨਮਾਂ ਦੇ ਪਾਪਾਂ ਦਾ ਸੀ ਫਲ ਇਹ
ਜਾਂ ਇਸ ਜਨਮ ਜੋ ਕੂੜ ਕਮਾਏ
ਸਜ਼ਾ ਉਹਨਾਂ ਦੀ ਦਿੱਤੀ
ਧਰਮ-ਕਰਮ ਦੀ ਅਲਖ ਮੁਕਾਈ
ਇਹ ਕੀ ਕਲਾ ਵਖਾਈ।

ਪ੍ਰਭ ਜੀ, ਇਹ ਕੀ ਕਰਮ ਕਮਾਇਆ
ਧਰਮ ਦੇ ਬੋਲ ਕੁਬੋਲ ਬਣੇ ਨਫ਼ਰਤਾਂ 'ਚੋਂ ਰਿਸਚੇ
ਗੁਰੂ ਘਰਾਂ ਵਿਚ ਸਿਆਸੀ ਸੰਤ ਮਹੰਤ ਬਣੇ ਹੋਏ
ਲੁੱਟਾਂ-ਡਾਕੇ, ਜਬਰ-ਜਨਾਹ ਤੇ ਕਤਲੋਗਾਰਤ
ਪਈ ਦੁਹਾਈ
ਆਖਿਰ ਜੰਮ ਕਰ ਫੌਜ ਚੜ੍ਹਾਈ
ਭਗਤਾਂ ਭਾਵੇਂ ਹਰ ਪਲ ਤੈਨੂੰ ਬਹੁਤ ਧਿਆਇਆ
ਪਰ ਪਾਪਾਂ ਦੀ ਖੱਟੀ ਆਖਿਰ ਰੰਗ ਲਿਆਈ
ਹਰ ਥਾਂ ਪਸਰਿਆ ਮੌਤ ਦਾ ਸਾਇਆ
ਇਹ ਕੀ ਕਰਮ ਕਮਾਇਆ।

ਪ੍ਰਭ ਜੀ, ਤੇਰੀ ਲੀਲਾ ਨਿਆਰੀ
ਭਾਵੇਂ ਤੂੰ ਸੱਚਾ ਸਾਹਿਬ ਹੈਂ
ਪਰ ਹਰ ਪਾਸੇ ਤੇਰਾ ਕੂੜ-ਪਸਾਰਾ
ਤੇ ਇਹ ਕਿਹੀ ਹੈ ਤੇਰੀ ਮਾਇਆ
ਕਿ ਤੂੰ ਪਾਪੀਆਂ ਨੂੰ ਸੋਧਣ ਲਈ
ਸੱਚਾ ਤਖ਼ਤ ਢਹਾਇਆ
ਮੁੜ ਬਣਵਾਇਆ
ਭਗਤਾਂ ਹੱਥੋਂ ਫੇਰ ਢਹਾਇਆ
ਤੇ ਮੁੜ ਥਾਪੀ ਗੁਰੂ-ਘਰਾਂ ਵਿਚ
ਪੂਜਾ ਦਾ ਧਨ ਖਾ-ਖਾ ਭ੍ਰਸ਼ਟੀ
ਸਿਆਸਤ ਦੀ ਸਿਕਦਾਰੀ। ਤੇਰੀ ਲੀਲਾ ਨਿਆਰੀ!

[ਬੀ-19, ਸੰਨ ਐਂਡ ਸੀ, ਵਰਸੋਵਾ ਰੋਡ, ਬੰਬਈ-61]

## ਪੰਦਰਾਂ ਅਗਸਤ/ਮੇਜਰ ਪਿਆਰਾ ਸਿੰਘ

ਹਰ ਵਾਰੀ ਇਸ ਰਿੱਝਦੀ ਰੁੱਤੇ,
ਕਿਸੇ ਲਿਜਲਿਜੇ ਹੁੰਮਸੇ ਦਿਨ ਦੇ ਮੋਢੀਂ ਬਹਿ ਕੇ,
ਜਾਗਦਿਆਂ ਹੀ, ਬਿਨ-ਚਿਹਰਾ, ਬੇ-ਨਕਸ਼-ਨੈਣ, ਅੰਗਹੀਣ ਜਿਹਾ ਇਕ ਸੁਪਨਾ ਆਵੇ
ਅਣਖਿੜੀਆਂ ਰੁੱਤਾਂ ਦੀ ਕੂਲੀ, ਸੂਹਲ, ਕੁਆਰੀ ਨੀਂਦਰ
ਲੀਰ ਲੀਰ ਕਰ ਜਾਵੇ ।

ਇਸਦੀਆਂ ਪਾਟੀਆਂ ਹੱਥ-ਤਲੀਆਂ 'ਤੇ, ਬੁਝੇ ਹੋਏ ਕਈ ਦੀਪ ਟਿਕੇ ਨੇ
ਜੀਹਨਾਂ ਵਿਚੋਂ, ਲੋਅ ਦੀ ਥਾਵੇਂ, ਫੁੱਟ ਰਹੇ ਨੇ
ਕਾਲੇ, ਸੰਘਣੇ, ਧੂੰਅ-ਵਰੋਲੇ, ਸਾਹਾਂ ਵਿਚ ਕੁੜੱਤਣ ਘੋਲਣ
ਪੈਰੀਂ ਇਸਦੇ ਖੁਭੀਆਂ ਹੋਈਆਂ, ਵੰਨ-ਸੁਵੰਨੀਆਂ, ਰੰਗ-ਬਰੰਗੀਆਂ
ਤਿੜਕੇ ਕੌਲ-'ਕਰਾਰ, ਮੋਏ ਵਿਸ਼ਵਾਸ ਦੀਆਂ, ਲੱਖ ਕੱਚ-ਕੀਚਰਾਂ ।

ਕੁਝ ਇਕ ਕਸਬੀ ਬੰਦੇ, ਪੀੜ ਪੀੜ ਇਸ ਆਮਦ ਦਾ, ਰਲ ਮਿਲ ਕੇ ਜਸ਼ਨ ਮਨਾਣ
ਧਰਤੀ ਦੀ ਭੁੱਖ-ਪਿਆਸੀ ਵੇਦਨ, ਮੰਤਰ ਪੜ੍ਹ ਵਰਚਾਣ ।

ਉੱਚ-ਭਵਨ ਦੀਆਂ ਮਮਟੀਆਂ ਉਤੋਂ, ਘਸੇ ਹੋਏ ਕੁਝ ਬੋਲ ਪੁਰਾਣੇ
ਨਵੇਂ ਚੋਪੜੇ ਮੂੰਹਾਂ ਵਿਚੋਂ, ਪੱਥਰਾਂ ਵਾਂਗੂੰ ਵਰ੍ਹਦੇ
ਆਉਣ ਵਾਲਿਆਂ, ਤਿੰਨ ਸੌ ਚੌਠ ਦਿਨਾਂ ਦਾ ਸੀਨਾ, ਛਾਨਣੀ ਛਾਨਣੀ ਕਰਦੇ
ਵਿੰਹਦਿਆਂ, ਵਿੰਹਦਿਆਂ, ਰੁੰਡ-ਮੁੰਡ, ਅੰਗਹੀਣ ਜਿਸਮ 'ਤੇ
ਲਵੇ ਲਵੇ ਜਹੇ, ਹਰੇ ਕਚੂਰ ਲਾਰਿਆਂ ਦਾ, ਇਕ ਜੰਗਲ ਉਗਦਾ
ਇਸ ਜੰਗਲ ਵਿਚ, ਰੁੱਖ ਹੀ ਰੁੱਖ ਨੇ, ਛਾਂ ਨਾ ਕਿਧਰੇ
ਸਿਰ 'ਤੇ, ਕਹਿਰ-ਕੜਕਦੀ ਧੁੱਪ ਤੋਂ,
ਉਹਲੇ ਲਈ ਕੋਈ ਥਾਂ ਨਾ ਕਿਧਰੇ ।

ਤਵਾਰੀਖ ਨੂੰ ਕਿਹਾ ਸਰਾਪ !
ਹਰ ਵਾਰੀ, ਇਸ ਧੁਖਦੀ ਰੁੱਤੇ,
ਕਿਸੇ ਲਿਜਲਿਜੇ, ਹੁੰਮਸੇ ਦਿਨ ਦੀ, ਮਟਮੈਲੀ, ਛਿੱਜੀ ਜਹੀ ਚਾਦਰ ਉਹਲੇ
ਸੱਜਰੇ ਗਰਭ-ਪਾਤ ਦੀ ਪੀੜ ਹੰਢਾਵੇ
ਫਿਰ ਬੇਸ਼ਰਮ ਲੀਕ ਦੇ ਪਰਲੇ ਪਾਰ, ਕੱਚ-ਸੂਤਕ ਦੇ ਅੱਧ ਵਿਚਕਾਰ
ਕੂੜ-ਕਪਟ ਦੀ ਸੇਜ ਹੰਢਾਵੇ
ਮੁੜ ਅਗਲੀ ਹੁੰਮਸੀ ਹੋਈ ਰੁੱਤੇ
ਮੁੜ੍ਹਕੋ-ਮੁੜ੍ਹਕੀ, ਏਸੇ ਦਿਨ ਦੇ, ਮੈਲ-ਕੁਚੈਲੇ ਬਿਸਤਰ ਉੱਤੇ
ਬਿਨ-ਚਿਹਰਾ, ਬੇ-ਨਕਸ਼-ਨੈਣ, ਅੰਗਹੀਣ ਜਿਹਾ ਇਕ ਲਹੂ-ਲੋਥੜਾ ਜਨਮੇ □

[1954, ਫੇਜ਼-10, ਮੋਹਾਲੀ]



## ਕੇਸ ਵਾਹ, ਜਿਉਣੀਏ !

ਮੋਹਨ ਭੰਡਾਰੀ

ਮੇਰੇ ਲਈ ਤਾਂ ਇਹ ਚਮਤਕਾਰ ਸੀ । ਤੁਸੀਂ ਅਜਬ ਘਟਨਾ ਕਹਿ ਸਕਦੇ ਹੋ । ਵਾਪਰੀ ਇਹ ਬੁੱਧਵਾਰ ਵਾਲੇ ਦਿਨ । ਤਿੰਨ ਮਈ, 1989 ਨੂੰ । ਕਲਕੱਤੇ ਤੋਂ ਮੇਰਾ ਚਚੇਰਾ ਭਾਈ ਗੁਲਜ਼ਾਰਾ ਆਇਆ । ਨਾਲ ਉਹਦੇ ਇਕ 'ਬੰਗਾਲੀ ਬੁੜ੍ਹਾ । ਨਾਉਂ ਨਿਖਲੇਸ਼ ਬਸੂ । ਚਿਹਰੇ ਉਤੇ ਉੱਭਰਵੀਆਂ ਝੁਰੜੀਆਂ । ਦੰਦ ਪੀਲੇ । ਅੱਖਾਂ ਉਤੇ ਸੁਨਹਿਰੀ ਫਰੇਮ ਆਲੀਆਂ; ਪਤਲੇ, ਸਾਫ, ਸ਼ੀਸ਼ਿਆਂ ਦੀਆਂ ਐਨਕਾਂ । ਸਿਰ ਦੇ ਵਾਲ ਬਹੁਤ ਹੀ ਘੱਟ ਪਰ ਕਰੀਨੇ ਨਾਲ ਵਾਹੇ ਹੋਏ । ਗਹਿਰੇ ਭੂਰੇ । ਵਿਚ ਵਿਚ ਕੱਬਰੀ ਧਾਰੀਆਂ । ਤੇੜ ਖੱਦਰ ਦਾ ਕੁੜਤਾ-ਪਜਾਮਾ । ਗਲ 'ਚ ਝੋਲਾ ਖਾਦੀ ਦਾ । ਜਿਸ ਵਿਚ ਦੋ ਤਿੰਨ ਕਿਤਾਬਾਂ, ਅਖ਼ਬਾਰ, ਤੌਲੀਆ ਤੇ ਕੰਘਾ । ਉਸ ਦਿਨ ਮੇਰੇ ਬਾਪੂ ਦਾ ਭੋਗ ਸੀ ।

ਬਾਪੂ ਦੀ ਅੰਤਿਮ-ਇੱਛਾ ਸੀ ਕਿ ਉਹਦੇ ਮਰਨ 'ਤੇ ਨਾ ਕੋਈ ਰੋਵੇ, ਨਾ ਕੋਈ ਧਾਰਮਿਕ ਰਹੁ-ਰੀਤ ਕੀਤੀ ਜਾਵੇ, ਭੋਗ ਦੇ ਇਸ਼ਤਿਹਾਰ, ਕਾਰਡ ਨਾ ਛਪਵਾਏ ਜਾਣ । ਨਾ ਹੀ ਕਿਸੇ ਨੂੰ ਤਕਰੀਰ ਕਰਨ ਦੀ ਆਗਿਆ ਦਿੱਤੀ ਜਾਵੇ । "ਕੰਮ ਦੀ ਗੱਲ ਕਿਸੇ ਕਰਨੀ ਨਹੀਂ, ਐਮੇਂ ਖੌਰੂ ਪਾਈ ਜਾਣਗੇ ...... ।" ਬਾਪੂ ਨੇ ਆਖਿਆ ਸੀ ।

ਗੁਲਜ਼ਾਰੇ ਨੇ ਉਸ ਬੰਗਾਲੀ ਬੁੜ੍ਹੇ ਨੂੰ ਦੱਸਿਆ ਸੀ ਕਿ ਉਹਦਾ ਤਾਇਆ ਕਵੀਸ਼ਰ ਸੀ । ਲੋਕ-ਕਵੀ । ਲਿਖਦਾ ਸੀ ਰਵਾਇਤੀ ਛੰਦ । ਕੋਰੜਾ, ਦੋਹਰਾ, ਬੈਂਤ । ਪੂਰੇ ਛੇ ਚਿੱਠੇ ਲਿਖੇ ਸਨ ਉਹਨੇ, ''ਜੰਨ, ਚਾਹ ਤੇ ਲੱਸੀ ਦਾ ਝਗੜਾ, ਨੂੰਹ-ਸੱਸ ਦੀ ਲੜਾਈ, ਜੈਤੋ ਦਾ ਮੋਰਚਾ, ਮਲਵਈ ਜੋਧੇ, ਮਾਲਵੇ ਦੀਆਂ ਸ਼ੁਕੀਨ ਨਾਰੀਆਂ ।'' ਇਹਨਾਂ 'ਚੋਂ ਛਪਿਆ ਕੇਵਲ 'ਜੰਨ' । ਬਾਕੀ ਅਣਛਪੇ ਪਏ ਨੇ । ਦੋ ਤਿੰਨ ਹੋਰ ਕਾਪੀਆਂ ਨੇ, ਜਿਹਨਾਂ 'ਚ ਨੇ ਵਿਕੋਲਿਤਰੇ ਛੰਦ ਤੇ ਵੈਦਗੀ ਨੁਸਖ਼ੇ ।

ਗੱਲਾਂ ਗੱਲਾਂ 'ਚ ਗੁਲਜ਼ਾਰੇ ਨੇ ਇਹ ਵੀ ਦੱਸ ਦਿੱਤਾ ਕਿ ਮੈਂ ਦਹਿਸ਼ਤਗਰਦੀ ਵੱਲ ਪ੍ਰੇਰਿਆ ਗਿਆ ਸਾਂ । ਤਿੰਨ, ਸਾਢੇ ਤਿੰਨ ਮਹੀਨੇ ਅਤਿਵਾਦੀ ਗਤੀਵਿਧੀਆਂ ਸਦਕਾ ਰੂਪੋਸ਼ ਰਿਹਾਂ । ਫੇਰ ਏਸ ਚੱਕਰਵਿਊ 'ਚੋਂ ਨਿਕਲਕੇ ਘਰ ਪਰਿਵਾਰ 'ਚ ਰਚ ਮਿਚਕੇ ਵਿਚਰਨ ਲੱਗ ਪਿਆ । ਗੁਲਜ਼ਾਰੇ ਦੀਆਂ ਗੱਲਾਂ-ਬਾਤਾਂ ਤੋਂ ਉਹ ਪ੍ਰਭਾਵਤ ਹੋਇਆ ਤੇ ਕਲਕੱਤਿਉਂ ਰਮਤੇ ਜੋਗੀ ਵਾਂਗੂ, ਤੇੜ ਦੇ ਤਿੰਨ ਕਪੜਿਆਂ ਨਾਲ ਸਾਡੇ ਪਿੰਡ ਆ ਵੜਿਆ । ਭੋਗ ਦੀ ਗੰਭੀਰ ਘਰੇਲੂ ਬੈਠਕ, ਆਮ-ਫ਼ਹਿਮ ਗੱਲਾਂ, ਪੇਂਡੂਆਂ ਦੇ ਭੋਲੇ-ਭਾਲੇ ਚੁਟਕਲੇ, ਟਿੱਚਰਾਂ, ਮਸ਼ਕਰੀਆਂ ਤੋਂ ਉਹ ਬਹੁਤ ਪ੍ਰਭਾਵਤ ਹੋਇਆ । ਰਵਾਇਤੀ ਜੀਵਨ ਜਿਊਣ ਵਾਲੇ ਮੇਰੇ ਬਾਪੂ ਦੀ ਕ੍ਰਾਂਤੀਕਾਰੀ ਅੰਤਿਮ-ਇੱਛਾ ਨੇ ਤਾਂ ਉਹਨੂੰ ਹੈਰਾਨ ਕਰ ਦਿੱਤਾ ਸੀ ।

ਬਾਹਰਲੇ ਸੂਬੇ ਤੋਂ ਆਏ ਅਜਨਬੀ ਨੂੰ ਪਿੰਡ ਦੇ ਲੋਕ ਚਾਂਭਲ ਚਾਂਭਲ ਮਿਲੇ ਸਨ । ਨਿਆਣਿਆਂ ਲਈ ਤਾਂ ਉਹ ਖਾਸ ਖਿੱਚ ਦਾ ਕੇਂਦਰ ਬਣ ਗਿਆ । ਪੰਜਾਬੀ ਜੋ ਫਰ ਫਰ

ਨਹੀਂ ਤਾਂ ਸੁਹਣੀ-ਸੌਖੀ ਬੋਲ ਲੈਂਦਾ ਸੀ ।

ਕੁਝ ਚਿਰ ਪਿਛੋਂ ਮੈਨੂੰ ਮਹਿਸੂਸ ਹੋਇਆ ਕਿ ਉਹ ਮੇਰੇ 'ਚ ਵਿਸ਼ੇਸ਼ ਰੁਚੀ ਲੈ ਰਿਹਾ ਹੈ । ਮੇਰੀ ਗੱਲ ਉਹ ਉਚੇਚੇ ਧਿਆਨ ਨਾਲ ਸੁਣਦਾ ਅਤੇ ਅੱਖਾਂ ਸੁਕੇੜਦਾ । ਮੇਰੀ ਤੋਰ, ਬੋਲਚਾਲ, ਲੋਕਾਂ ਨਾਲ ਵਰਤਾਓ ਅਤੇ ਹੋਰ ਨਿੱਕੀਆਂ-ਮੋਟੀਆਂ ਮੇਰੀਆਂ ਹਰਕਤਾਂ ਨੂੰ ਉਹ ਏਨੇ ਗਹੁ ਨਾਲ ਭਾਂਪ ਰਿਹਾ ਸੀ ਕਿ ਮੈਨੂੰ ਕੁਝ ਬੇਚੈਨੀ ਹੋਈ । ਮੈਨੂੰ ਉਸ ਉਤੇ ਸ਼ੱਕ ਹੋਣ ਲੱਗਾ । ਤੇ ਮੈਂ ਅੰਦਰੇ ਅੰਦਰ ਡਰ ਜਿਹਾ ਗਿਆ । ਕਿਤੇ ਮੇਰੇ 'ਤੇ ਨਿਗਰਾਨੀ ਰੱਖਕੇ ਉਹ ਕੋਈ ਭੇਤ ਤਾਂ ਨਹੀਂ ਸੀ ਲੈ ਰਿਹਾ ? ਮੈਂ ਸੋਚਣ ਲੱਗ ਪਿਆ ।

'ਆਓ, ਇਕ ਪਾਸੇ ਹਟਕੇ ਗੱਲਾਂ ਕਰੀਏ ।' ਮੈਂ ਉਹਨੂੰ ਪ੍ਰਤਿਆਇਆ ।

'ਨਹੀਂ', ਪਹਿਲਾਂ ਗਾਂਵ ਦੇ ਲੋਕਾਂ ਨਾਲ ਇਧਰ ਉਧਰ ਦੀਆਂ ਬਾਤਾਂ ਕਰ ਲਈਏ । ਫੇਰ ਤੁਮ੍ਹਾਰੇ ਰਿਸ਼ਤਾਦਾਰ ਵੀ ਤਾਂ ਹੈਂ......ਇਨ੍ਹਾਂ ਨੂੰ ਅਟੈਂਡ ਕਰੋ, ਤੁਸ਼ੀਂ; ਰਾਤ ਨੂੰ ਕਰਾਂਗੇ ਗੰਭੀਰ ਗੱਲ੍ਹਾਂ ........ ।' ਉਹਨੇ ਅੱਖਾਂ ਸੁਕੇੜੀਆਂ ।

'ਇਹ ਬੰਦਾ ਕਿਤੇ ਕਿਸੇ ਸਰਕਾਰੀ ਖ਼ੁਫੀਆ ਏਜੰਸੀ ਦਾ ਤਾਂ ਨਹੀਂ ?' ਮੈਂ ਗੁਲਜ਼ਾਰੇ ਨੂੰ ਇਕ ਪਾਸੇ ਲੈ ਜਾਕੇ, ਝਿਜਕਦਿਆਂ, ਮਲਕੜੇ ਪੁੱਛਿਆ ।

ਮੇਰੀ ਗੱਲ ਸੁਣ ਕੇ ਉਹ ਜ਼ੋਰ ਜ਼ੋਰ ਦੀ ਹੱਸਿਆ । ਖੁਲ੍ਹਾ-ਡੁੱਲ੍ਹਾ; ਉਚਾ, ਨਿਝੱਕ ਤੇ ਬੇਬਾਕ ਹਾਸਾ । ਫੇਰ ਕਹਿਣ ਲੱਗਾ," ਓਏ, ਇਹ ਮੇਰਾ ਗੁਆਂਢੀ ਐ......ਵਿਹਲੈ । ਪੈਨਸ਼ਨ ਬਥੇਰੀ ਮਿਲਦੀ ਐ । ਰੰਨ ਇਹਦੀ ਮਰਗੀ । ਤਿੰਨ ਮੁੰਡੇ ਨੇ । ਤਿੰਨੇ ਅਫਸਰ । ਵਿਆਹੇ ਵਰੇ । ਅੰਤ ਐ, ਕੋਈ —ਕਮਾਈ ਦਾ ! ਬੱਸ, ਜਨੂਨੀ ਐਂ, ਐਮੇਂ ਕਮਲਿਆਂ ਮਾਂਗੂੰ ਲਿਖਦਾ-ਪੜ੍ਹਦਾ ਰਹਿੰਦੈ, ਚੱਤੋ ਪਹਿਰ ! ਆਪਣੇ ਮੁਲਕ 'ਚ, ਜਿਹੜੇ ਸੂਬਿਆਂ 'ਚ, ਜਿਥੇ ਜਿਥੇ ਅਤਿਵਾਦ ਫੈਲਿਆ ਹੋਇਐ—ਓਥੇ ਈ, ਝੋਲਾ ਚੱਕ ਕੇ ਭੱਜ ਜਾਂਦੈ । ਲੋਕਾਂ ਨੂੰ ਮਿਲਦੈ, ਉਹਨਾਂ ਦੇ ਘਰੀਂ ਜਾਂਦੈ । ਮੈਂ ਬਥੇਰਾ ਸਮਝਾਇਆ," ਬੁੜ੍ਹਿਆ, ਟਲ ਜਾ—ਮੱਤ ਜਾ ਪੰਜਾਬ । ਤੈਨੂੰ ਭੱਜੇ ਨੂੰ ਜਾਣ ਨਹੀਂ ਦੇਣਗੇ—ਖੇਲਣੇ ਜਿਹੇ ਖਿੰਡਾ ਦੇਣਗੇ—ਤੇਰੇ, ਅਗਲੇ ! ਪਰ ਕਿੱਥੇ ? ਪੀਲੇ ਦੰਦ ਦਿਖਾਤੇ, ਕੱਢ ਕੇ । ਪਿਛੇ ਜਿਹੇ ਤਰਨਤਾਰਨ, ਪੱਟੀ, ਬਟਾਲੇ ਦੇ ਇਲਾਕੇ 'ਚ ਲਗਾਤਾਰ ਦੋ ਮਹੀਨੇ ਫਿਰਦਾ ਰਿਹਾ । ਅਖੇ : ਮੈਂ ਸਰਵੇ ਕਰ ਰਿਹਾਂ—ਨੋਟ ਲੈ ਰਿਹਾਂ । ਫੇਰ ਕਿਤਾਬ ਲਿਖਾਂਗਾ, "ਅਤਿਵਾਦ ਦਾ ਲੋਕਾਂ 'ਤੇ ਪ੍ਰਭਾਵ" ।

ਮੇਰੀ ਜਾਨ 'ਚ ਜਾਨ ਆਈ ।

ਅਸੀਂ ਦੋਵੇਂ ਭਾਈ ਕਿੰਨਾ ਚਿਰ ਉਹਦੀਆ ਗੱਲਾਂ ਕਰਦੇ ਰਹੇ । ਹੱਸਦੇ ਰਹੇ ।

... ... ...

ਉਸ ਰਾਤ ਨਿਖ਼ਲੇਸ਼ ਬਾਬੂ ਨਾਲ ਰੱਜ ਕੇ ਗੱਲਾਂ ਹੋਈਆਂ । ਸਭ ਤੋਂ ਪਹਿਲਾਂ ਮੈਨੂੰ ਉਹਦੇ ਅਧਿਐਨ ਨੇ ਪ੍ਰਭਾਵਤ ਕੀਤਾ । ਪੰਜਾਬ ਦੇ ਇਤਿਹਾਸ, ਰਹੁ-ਰੀਤਾਂ, ਪੰਜਾਬੀਆਂਦੇ ਸੁਭਾਅ, ਰੁਚੀਆਂ ਬਾਰੇ ਉਹ ਇਉਂ ਗੱਲਾਂ ਕਰ ਰਿਹਾ ਸੀ ਜਿਵੇਂ ਆਪ ਪੰਜਾਬੀ ਹੋਵੇ । ਖੁਭ ਕੇ ਗੱਲਾਂ ਕਰਦਾ ਸੀ ਉਹ । ਮੁਗਲਾਂ/ਅੰਗਰੇਜ਼ਾਂ ਨਾਲ ਹੋਈਆਂ ਲੜਾਈਆਂ, ਰਾਜਿਆਂ ਦਾ ਆਪਹੁਦਰਾਪਣ, ਉਹਨਾਂ ਦੇ ਚੋਚਲਿਆਂ ਬਾਰੇ ਤਾਂ ਉਹ ਗੱਲਾਂ ਕਰਦਾ ਈ ਸੀ, ਪਰ ਵਧੇਰੇ ਰੁਚੀ ਉਹਦੀ ਪੰਜਾਬ ਦੇ ਕ੍ਰਾਂਤੀਕਾਰੀਆਂ ਵੱਲ ਸੀ ।



ਹੁਣ ਦਹਿਸ਼ਤਵਾਦ ਵੱਲ !

"ਖਾਲਿਸਤਾਨ ਬਣਜੂ ?" ਮੈਂ ਸਿੱਧਾ ਸਵਾਲ ਦਾਗਿਆ ।

"ਯਿਹ, ਤੂੰ ਕਹਿਦਾ ਹੈਂ ?" ਉਹ ਮੇਰੇ ਵੱਲ ਦੇਖ ਕੇ ਚੌਂਕਿਆ । ਏਨੀ ਛੇਤੀ ਉਹ ਇਸ ਸਵਾਲ ਲਈ ਤਿਆਰ ਨਹੀਂ ਸੀ । ਉਹਨੇ ਅੱਖਾਂ ਸੁਕੇੜੀਆਂ, ਸੋਚਿਆ ਤੇ ਬੋਲਿਆ," ਇਸ ਤਰ੍ਹਾਂ ਨਹੀਂ. ਵੈਸੇ ਯਿਹ, ਕੋਈ ਅਨਹੋਨੀ ਬਾਤ ਤੋ ਨਹੀਂ । ਪਰ ਲੋਗਾਂ ਨੂੰ ਕੋਈ ਫਰਕ ਨਹੀਂ ਪੈਨਾ...ਮੇਰਾ ਮਤਲਬ ਹੈ ਆਮ ਲੋਗਾਂ ਨੂੰ । ਉਹ ਬਿੰਦ ਕੁ ਰੁਕਿਆ, ਸਾਹ ਲਿਆ, ਫੇਰ ਬੋਲਿਆ," ਪਾਕਿਸਤਾਨ ਬੀ ਤਾਂ ਬਨਿਆ ਹੀ ਸੀ—ਕੀ ਫ਼ਰਕ ਪਿਆ ਸ਼ੋਚੋਂ...... ।"

"ਆਨੰਦਪੁਰ ਸਾਹਬ ਰੇਜ਼ੂਲੂਸ਼ਨ..." ਮੈਂ ਗੱਲ ਕਰਨ ਹੀ ਲੱਗਾ ਸੀ ਕਿ ਉਹਨੇ ਸਿਰ ਮਾਰਿਆ ।

"ਠੀਕ ਹੈ ! ਮੈਂ ਸਭ ਪੜ੍ਹੇ ਹੈਂ......ਇਹਨਾਂ ਵਿਚ ਹਾਨੀ ਵਾਲੀ ਬਾਤ ਕਿਆ ਹੈ ? ਬੋਲੀਏ ।" ਫੇਰ ਆਪੇ ਬੋਲਿਆ," ਨਹੀਂ, ਕੋਈ ਨਹੀਂ ।" ਉਹ ਸਵੈ-ਭਰੋਸੇ ਨਾਲ ਗੱਲਾਂ ਕਰ ਰਿਹਾ ਸੀ ।

"ਖਾਲਸਾ ਜੀ ਦਾ ਬੋਲ-ਬਾਲਾ..... ?" ਮੈਂ ਨੁਕਤਾ ਚੱਕਿਆ ।

"ਓਹ ਫਿਕਰਾ ?" ਉਹ ਹੱਸਿਆ ।

"ਹਾਂ ਅ !" ਮੈਂ ਗੰਭੀਰ ਹੋ ਗਿਆ ਸਾਂ ।

"ਇਹਦੀ ਡਰਾਫਟਿੰਗ ਕਿਸ ਨੇ ਕੀਤੀ ?......ਚਲੋ ਸ਼ੱਡੋ ...ਮੁਦਾਅ ਪਕੜੋ... ਮੁਦਾਅ ਯਿਹ ਹੈ ਕਿ ਇਹ ਸਮਝਦਾਰੀ ਵਾਲੀ ਬਾਤ ਮਾਲੂਮ ਨਹੀਂ ਹੋਤੀ......ਮਾਂਗ ਕਰ ਥੋੜਾ ਲਏ ਜਾਂਦੇ ਹਨ," ਬੋਲ-ਬਾਅਲੇ ।" ਯਿਹ ਤੋਂ ਬੱਸ ਹੋਂਦੇ ਹਨ । ਖਾਲਸੇ ਜੀ... ਜਿਥੇ ਹੋਵੇਂਗੇ.. ...ਬੋਲ-ਬਾਅਲਾ ...ਉਥੇ ਹੀ ਹੋ ਜਾਏਗਾ.. ਆਪਨੇ ਆਪ । ਬਾਹਰ ਕੇ ਮੁਲਕੋਂ ਬਿੱਚ ਵੇਖ ਲੋ...ਦੂਰ ਕਿਆ ਜਾਨੈਂ...ਕਲਕੱਤੇ ਬਿੱਚ ਇਨਹੀ ਕਾ ਹੈ, ਬੋਲ-ਬਾਅਲਾ ! ਕਿਉਂ ਗੁਲਜ਼ਾਰ ?" ਉਹਨੇ ਆਪਣੇ ਪੀਲੇ ਦੰਦਾਂ ਦੀ ਨੁਮਾਇਸ਼ ਲਾਉਂਦਿਆਂ, ਮੇਰੇ ਚਚੇਰੇ ਭਾਈ ਵੱਲ ਉਤਸੁਕਤਾ ਭਰੀਆਂ ਨਜ਼ਰਾਂ ਨਾਲ ਦੇਖਿਆ । ਗੁਲਜ਼ਾਰਾ ਹੱਸ ਪਿਆ ।

"ਦਹਿਸ਼ਤਵਾਦ ਦਾ ਲੋਕਾਂ ਉਤੇ ਪ੍ਰਭਾਵ ?" ਫੇਰ ਉਹਦੀ ਖੋਜ ਵੱਲ ਗੱਲ ਤੋਰੀ ਮੈਂ । ਦਹਿਸ਼ਤਵਾਦ ਦੀਆਂ ਜੜ੍ਹਾਂ ਅੰਮ੍ਰਿਤਸਰ...ਦੋ ਤਿੰਨ ਹੋਰ ਪੁਸਤਕਾਂ ਦਾ ਹਵਾਲਾ ਦੇ ਕੇ ਮੈਂ ਰੋਅਬ ਪਾਉਣਾ ਚਾਹਿਆ ਕਿ ਪੜ੍ਹਦਾ ਮੈਂ ਵੀ ਆਂ ।

ਮੇਰੇ ਵੱਲ ਗਹੁ ਨਾਲ...ਅੱਖਾਂ ਸੁਕੇੜਕੇ ਦੇਖਿਆ ਉਹਨੇ । ਫੇਰ ਬੁਲ੍ਹ ਫਰਕਾਏ... ਪੀਲੇ ਦੰਦ ਦਿਖਾਏ ਜਿਵੇਂ ਕਹਿਣਾ ਚਾਹੁੰਦਾ ਹੋਵੇ; 'ਕੀ ਪੜ੍ਹਿਆ ਤੂੰ, ਸੁਆਹ ਤੇ ਖੇਹ ?' ਫੇਰ ਉਹ ਏਨਾ ਧੀਮਾ ਬੋਲਿਆ ਜਿਵੇਂ ਖੂਹ 'ਚੋਂ ਪੂਰਨ ਬੋਲਦਾ ਹੋਵੇ । ਮੈਂ ਸੁਣਿਆਂ :

"ਯਿਹ ਤੋ ਪੱਤਰਕਾਰੀ ਹੈ; ਉਪਰੀ ਤਹਿ ਦੀਆਂ ਬਾਤਾਂ । ਰੋਮਾਂਸਵਾਦ; ਪਿਊਰ ਫ਼ਿਕਸ਼ਨ ਕੀ ਕੈਟੇਗਰੀ ਵਿੱਚ ਰੱਖੀ ਜਾ ਸਕਦੀ ਹੈ, ਯਿਹ ਖੋਜ ਤੋ ਯਿਹ ਬਿਲਕੁੱਲ ਨਾ ਹੂਈ ...ਰਹੀ ਮੇਰੀ ਬਾਤ...ਮੈਂ ਤੋ ਅਬ੍ਹੀ ਅਧਿਐਨ ਕਰ ਰਹਿਆ ਹਾਂ...ਜਾਂਚ ਪੜਤਾਲ ?"

ਉਹ ਸਵਾਲੀਆ ਨਜ਼ਰਾਂ ਨਾਲ ਮੇਰੀ ਵੱਲ ਝਾਕਿਆ ।

"ਭਾਂਪ-ਪਰਖ ।" ਮੈਂ ਹੱਸਿਆ ।

"ਹਾਂਅ ! ਭਾਂਪ-ਪਰੱਖ । ਅਥ੍ਹੀ ਚੱਲ ਰਹਾ ਹੈ...।" ਉਹਨੇ ਕਿਹਾ ।

"ਫੇਰ ਵੀ, ਕੋਈ ਤਾਂ ਸਿੱਟੇ ਨਿਕਲੇ ਹੋਣਗੇ ?" ਮੈਂ ਜਾਣਨਾ ਚਾਹਿਆ ।

"ਰੀਜ਼ਲਟਸ ?" ਉਹਨੇ ਸਾਫ਼ ਹੋਣਾ ਚਾਹਿਆ ।

"ਹਾਂ...ਹਾਂ...ਨਿਚੋੜ !" ਗੁਲਜ਼ਾਰੇ ਨੇ ਆਪਣੇ ਹੱਥਾਂ ਨਾਲ ਨਿੰਬੂ-ਨਿਚੋੜ ਦੀ ਨਕਲ ਲਾਈ ।

ਦੇਖ, ਸੁਣ ਉਹ ਮੁਸਕਰਾਇਆ । ਫੇਰ ਉਹਨੇ ਜੋ ਕੁਝ ਦੱਸਿਆ । ਉਸ ਦਾ ਭਾਵ ਇਉਂ ਸੀ :

ਅੰਤਿਮ ਸਿੱਟੇ ਕੱਢਣੇ ਮੁਸ਼ਕਿਲ ਹੁੰਦੇ ਨੇ । ਸ਼ਾਇਦ ਨਾ ਮੁਮਕਿਨ । ਇਹ ਅਵੱਸ਼ ਜਾਪਦੈ ਕਿ ਦਹਿਸ਼ਤਵਾਦ ਦੀ ਜਕੜ 'ਚ ਆਏ ਪ੍ਰਦੇਸ਼ਾਂ ਵਿਚ ਯੁਵਕਾਂ ਦੀ ਗਿਣਤੀ ਬਹੁਤ ਘੱਟ ਹੋ ਜੂ । ਇਸਤਰੀਆਂ ਮੁਕਾਬਲਤਨ ਵਧਣਗੀਆਂ । ਲੋਕਾਂ ਦੇ ਕੱਦ ਮੱਧਰੇ ਹੋ ਜਾਣਗੇ । ਲੋਕਾਂ ਦੇ ਢਿੱਡ, ਗਰਭਵਤੀ ਤੀਮੀਆਂ ਵਾਂਗ, ਫੁੱਲ ਜਾਣਗੇ । ਉਹਨਾਂ ਦੀਆਂ ਅੱਖਾਂ ਸੁਕੜਕੇ ਅੰਦਰ ਨੂੰ ਵੜ ਜਾਣਗੀਆਂ । ਚੀਨੀਆਂ ਵਾਂਗ । ਜਾਂ ਫੇਰ ਫੈਲਕੇ ਪਾਟਣ 'ਤੇ ਆ ਜਾਣਗੀਆਂ । ਗੂੰਗੇ-ਬਹਿਰੇ ਲੋਕ ਆਮ ਦਿਖਾਈ ਦੇਣਗੇ । ਸੂਰਜ ਦੀ ਰੌਸ਼ਨੀ ਅੱਖਾਂ ਅਤੇ ਸਰੀਰ ਦੋਨਾਂ ਨੂੰ ਕਸ਼ਟਦਾਇਕ ਲੱਗਿਆ ਕਰੂ । ਲੋਕਾਂ ਦੀ ਤੁਰਨ-ਫਿਰਨ ਦੀ ਰਫਤਾਰ ਹੌਲੀ ਪਰ ਭਾਰੀ ਲੱਗੂ । ਉਹਨਾਂ ਦਾ ਸਰੀਰ ਹੀ ਬੋਝ ਹੋ ਜੂ—ਭਾਰਾ ਭਾਰਾ । ਆਪਣੀਆਂ ਟੰਗਾਂ ਚੌੜੀਆਂ ਕਰਕੇ ਤੁਰਿਆ ਕਰਨਗੇ ਲੋਕ । ਪੁਰਸ਼-ਇਸਤਰੀ ਚੂਹਿਆਂ ਵਾਂਗ ਸੈਕਸ ਕਰਿਆ ਕਰਨਗੇ । ਹਨੇਰਾ ਚੰਗਾ ਲੱਗਣ 'ਤੇ ਵੀ ਰਾਤਾਂ ਖੌਫ਼ਨਾਕ ਹੋਣਗੀਆਂ—ਹਰ ਥਾਂ ਪਸ਼ੂ-ਬਿਰਤੀ ਦਿਖਾਈ ਦਊ । ਲੋਕਾਂ 'ਚ ਬੁਜ਼ਦਿਲੀ ਵਧੂ—ਇਸਨੂੰ ਢਕਣ ਲਈ ਉਹ ਕਾਇਰਾਂ ਵਰਗੀਆਂ ਕਰੂਰ-ਕਮੀਨੀਆਂ ਕਰਤੂਤਾਂ ਕਰਿਆ ਕਰਨਗੇ । ਜਿਨ੍ਹਾਂ ਨੂੰ ਉਹ ਕਾਰਨਾਮੇ ਆਖਿਆ ਕਰਨਗੇ । ਵਿਸ਼ਵਾਸ਼ ਰਹਿਣਾ ਨੀ । ਸ਼ੱਕ ਵਧੂ । ਲੋਕ ਦਲੇਰੀ ਨਾਲ ਡਰਿਆ ਕਰਨਗੇ ।

ਮੇਲੇ ਭੋਗਾਂ 'ਤੇ ਹੋਇਆ ਕਰਨਗੇ ।

0 0 0

ਦੂਜੇ ਦਿਨ ਉਹਨਾਂ ਨੇ ਬਾਪੂ ਦੇ ਚਿੱਠੇ ਕੱਛੇ ਮਾਰੇ । ਤੁਰ ਗਏ । 'ਛਾਪਾਂਗੇ' ਤੁਰਨ ਲੱਗਿਆਂ ਗੁਲਜ਼ਾਰਾ ਬੋਲਿਆ ਸੀ ।

0 0 0

ਮੇਰੀ ਆਪ ਬੀਤੀ ? ਮੈਂ ਸੋਚਣ ਲੱਗ ਪਿਆ ।

... ... ...

ਦ੍ਰਿਸ਼ ਤਾਂ ਦੇਖੋ ਜ਼ਰਾ । ਜਦੋਂ ਮੈ ਘਰ ਆਇਆ ਸੀ ਤਾਂ ਮੇਰਾ ਸੁਆਗਤ ਕਿਵੇਂ ਹੋਇਆ । ਆਓ ਸੁਣੀਏਂ :

"...ਕੰਜਰ ਦਿਆ ! ਤੈਂ ਮੇਰਾ ਓੜਕ ਲੈ ਲਿਆ...ਦੋਜ਼ਕ 'ਚ ਪਾਤਾ ਮੈਨੂੰ ! ਕਿਹੜੇ ਜਨਮ ਦਾ ਬਦਲਾ ਲਿਐ, ਸਾਤੋਂ, ਤੂੰ ! ਮੇਰੀ ਧੌਲੀ ਦਾਹੜ੍ਹੀ ਰੋਲਤੀ, ਓਏ ਪਿੰਡਾ ! ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨੀ ਛੱਡੇ ਅਸੀਂ...ਜਿਉਂਦੇ ਈ ਮਾਰਤੇ ਇਹਨੇ...ਕੰਜਰ ਦੇ ਬੀ ਨੇ ! ਨਮਾਂ ਖਾੜਕੂ ਜੰਮਿਐ.. ਜੱਗੋਂ ਬਾਹਰਾ...।"

ਖੰਘਦਾ, ਹੌਂਕਦਾ, ਹਫ਼ਦਾ ਬਾਪੂ ਫੇਰ ਫਿਸ ਪਿਆ ।

ਬਾਪੂ ਦੀਆਂ ਗਾਲ੍ਹਾਂ ਸਨ । ਮੈਂ ਸੁਣਦਾ ਰਿਹਾ । ਚੁੱਪ ਚਾਪ । ਦੱਸਣ, ਬੋਲਣ ਨੂੰ ਮੇਰੇ ਕੋਲ ਵੀ ਬੜਾ ਕੁਝ ਸੀ । ਪਰ ਸੁਣਦਾ ਕੌਣ ਸੀ । ਨਾ ਪਹਿਲਾਂ । ਨਾ ਹੁਣ । ਮਜਾਲ ਐ, ਕੋਈ ਵੀ ਕੰਨ ਅਹੁਲਕੇ ਮੇਰੇ ਮੂੰਹ ਕੋਲ ਹੋਵੇ ! ਸੁਣੇ । ਹੁੰਗਾਰਾ ਭਰੇ । ਅੱਖਾਂ ਭਰ ਆਈਆਂ ਮੇਰੀਆਂ । ਮਾਂ ਬਹੁਤ ਯਾਦ ਆਈ । ਉਹ ਹੁੰਦੀ ਤਾਂ ਰੋ ਰੋ ਕਮਲੀ ਹੋ ਜਾਂਦੀ । ਮੁੜ-ਮੁੜ ਮੱਥਾ ਚੁੰਮਦੀ । ਛਾਤੀ ਨਾਲ ਲਾ ਲਾ ਨਾ ਥੱਕਦੀ । ਕਹਿੰਦੀ ਕੁਝ ਨਾ । ਜੇ ਕਹਿੰਦੀ ਵੀ ਤਾਂ ਬੱਸ ਇਹੀ, "ਵੇ ਮਰਗੀ ਦਿਆ, ਕਿਹੜੇ ਰਾਹੀਂ ਤੁਰ ਗਿਆ ਸੀ ? ਮੈਨੂੰ ਤਤੀ ਨੂੰ ਤਪਾਉਣ ਲਈ ।" ਜੇ ਭੋਰਾ ਕੁ ਖਿਝਦੀ ਤਾਂ ਬੜੀ ਹੱਦ ਇਹ ਆਖਦੀ, "ਬੰਦੇ ਨੂੰ ਸਿੱਧੇ ਰਾਹ ਪਾਉਂਦੈ; ਪ੍ਰੇਮ, ਭਾਓ ਜਾਂ ਡਰ...ਚੀਜ਼ਾਂ ਤਿੰਨੇ ਨੀ ।" ਪਿਛੋਂ ਤੋਤਕੜਾ ਜੜ ਦਿੰਦੀ :

"ਕੇਲੇ ਦੇ ਮੁੱਢ ਬੇਰੀ, ਪੱਟਤੀ ਕੁਸੰਗ ਨੇ ਜਿੰਦੇ ! '

ਏਨੀ ਹਲੀਮ, ਏਨੀ ਚੰਗੀ ਤੇ ਮੋਹ ਦੀ ਜਿਉਂਦੀ ਜਾਗਦੀ ਮੂਰਤ, ਮੇਰੀ ਮਾਂ ਨੂੰ ਬਾਪੂ ਨੇ ਕੁੱਟ-ਕੁੱਟ ਕਿਉਂ ਮਾਰਤਾ ? ਮੇਰੇ ਧੁਰ ਅੰਦਰੋਂ ਹਉਕਾ ਨਿੱਕਲਿਆ ।

0 0 0

ਉਤੋਂ ਕਹਿਰ ਬੀਤ ਰਿਹਾ ਸੀ ।

ਕਹਿਰ ਦੇ ਦਿਨ । ਕਹਿਰ ਦੀਆਂ ਰਾਤਾਂ ।

ਪੰਜਵੀਂ ਰਾਤ ਚੜ੍ਹੀ । ਅੱਧੀ ਬੀਤੀ ਸੀ, ਅਜੇ । ਅੱਧੀ ਤੋਂ ਵੱਧ ਟੱਪਗੀ ਹੋਊ । ਤਾਂ ਕਿਤੇ ਬਾਪੂ ਟਿਕਿਆ । ਟਿਕਿਆ ਕਿੱਥੇ ? ਪਾਸੇ ਬਦਲ ਰਿਹਾ ਸੀ । ਕਦੇ ਸੱਜੇ । ਕਦੇ ਖੱਬੇ । ਫੇਰ ਉਹਦੇ ਉਚੀ ਉਚੀ ਬਰੜਾਉਣ ਦੀ ਆਵਾਜ਼ ਸੁਣੀ: "ਓਏ ਬੁੱਧਿਆ, ਆਗੇ ! ...ਹਟੋ...ਖੜੋਜੋ... ਥੋਡੀ ਮਾਂ ਦੀ... 'ਚ...'ਚ...'ਚ ਹਾਅਤ !"

ਕਮਲਾ ਬਾਪੂ ! ਕਿਹੜੇ ਜੁਗ 'ਚ ਜੀਅ ਰਿਹੈ ! ਫੋਕੇ ਦਬਕਿਆਂ ਨਾਲ ਟੱਕਰੂ ਉਨ੍ਹਾਂ ਨਾਲ ! ਚੋਰੀਓਂ ਖਰਬੂਜ਼ੇ ਤੋੜਨ ਆਲੇ ਮੁੰਡੇ ਤਾਂ ਨੀ ਉਹ । ਅੰਨ੍ਹੀ ਸ਼ਕਤੀ ਕੀ ? ਮਰਮ ਕੀ ਆਖ ?

ਜਦੋਂ ਉਹ ਆਏ ਤਾਂ...ਕੰਬ ਗਿਆ, ਮੈਂ । ਫੇਰ ਸੰਭਲਿਆ । ਹੋਣਹਾਰ ਏਹੀ ਹੋਈ ਤਾਂ ਫੇਰ ਦੇਖੀ ਜਾਊ ।

ਮੇਰੇ ਸਿੱਕਰੀ ਭਰੇ ਬੁੱਲ੍ਹਾਂ 'ਤੇ ਮੁਸਕਾਨ ਆਈ । ਕਿੰਨਾ ਕੁਝ ਭਰਿਆ ਪਿਆ ਸੀ, ਏਸ ਮੁਸਕਰਾਹਟ ਵਿਚ । ਰੋਸਾ, ਗੁੱਸਾ, ਹਿਰਖ, ਕੁੜੱਤਣ, ਵਿਅੰਗ, ਤਾਅਨਾ, ਠੱਠਾ, ਹਿਕਾਰਤ ! ਜਿਵੇਂ ਕੋਈ ਬੀਤੇ ਨੂੰ ਹਥੇਲੀ ਉਤੇ ਰੱਖਕੇ ਠੁੱਠ ਦਿਖਾ ਦੇਵੇ । ਤੇ ਕਹੇ : "ਆਹ ਚੱਕ ! ਜੁ ਤੂੰ ਮੈਨੂੰ ਦਿੱਤਾ ।"

ਕਹਿਣ ਆਲਾ ਜੋ ਮਰਜ਼ੀ ਕਹੀ ਜਾਵੇ ਪਰ ਬੀਤੇ ਨੂੰ ਗਲੋਂ ਲਾਹੁਣਾ ਏਨਾ ਆਸਾਨ ਨਹੀਂ ਸੀ। ਬੀਤਿਆ ਤਾਂ ਮੇਰੇ ਮਗਰ ਮਗਰ ਤੁਰ ਰਿਹਾ ਸੀ । 'ਭੂਤ' ਵਾਂਗ। ਕਦੇ ਮੇਰੇ ਬਾਬੇ, ਕਦੇ ਮਟੀ ਆਲੇ ਸਾਧ, ਕਦੇ ਸੂਦ-ਖੋਰ ਬਾਣੀਏਂ, ਕਦੇ ਮੇਰੀ ਮਾਂ ਤੇ ਕਦੇ ਬੜੀ ਭੈਣ ਦੇ ਰੂਪ 'ਚ। ਉਸ ਏਜੰਟ ਦੇ ਰੂਪ 'ਚ ਵੀ ਜਿਹੜਾ ਮੈਨੂੰ ਡੁਬਈ ਭੇਜਣ ਦਾ ਲਾਰਾ ਲਾ ਕੇ ਪੰਦਰਾਂ ਹਜ਼ਾਰ ਰੁਪਏ ਠੱਗਕੇ ਲੈ ਗਿਆ ਸੀ। ਚੇਤੇ 'ਚ ਆਏ ਇਹ ਸਾਰੇ ਬੰਦੇ ਮੈਨੂੰ 'ਰੱਬ ਦੇ ਏਜੰਟ' ਲੱਗੇ। ਸਭ ਥਾਉਂ ਥਾਈਂ ਡਟੇ ਹੋਏ। । ਆਪੋ ਆਪਣਾ ਧਰਮ ਪਾਲਦੇ ਹੋਏ। ਕਿਆ ਅਜਬ ਤਮਾਸ਼ਾ ਹੈ ਇਹ। ਏਥੇ ਸਭ ਕੁਝ ਰੱਬ ਦੇ ਨਾਂ 'ਤੇ ਹੋ ਰਿਹਾ ਹੈ। ਜਬਰ ਵੀ। ਝੱਲਣ ਤੇ ਸਹਿਣ ਦਾ ਅਮਲ ਵੀ। ਭਾਣਾ, ਸਬਰ, ਸ਼ੁਕਰ। ਸਭ ਉਹਦੇ ਨਾਉਂ 'ਤੇ। ਪਰ ਸਬਰ ਪੈਂਦਾ ਮੈਂ ਕਦੇ ਨਹੀਂ ਦੇਖਿਆ। ਇਹ ਵੀ ਓਸੇ ਦਾ ਭਾਣਾ ਹੋਊ !

ਸੋਚਦਿਆਂ ਹੋਠਾਂ ਮੇਰਿਆਂ 'ਤੇ ਮੁਸਕਾਨ ਫੇਰ ਖੇਡ ਗਈ।

ਬਾਪੂ ਦੀਆਂ ਗਾਲ੍ਹਾਂ ਦਾ ਕਾਹਦਾ ਗੁੱਸਾ। ਸਿੱਧੀਆਂ ਸਾਦੀਆਂ ਸਨ। ਪਰ ਜਦੋਂ ਉਹ 'ਨਮਾਂ ਖਾੜਕੂ' ਕਹਿਕੇ ਤੋੜਾ ਝਾੜਦਾ ਤਾਂ ਇਹ ਸ਼ਬਦ ਮੇਰੇ ਸੰਘ 'ਚ ਅੜਕੇ ਰਹਿ ਜਾਂਦੇ। ਹੁਣ ਵੀ ਰੜਕ ਰਹੇ ਨੇ। ਚੰਗਾ ਸ਼ਬਦ ਵੀ ਗਾਲ੍ਹ ਬਣਕੇ ਗੋਲੀ ਵਾਂਗ ਕਿਸੇ ਦਾ ਕਾਲਜਾ ਛਾਣ ਕੇ ਰੱਖ ਦਿੰਦੈ, ਇਹ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ। ਉਹ ਵੀ ਆਪਣੇ ਬਾਪ ਦੇ ਮੂੰਹੋਂ ਨਿਕਲਿਆ ਸ਼ਬਦ।

ਸੋਚਾਂ ਵਿਚੋਂ ਨਿੱਕਲਕੇ ਮੇਰਾ ਧਿਆਨ ਕਮਰੇ 'ਚ ਆਇਆ। ਤਾਕੀ ਰਾਹੀਂ ਚੰਨ ਦੀ ਚਾਨਣੀ ਅੰਦਰ ਉੱਤਰ ਆਈ ਸੀ। ਸਾਹਮਣੇ ਕੰਧ ਵਿਚਲੇ ਆਲੇ 'ਚ ਸ਼ੀਸ਼ਾ ਨਾ ਲੇਟਵਾਂ ਪਿਆ ਸੀ, ਨਾ ਸਿੱਧਾ ਖੜ੍ਹਵਾਂ। ਟੇਢੇ ਰੁਖ ਪਿਆ ਸ਼ੀਸ਼ਾ ਕਿਸੇ ਵੇਲੇ ਵੀ ਡਿਰਕੇ ਚੂਰ ਚੂਰ ਹੋ ਸਕਦਾ ਸੀ। ਮੈਨੂੰ ਆਪਣੀ ਘਰ ਵਾਲੀ ਜਿਉਣੀ 'ਤੇ ਗੁੱਸਾ ਆਇਆ। ਕਿੰਨੀ ਆਲਸੀ, ਕਿੰਨੀ ਅਵੇਸਲੀ ਹੋ ਗਈ ਸੀ ਉਹ। ਟੁੱਟੀਆਂ ਕੀਚਰਾਂ ਸ਼ੀਸ਼ੇ ਦੀਆਂ, ਲਹੂ-ਲੁਹਾਣ ਕਰ ਸਕਦੀਆਂ ਸਨ, ਨਿਆਣਿਆਂ ਦੇ ਹੱਥਾਂ ਪੈਰਾਂ ਨੂੰ। ਇਹ ਵੀ ਹੋ ਸਕਦਾ ਸੀ ਕਿ ਪੱਪੂ ਕੰਚ ਦਾ ਟੁਕੜਾ ਚੁੱਕ ਕੇ ਮੂੰਹ 'ਚ ਪਾ ਲੈਂਦਾ। ਡੂਢ ਸਾਲ ਦਾ ਤਾਂ ਸੀ, ਅਜੇ। ਅਭੋਲ। ਕੁੜੀ ਰਿੰਪੀ ਖੈਰ ਸਿਆਣੀ ਸੀ। ਛੇਵਾਂ ਵਰ੍ਹਾ ਲੱਗ ਗਿਆ ਸੀ, ਉਹਨੂੰ। ਉਹਨੇ ਝੱਟ ਪੱਪੂ ਦਾ ਹੱਥ ਫੜਕੇ ਝਿੜਕ ਦੇਣਾ ਸੀ, "ਮੂਰਖ਼ ਨਾ ਹੋਵੇ ਤਾਂ, ਕਮਲਿਆ ਕੰਚ ਅੰਦਰ ਲੰਘ ਜੇ ਤਾਂ ਨਿੱਕਲਦਾ ਨੀ ਹੁੰਦਾ। ਮਰਨੈਂ ? ਬਾਪੂ ਨੂੰ ਦੱਸੂੰਗੀ, ਮੈਂ...... ।"

ਜਿਉਣੀ ਨੇ ਪਾਸਾ ਪਰਤਿਆ। ਚੰਨ ਚਾਨਣੀ 'ਚ ਉਹਦਾ ਉਤਰਿਆ ਉਤਰਿਆ ਚਿਹਰਾ ਮੈਨੂੰ ਭੋਲਾ ਭੋਲਾ ਲੱਗਿਆ। ਸਿਰ ਦੇ ਵਾਲ ਉਲਝੇ ਹੋਏ। ਸਿਰ ਸੀ ਕੋਈ ? ਨਿਰਾ ਝਾੜ ਸਿੱਸਰਾ ! ਮੈਨੂੰ ਰਿੰਪੀ ਤੇ ਪੱਪੂ ਦੇ ਮੂੰਹ ਮੈਲੇ-ਕੁਚੈਲੇ ਲੱਗੇ। ਜਿਵੇਂ ਕਦੇ ਧੋਤੇ ਹੀ ਨਾ ਹੋਣ। ਰੋਜ਼ ਰੋਂਦੇ ਸੋਂ ਜਾਂਦੇ ਹੋਣਗੇ। ਕਦੇ ਵਰਾਏ ਵੀ ਨੀ ਹੋਣੇ। ਲੋਰੀ ਦੀ ਗੱਲ ਛੱਡੋ। ਇਹ ਸੁਖ ਦੇ ਦਿਨਾਂ ਦਾ ਚਾਓ ਲਾਡ ਹੁੰਦੈ। ਕੀਰਨਿਆਂ ਆਲੀਆਂ ਰਾਤਾਂ ਨੂੰ ਲੋਰੀਆਂ ਕੌਣ ਦਿੰਦੈ ! ਇਹੋ ਜਿਹੇ ਦਿਨਾਂ 'ਚ ਤਾਂ ਇਹ ਮਰ ਜਾਂਦੀਆਂ ਨੇ—ਬੱਸ।



ਮੇਰਾ ਧਿਆਨ ਫੇਰ ਆਲੇ 'ਚ ਗਿਆ। ਸੁਰਮੇਦਾਨੀ ਮੂਧੀ ਹੋਈ ਪਈ ਸੀ। ਸੁਰਮਚੂ ਕਿੱਥੇ ਸੀ ? ਕੰਘੀ ਨੂੰ ਜਿਵੇਂ ਉੱਲੀ ਲੱਗੀ ਪਈ ਸੀ। ਉਹਦੇ ਉਤੇ ਲੱਗੇ ਜਾਲੇ ਹਵਾ 'ਚ ਡੋਲ ਰਹੇ ਸਨ। ਮੈਂ ਉੱਠਿਆ। ਥਮਲੇ ਕੋਲ ਪਏ ਘੜੇ 'ਚੋਂ ਗੜਵੀ ਭਰਕੇ ਪਾਣੀ ਪੀਤਾ। ਪਾਣੀ ਪੀ ਕੇ ਸੁਰਤ ਜਿਹੀ ਆਈ ਤਾਂ ਮੈਨੂੰ ਇਕ ਦਮ ਖਿਆਲ ਆਇਆ। ਕਾਹਲੀ ਕਾਹਲੀ ਤੁਰਦਾ ਤਾਕੀ ਕੋਲ ਗਿਆ ਮੈਂ। ਬੀਹੀ 'ਚ, ਚੰਨ ਵੱਲ ਹਸਰਤ ਭਰੀਆਂ ਨਿਗਾਹਾਂ ਨਾਲ ਦੇਖਿਆ। ਫੇਰ ਤਾਕੀ ਤੁਰਤ ਬੰਦ ਕਰ ਦਿੱਤੀ। ਮੰਜੇ 'ਤੇ ਮਲਕੜੇ ਲੇਟਿਆ। ਕਿੰਨਾ ਹੀ ਚਿਰ ਪਿਆ ਸੋਚਦਾ ਰਿਹਾ। ਨੀਂਦ ਨਹੀਂ ਸੀ, ਆ ਰਹੀ। ਜੀਅ ਕੀਤਾ ਜਿਉਣੀ ਨੂੰ ਜਗਾ ਲਵਾਂ। ਪਰ ਹਿੰਮਤ ਨਾ ਪਈ। ਪਿਛਲੇ ਦਿਨਾਂ 'ਚ ਉਹ ਬੋਲੀ ਤਕ ਨਹੀਂ ਸੀ, ਮੇਰੇ ਨਾਲ। ਬੱਸ ਸਿਬੜ ਸਿਬੜ ਰੋਂਦੀ ਰਹੀ। ਨਿਆਣੇ ਮੇਰੇ ਵੱਲ ਓਪਰਿਆਂ ਵਾਂਗ ਝਾਕਦੇ। ਡਰੇ ਡਰੇ। ਜਿਵੇਂ ਮੈਂ ਕੋਈ ਦਿਓ ਹੋਵਾਂ। ਮੈਂ ਸਭ ਸਮਝਦਾਂ। ਆਖਰ ਪਿਓ ਆਂ। ਪਿਓਆਂ ਵੱਲ ਝਾਕਣ ਆਲੀ ਅੱਖ ਹੋਰ ਤਰ੍ਹਾਂ ਦੀ ਹੁੰਦੀ ਐ। ਨਿਰਮਲ। ਨਿਰਛਲ। ਮਮਤਾ 'ਚ ਡੁੱਬੀ ਹੋਈ। ਜੀਹਨੂੰ ਆਪਮੁਹਾਰੇ 'ਭਾਪਾ !' ਕਹਿਣ ਨੂੰ ਜੀਅ ਕਰੇ।

'ਇਹ ਤੈਂ ਕੀ ਕਰਤਾ !' ਅੰਦਰਲੇ ਨੇ ਮੈਨੂੰ ਫਿਟਕਾਰਿਆ।

'ਨਮਾਂ ਖਾੜਕੂ !' ਸੰਘ ਮੇਰੇ 'ਚ ਫੇਰ ਕੁਝ ਅੜਿਆ। ਮੈਂ ਜਿੱਚ ਹੋ ਗਿਆ ਸੀ।

ਚਿੱਤ 'ਚ ਆਇਆ ਵੀ ਇਕ ਵਾਰ। ਬਾਪੂ ਨੂੰ ਕਹਾਂ, "ਤੂੰ ਵੀ ਤਾਂ ਬਾਬੇ ਤੋਂ ਬੇ-ਬਾਹਰਾ ਹੋ ਕੇ ਅੰਮ੍ਰਿਤ ਛਕਿਆ ਸੀ। ਕੇਸ ਰੱਖੇ ਸਨ। ਪੰਜਾਬੀ ਸੂਬੇ ਦੇ ਘੋਲ 'ਚ ਵਧ ਚੜ੍ਹਕੇ ਹਿੱਸਾ ਲਿਆ ਸੀ। ਡਾਂਗਾਂ ਖਾਧੀਆਂ ਸਨ। ਜੇਲ੍ਹ ਗਿਆ ਸੀ। ਤੂੰ ਵੀ ਤਾਂ 'ਨਮਾਂ ਖਾੜਕੂ' ਸੀ ਓਦੋਂ।" ਪਰ ਚੁੱਪ ਰਿਹਾ।

ਮੇਰੇ ਕਰਕੇ ਬਾਪੂ 'ਤੇ ਤਸ਼ੱਦਦ ਹੋਇਆ। ਕਿੰਨਾ ਚਿਰ ਠਾਣੇ ਬਿਠਾਈ ਰੱਖਿਆ। ਕੁੱਟ ਪਈ। ਪੱਗ ਢੱਠੀ। ਦਾੜ੍ਹੀ ਰੁਲੀ। ਸਭ ਮੇਰੇ ਕਾਰਨ। ਪਤਾ ਨਹੀਂ ਕਿਉਂ ਉਹਦੇ ਸਾਹਮਣੇ ਹੁੰਦਿਆਂ ਮੈਨੂੰ ਹੀਣਤ ਮਾਰ ਜਾਂਦੀ ਸੀ

ਆਪਣੇ ਸਮਿਆਂ 'ਚ ਉਹ ਕਵੀਸ਼ਰ ਰਿਹਾ ਸੀ। ਉਹਦਾ ਵੀ ਮਾਣ-ਤਾਣ ਸੀ। ਮੇਲੇ-ਮੁਸਾਵਿਆਂ 'ਤੇ ਜਾਣਾ। ਅਖਾੜੇ ਲਾਉਣੇ। ਓਦੋਂ ਬਾਪੂ ਦੀ ਚੜ੍ਹਤ ਦੇਖਣ ਵਾਲੀ ਹੁੰਦੀ। ਸੈਂਕੜੇ ਬੰਦਿਆਂ 'ਚ ਓਦੋਂ ਮੈਨੂੰ ਉਹੀ ਦਿਖਾਈ ਦਿੰਦਾ। ਟੌਰੇ ਆਲੀ ਪੱਗ ਬੰਨ੍ਹੀਂ। ਕੰਨਾਂ 'ਤੇ ਹੱਥ ਧਰੀਂ।

ਲੋਕ ਪੱਬਾਂ-ਭਾਰ ਹੋ ਹੋ ਉਹਨੂੰ ਦੇਖਦੇ। ਦੇਖਦੇ ਤੇ ਸੁਣਦੇ। ਪਰ ਜਦੋਂ ਮੇਲਾ ਵਿਛੜਦਾ ਤਾਂ ਬਾਪੂ ਆਮ ਜਿਹਾ ਬੰਦਾ ਹੋ ਕੇ ਰਹਿ ਜਾਂਦਾ। ਕੰਮ ਚਲਦਾ ਨਾ। ਪੈਸਾ ਕਿਤੋਂ ਆਉਂਦਾ ਨਾ। ਬਾਬਾ ਖਿਝਕੇ ਉਹਨੂੰ 'ਕੱਬਿਤ੍ਰੂ' ਕਹਿਕੇ ਚਿੜਾਉਂਦਾ। ਸੋਚ ਦਾ ਇਹ ਦਫਾੜ ਮੇਰੀ ਸਮਝ 'ਚ ਨਾ ਆਉਂਦਾ। ਕੀ ਇਹ ਲੋਕਾਂ ਦੀ ਗਰੀਬੀ ਸੀ ਜਾਂ ਅਣ-ਪੜ੍ਹਤਾ ਜਾਂ ਫੇਰ ਸੁਹਜ-ਸੁਆਦ ਦੀ ਕਮੀ।

ਕਦੇ ਕਦੇ ਮੈਂ ਸੋਚਦਾ।

ਇਕ ਵਾਰ ਉਹਨੇ ਚਿੱਠਾ ਛਪਵਾਇਆ। 'ਜੰਨ'। ਉਹਨਾਂ ਸਮਿਆਂ 'ਚ ਉਹਦਾ

ਪੰਜ ਸੌ ਰੁਪਈਆ ਖਰਚ ਆਇਆ। 'ਚਿੱਠਾ' ਉਹ ਮੇਲਿਆਂ 'ਚ ਲੈਕੇ ਗਿਆ। ਉਹਨੇ ਗਾਇਆ। ਲੋਕ ਜੁੜੇ। ਲੋਕਾਂ ਝੂਮ-ਝੂਮ ਸੁਣਿਆਂ। ਪੱਬਾਂ-ਭਾਰ ਹੋਕੇ। ਓਸ ਸਮੇਂ ਬਾਪੂ ਨੂੰ ਆਸ ਸੀ ਕਿ ਸਾਰਾ ਵਿਕਜੂ। ਵਿਕੀਆਂ ਪੰਜ ਸੱਤ ਕਾਪੀਆਂ। ਉਹ ਮੂੰਹ ਲਮਕਾਕੇ ਪਿੰਡ ਵੜਿਆ। ਘਰ ਆਕੇ ਬੰਨ੍ਹੀ ਬੰਨ੍ਹਾਈ ਗਠੜੀ ਚੱਕੀ ਉਤੇ ਰੱਖ ਦਿੱਤੀ। "ਬਿਕਿਆ ਨੀ।" ਸ਼ਰਮਸਾਰ ਹੋਏ ਦੇ ਉਹਦੇ ਮੂੰਹੋਂ ਬੱਸ ਇਹੀ ਨਿੱਕਲਿਆ।

ਬਾਬੇ ਬੂੜਾ ਰਾਮ ਨੇ ਕਲੀ ਦੀ ਘੁੱਟ ਭਰਦਿਆਂ, ਧੂਏਂ ਦਾ ਗੋਲਾ ਹਵਾ 'ਚ ਛੱਡ-ਦਿਆਂ ਉਹਦੀ ਨਕਲ ਲਾਈ, ਦੰਦ ਚਿੱਥਕੇ, "ਬਿਕਿਆ ਨੀ!" ਫੇਰ ਖਿਝਕੇ ਬੋਲਿਆ, "ਬਿਕਣ ਨੂੰ ਇਹ ਮਜੀਠ ਐਂ। ਪੰਜ ਸੌ 'ਚ ਪਾਣੀ ਪਾਤਾ, ਕੰਜਰ ਦੇ ਨੇ... ਸਾਲੀ ਨਿਕੰਮੀ ਉਲਾਦ!"

ਸੁਣਕੇ ਧਰਤੀ 'ਚ ਗੱਡਿਆ ਗਿਆ ਉਹਦਾ ਮੂੰਹ। ਉਹ ਜੋ ਗੱਲਾਂ 'ਚ ਕਿਸੇ ਨੂੰ ਵਾਰਾ ਨੀ ਸੀ ਆਉਣ ਦਿੰਦਾ। ਉਹ ਜੋ ਰਾਤ ਰਾਤ ਭਰ ਅਖਾੜੇ ਲਾਕੇ ਲੋਕਾਂ ਨੂੰ ਕੀਲੀਂ ਰਖਦਾ ਸੀ।

0 0 0

ਅੱਜ ਉਹਦਾ ਇਹ ਹਾਲ ਸੀ। ਉਹਦਾ ਜ਼ਿੰਮੇਂਦਾਰ ਕੌਣ ਐ? ਮੈਨੂੰ ਆਪਣਾ ਆਪ ਹੀਣਾ-ਹੀਣਾ ਲੱਗਿਆ।

'ਇਹ ਮੈਂ ਕੀ ਕਰ ਬੈਠਾ!' ਮੇਰੇ ਧੁਰ ਅੰਦਰੋਂ ਹਉਕਾ ਨਿਕਲ ਗਿਆ।

... ... ...

ਮੈਂ ਹਾਜ਼ਰ ਹੋਇਆ। ਪਿੰਡ ਦੀ ਪੰਚਾਇਤ ਸਾਡੇ ਨਾਲ ਗਈ। ਪਿੰਡ ਦੇ ਪਤਵੰਤੇ ਬੰਦੇ: ਸੱਦਾ ਸਿੰਘ ਸਰਪੰਚ, ਭਾਗ ਸਿਹੁੰ ਆਰੇ ਆਲਾ, ਜੱਥੇਦਾਰਨੀ ਦਲੇਰ ਕੁਰ, ਪੰਡਤ ਬਿਰਜ ਲਾਲ, ਨਗਾਹੀ ਭਗਤ...ਠਾਣੇ ਜਾ ਕੇ ਸਾਰਿਆਂ ਨੇ ਆਪਣੇ ਦਸਤਖਤ ਕਰਕੇ ਅਰਜ਼ੀ ਪਾਈ ਕਿ ਉਹ, "ਬੁੱਧ ਸਿੰਘ ਸਪੁੱਤਰ ਸਾਧੂ ਸਿੰਘ 'ਜ਼ਖਮੀ' ਪੋਤਾ ਬੂੜਾ ਰਾਮ ਸਕਨਾ ਬਾਹਮਣੀ ਨਿਹੰਗਾਂ..ਦੇ ਭਵਿਖ 'ਚ ਚੰਗੇ ਚਾਲ-ਚਲਣ ਦੀ ਜ਼ਾਮਨੀ ਦਿੰਦੇ ਨੇ ਅਤੇ ਹਾਮੀ ਓਟਦੇ ਨੇ ਕਿ ਲੋੜ ਪੈਣ 'ਤੇ ਉਹ ਹਰ ਹਾਲਤ ਵਿਚ, ਤਲਬ ਕਰਨ ਉਪਰੰਤ ਠਾਣੇ ਹਾਜ਼ਰ ਹੋਵੇਗਾ।" ਫੇਰ ਪੰਡਤ ਬਿਰਜ ਲਾਲ ਨੇ ਬਾਪੂ ਨੂੰ ਅੱਖ ਮਾਰੀ। ਬਾਪੂ ਉਹਦੇ ਮਗਰ ਅੰਦਰਲੇ ਕਮਰੇ ਵੱਲ ਗਿਆ। ਇਕ ਮਿੰਟ ਬਾਅਦ ਠਾਣੇਦਾਰ ਪੇਟੀ ਠੀਕ ਕਰਦਾ ਕਮਰੇ 'ਚ ਚਲਿਆ ਗਿਆ। ਉਹ ਦਸਾਂ ਕੁ ਮਿੰਟਾਂ ਪਿੱਛੋਂ ਬਾਹਰ ਆਏ। ਬਾਪੂ ਦਾ ਮੂੰਹ ਪੂਣੀ ਵਰਗਾ ਬੱਗਾ ਹੋਇਆ ਪਿਆ ਸੀ।

ਪਿੰਡ ਨੂੰ ਮੁੜਦਿਆਂ ਜੱਥੇਦਾਰਨੀ ਨੇ ਹੱਸਦਿਆਂ ਆਖਿਆ, 'ਜੇ ਮੱਲ, ਤੂੰ ਪੁਲਸ ਨੂੰ 'ਕੱਲਾ, ਟੱਕਰ ਜਾਂਦਾ!"

ਭਗਤ ਨਗਾਹੀ ਨੇ ਮੇਰੀ ਥਾਂ ਉੱਤਰ ਦਿੱਤਾ, "ਚਿੱਟੇ ਦਿਨ ਵਰਗੀ ਗੱਲ ਐ, ਨਾਕਾ ਪਾਰਟੀ ਨੇ ਇਹਨੂੰ ਸ਼ੱਕੀ ਹਾਲਤ 'ਚ ਫ਼ਿਰਦੇ ਨੂੰ ਵੰਗਾਰਨਾ ਸੀ। ਇਹਨੇ ਵੰਗਾਰਨ 'ਤੇ ਪੁਲਸ ਉਤੇ ਪਹਿਲਾਂ ਗੋਲੀ ਚਲਾਉਣੀ ਸੀ। ਜਵਾਬੀ ਫਾਇ-ਰਿੰਗ 'ਚ ਇਹਨੇ ਥਾਏਂ ਮਾਰਿਆ ਜਾਣਾ ਸੀ। ਇਹਦੇ ਦੋ ਸਾਥੀ ਹਨੇਰੇ ਦਾ ਫ਼ਾਇਦਾ



ਉਠਾਕੇ ਬਚ ਨਿਕਲਣੇ ਸਨ। ਮੁਕਾਬਲੇ ਆਲੀ ਥਾਂ ਤੋਂ ਇਕ ਚੀਨੀ ਏ. ਕੇ.47 ਰਫਲ, 249 ਰੌਂਦ, ਇਕ ਐਚ. ਈ. 36 ਹੈਂਡ ਗਰਨੇਡ, ਇਕ ਦੇਸੀ ਪਸਤੌਲ, ਅਤੇ 51 ਐਂਪਟੀਆਂ ਮਿਲਣੀਆਂ ਸਨ...ਫੇਰ ਇਹਦਾ ਮੁੱਲ ਪੈ ਜਾਣਾ ਸੀ, ਪੱਚੀ-ਤੀਹ ਹਜ਼ਾਰ... ਚੱਲ ਮੇਰੇ ਭਾਈ! ਭੰਗ ਦੇ ਭਾੜੇ ਮਾਰਿਆ ਜਾਣਾ ਸੀ, ਮੇਰਾ ਸ਼ੇਰ ਪੁੱਤ!" ਕਹਿਕੇ ਉਹਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ ਤੇ ਭੁੱਬ ਮਾਰਕੇ ਰੋ ਪਿਆ। ਜਿਵੇਂ ਉਹ ਆਪਣੇ ਸਕੇ ਪੁੱਤ ਨੂੰ ਮੌਤ ਦੇ ਮੂੰਹ 'ਚੋਂ ਕੱਢਕੇ ਲਿਆਇਆ ਹੋਵੇ।

ਮੇਰੇ ਬਾਪੂ ਦਾ ਕਵੀ-ਮਨ ਭਾਵਕ ਹੋ ਗਿਆ। ਉਹਨੇ ਭਗਤ ਨਿਗਾਹੀ ਦੇ ਮੋਢੇ 'ਤੇ ਹੱਥ ਰੱਖਿਆ ਤੇ ਉਹਦੀਆਂ ਅੱਖਾਂ 'ਚੋਂ ਚੁਪੀਤੇ ਦੋ ਕੁ ਹੰਝੂ ਡਿੱਗੇ ਤੇ ਉਹਦੀ ਚਿੱਟੀ ਦਾਹੜੀ 'ਚ ਜਾ ਗੁਆਚੇ।

"ਇਹ ਗੱਲ ਨਹੀਂ। ਮੁਕਾਬਲੇ ਹੁੰਦੇ ਵੀ ਨੇ।" ਮੇਰੇ 'ਚ ਪਤਾ ਨਹੀਂ ਕਿੱਥੋਂ ਦਲੇਰੀ ਆ ਗਈ ਸੀ! ਇਹ ਸੁਣਕੇ ਦਸ-ਬਾਰਾਂ ਅੱਖਾਂ ਮੇਰੇ ਵੱਲ ਇਕਟਕ ਝਾਕੀਆਂ।

ਏਹੀ ਭਗਤ ਨਗਾਹੀ ਸੀ ਜੀਹਨੇ ਕਈ ਸਾਲ ਪਹਿਲਾਂ ਇਕ ਵਾਰ ਖਚਰੀ ਹਾਸੀ ਹੱਸਦਿਆਂ ਮੈਨੂੰ ਟਿੱਚਰ ਕੀਤੀ ਸੀ। ਭੋਲਾ ਜਿਹਾ ਮੂੰਹ ਬਣਾਕੇ ਮੈਨੂੰ ਕਹਿਣ ਲੱਗਾ, "ਤੁਸੀਂ ਕੌਣ ਹੁੰਨੇ ਓਂ।" ਭੋਲੇ ਭਾਅ ਹੀ ਮੇਰੇ ਮੂੰਹੋਂ ਨਿਕਲ ਗਿਆ, "ਤਖਾਣ...ਵਿਸ਼ਵਕਰਮਾ ਦੀ ਉਲਾਦ।" ਇਹ ਸੁਣਕੇ ਉਹਨੇ ਤਾੜੀ ਮਾਰੀ ਅਤੇ ਹੱਸਦਾ ਹੱਸਦਾ ਲੋਟ-ਪੋਟ ਹੋ ਗਿਆ। ਫੇਰ ਬੋਲਿਆ, "ਸਾਧੂ ਨੂੰ ਪੁੱਛੀਂ। ਜਿਹੜਾ ਕਬਿੱਤ ਜੋੜਦਾ ਰਹਿੰਦੈ, ਖੁੰਢਾਂ 'ਤੇ ਬਹਿਕੇ। ਆਖੀਂ ਆਪਣੇ ਕੋੜਮੇਂ 'ਤੇ ਲਿਖੇ ਚਿੱਠਾ। ਦੋ ਕੁ ਪਲ ਰੁਕ ਕੇ ਉਹਨੇ ਹੋਰ ਸਵਾਲ ਕੀਤਾ, "ਤੈਂ ਆਪਣਾ ਬਾਬਾ ਤਾਂ ਦੇਖਿਐ, ਸੁੱਖ ਨਾਲ ਉਡਾਰ ਹੋ ਗਿਆ ਸੀ, ਤੂੰ—ਉਹਦੇ ਜਿਉਂਦੇ ਜੀਅ।"

"ਆਹੋ, ਦੇਖਿਐ। ਵਿਹੜੇ 'ਚ ਬੈਠਾ ਕਲੀ ਪੀਂਦਾ ਰਹਿੰਦਾ ਸੀ। ਉਹਦੀ 'ਗੁੜ. ਗੁੜ' ਦੂਰ ਤਾਈਂ ਸੁਣਾਈ ਦਿੰਦੀ। ਬੜਾ ਸਾਰਾ ਸਿਰ ਸੀ ਉਹਦਾ। ਕੰਨਾਂ 'ਚ ਨੱਤੀਆਂ।" ਮੈਂ ਬੋਲਿਆ।

"ਇਉਂ ਤਾਂ ਉਹ..ਤੈਂ ਦੇਖਿਆ ਈ ਹੋਊ ਕੱਪੜੇ ਵੀ ਨੀ ਸੀ ਪਾਉਂਦਾ ਹੁੰਦਾ। ਗਾਂਧੀ ਮਾਂਗੂੰ ਲੈ ਦੇ ਕੇ ਇਕ ਖੱਦਰ ਦਾ ਪਰਨਾ ਹੁੰਦਾ ਸੀ, ਉਹਦੇ ਤੇੜ। ਕੱਪੜੇ ਉਹਨੂੰ ਸੁਖਾਂਦੇ ਈ ਨੀ ਸੀ। ਪੈਸੇ ਦੀ ਗਰਮੀ ਸੀ ਭਾਈ। ਰੁਪਈਏ ਵਿਆਜੂ ਦਿੰਦਾ। ਦੂਣਾ ਤੀਣਾ ਵਿਆਜ ਲਾਉਣਾ। ਗਹਿਣੇ 'ਗਹਿਣੇ' ਰੱਖਣੇ। ਜੈਦਾਦ ਬੈ ਕਰਾਉਣੀ। ਦਾਣਿਆਂ ਆਲੀ ਤੱਕੜੀ 'ਚ ਤੁਲਦਾ ਸੀ ਸਿਓਨਾ, ਥੋਡੇ। ਸੁਣਿਐਂ ਥੋਡੇ ਚਾਰ ਇੱਟਾਂ ਵੀ ਨੇ ਸਿਓਨੇ ਦੀਆਂ...।" ਉਹਦੀ ਚੋਰ ਤੱਕਣੀ ਦੇਖਕੇ ਮੈਂ ਝਿਜਕਿਆ, ਡਰਿਆ ਤੇ ਫੇਰ ਕੰਬਣ ਲੱਗ ਪਿਆ। ਮੇਰਾ ਗੱਚ ਭਰ ਗਿਆ ਸੀ। ਜਦੋਂ ਮੈਂ ਰੋਣਹਾਕਾ ਹੋ ਗਿਆਂ ਤਾਂ ਉਹਨੇ ਮੈਨੂੰ ਪੁਚਕਾਰਿਆ। ਮੇਰੇ ਚਿਹਰੇ ਅਤੇ ਸਰੀਰ 'ਤੇ ਹੱਥ ਫੇਰਦਾ ਰਿਹਾ ਕੁਝ ਕੁ ਪਲਾਂ ਮਗਰੋਂ ਮੈਂ ਆਪਣੇ ਆਪ 'ਚ ਆਇਆ ਤੇ ਪਟੱਕ ਦੇਣੇ ਉਸ ਤੋਂ ਪਰ੍ਹਾਂ ਹੋ ਗਿਆ। ਛਾਲ ਮਾਰਕੇ।

"ਬੱਲੇ ਓਏ, ਤੇਰੇ! ਬੜਾ ਚਲਾਕ ਐਂ!" ਆਪਣੇ ਬੁੱਲ੍ਹਾਂ ਉਤੇ ਆਈ ਸਿੱਕਰੀ ਉਤੇ ਜੀਭ ਫੇਰਦਿਆਂ ਉਹ ਖਸਿਆਣੀ ਹਾਸੀ ਹੱਸਿਆ।

ਮੈਨੂੰ ਆਪਣਾ ਆਪ ਹੌਲਾ ਹੌਲਾ ਮਹਿਸੂਸ ਹੋਇਆ ਜਿਵੇਂ ਮਣਾਂ ਮੂੰਹੀਂ ਭਾਰ ਤੋਂ ਮੁਕਤ ਹੋ ਗਿਆ ਹੋਵਾਂ। ਓਸ ਸਮੇਂ ਮੇਰਾ ਜੀਅ ਕੀਤਾ ਕਿ ਉਹਦੇ ਨਾਲ ਚਲਾਕੀ ਖੇਲਾਂ। ਹੋਰ ਨਹੀਂ ਤਾਂ ਉਹਦੀ ਧੋਤੀ 'ਚ ਢੰਦਈਆ ਛਡ ਦਿਆਂ।

ਇਹ ਤਾਂ ਮੈਂ ਪਹਿਲਾਂ ਹੀ ਅੰਦਰੇ ਅੰਦਰ ਫੈਸਲਾ ਕਰ ਲਿਆ ਸੀ ਕਿ ਇਹ ਨਹੀਂ ਦੱਸਣਾ ਬਈ, ਬਾਬੇ ਦੇ ਮਰਨ 'ਤੇ, ਬਾਪੂ ਨੇ ਬੂਹੇ ਭੇੜਕੇ ਰਾਤੋ ਰਾਤ ਸਾਰਾ ਘਰ ਪੱਟਕੇ ਰੱਖਤਾ ਸੀ। ਘਰ ਦੇ ਇਕ ਖੂੰਜੇ 'ਚੋਂ ਇਕ ਝੱਕਰੀ ਨਿੱਕਲੀ ਜਿਸ ਵਿਚ ਮਲਕਾ ਦੇ ਦੋ ਹਜ਼ਾਰ ਰੁਪਏ ਸਨ।

"ਵਿਆਜੂ ਰੁਪਈਏ ਤਾਂ ਤੋਲੂ ਬਾਣੀਆਂ ਦਿੰਦਾ ਸੀ; ਜਿਹੜਾ ਡਾਕੂਆਂ ਨੇ ਮਾਰਤਾ ਸੀ।" ਮੈਂ ਹੀਣਤਾ ਤੋਂ ਬਚਣ ਦੀ ਕੋਸ਼ਿਸ਼ ਕੀਤੀ। "ਡਾਕਾ ਤਾਂ ਬੋਡੇ ਵੀ ਪਿਆ ਸੀ, ਬੱਚੂ ...ਬਾਬਾ ਤੇਰਾ ਓਹੇ ਦੇ ਗ਼ਮ ਨੇ ਖਾ ਲਿਆ—ਮਰ ਗਿਆ ਨਹਿਰ 'ਚ ਡੁੱਬਕੇ।" ਉਹਨੇ ਭੇਤ ਭਰੇ ਢੰਗ ਨਾਲ ਆਖਿਆ।

"ਇਹਨਾਂ ਗੱਲਾਂ ਦਾ 'ਤੁਸੀਂ ਕੌਣ ਹੁੰਨੇ ਓਂ' ਨਾਲ ਕੀ ਮੇਲ ਐ?" ਮੈ ਖਹਿੜਾ ਛੁਡਾਉਣ ਦੀ ਨੀਤ ਨਾਲ, ਉਹਦਾ ਧਿਆਨ ਹੋਰ ਪਾਸੇ ਕਰਨਾ ਚਾਹਿਆ।

"ਹਾਂ, ਸੱਚ! ਆਪਾਂ ਤਾਂ ਹੋਰ ਏ ਗੱਲਾਂ ਲੈ ਕੇ ਬਹਿਗੇ। ਜੇ ਓਸ 'ਕਬਿੱਤੂ' ਤੋਂ ਡਰਦੇਂ ਤਾਂ ਮੈਂ ਦੱਸਦਾਂ ਤੈਨੂੰ। ਤੇਰੇ ਦਾਦੇ ਦਾ ਵਿਆਹ ਨੀ ਸੀ ਹੁੰਦਾ। ਇਕ ਵਾਰ ਉਹ... ਆਹ ਫਿਰਦੇ ਹੁੰਦੇ ਨੇ ਨਾ, ਪਿੰਡ ਪਿੰਡ, ਗੱਡੀਆਂ ਆਲੇ ਚਿਮਟੇ—ਖੁਰਚਣੇ ਵੇਚਦੇ... ਉਹਨਾਂ ਦੀ ਕੁੜੀ ਨਾਲ ਉਪਰੋਂ ਈ ਫੜਿਆ ਗਿਆ। ਬੜਾ ਰੱਫੜ ਪਿਆ। ਹਾਰ ਕੇ ਵਿਆਹ ਕਰਾਉਣਾ ਪਿਆ ਉਹਦੇ ਨਾਲ। ਆਪਸ ਵਿਚ ਵਰਤਦੇ ਵੀ ਰਹੇ, ਕਈ ਸਾਲ। ਪਤੈ ਗੱਡੀਆਂ ਆਲੇ ਰਾਜਪੂਤ ਹੁੰਦੇ ਨੇ. ਤੁਸੀਂ ਉਹਨਾਂ 'ਚੋਂ ਓਂ।"

ਮੈਂ ਬੌਂਦਲ ਗਿਆ। ਪਤਾ ਨਹੀਂ ਨਗਾਹੀ ਭਗਤ ਓਥੋਂ ਕਦੋਂ ਖਿਸਕ ਗਿਆ।

ਓਸੇ ਦਿਨ ਆਥਣੇ ਮੈਂ ਤੇ ਬਾਹਮਣਾਂ ਦਾ ਬਿਸ਼ੇਸ਼ਰ ਬਰੋਟੇ ਉਤੇ ਪੀਲ ਪਲਾਂਗੜਾ ਖੇਡਣ ਲੱਗ ਪਏ। ਤੀਆ ਪਹਿਰ ਟੱਪਣ ਨੂੰ ਹੋ ਗਿਆ। ਪਰ ਸੂਰਜ ਖੜ੍ਹਾ ਸੀ ਅਜੇ। ਖੇਡਦੇ ਖੇਡਦੇ ਅਸੀਂ, ਬਰੋਟੇ ਤੋਂ ਛਾਲਾਂ ਮਾਰਕੇ ਉਤਰੇ। ਬਰੋਟੇ ਦੇ ਐਨ੍ਹ ਨਾਲ ਲੱਗਦੇ ਟੋਭੇ ਦੇ ਕੰਢੇ ਆ ਖੜਤੇ। ਪਾਣੀ ਵਿਚ ਸਾਨੂੰ ਇਕ ਹੋਰ ਬਰੋਟਾ ਦਿਖਾਈ ਦਿੱਤਾ। ਓਨਾ ਈ ਫੈਲਰਿਆ ਹੋਇਆ।

ਬਿਸ਼ੇਸ਼ਰ ਸਿਆਣਿਆਂ ਵਾਂਗ ਕਹਿਣ ਲੱਗਾ, "ਇਸ ਬਰੋਟੇ ਹੇਠਾਂ ਹੋਰ ਵੀ ਕਈ ਬਰੋਟੇ ਨੇ। ਹੇਠਾਂ। ਹੋਰ ਹੇਠਾਂ। ਪਤਾਲ ਤੱਕ। ਇਹਨਾਂ ਦੀਆਂ ਜੜ੍ਹਾਂ ਸਾਰੀ ਧਰਤੀ 'ਚ ਫੈਲੀਆਂ ਹੋਈਆਂ ਨੇ।"

ਗੱਲਾਂ ਕਰਦੇ ਕਰਦੇ ਅਸੀਂ ਬਰੋਟੇ ਥੱਲੇ ਆ ਗਏ ਉਹ ਉਪਰ ਨੂੰ ਝਾਕਿਆ। 'ਬੱਲੇ, ਓਏ! ਤੂੰ ਪੱਤਿਆਂ ਵਿਚਦੀ ਉਪਰ ਨੂੰ ਦੇਖ!' ਉਹਨੇ ਮੂੰਹ ਅੱਡਕੇ ਆਖਿਆ। ਮੈਂ ਇਉਂ ਹੀ ਕੀਤਾ। 'ਟੀਸੀ ਦੀਂਹਦੀ ਐ ਕਿਤੇ?' ਉਹ ਓਸੇ ਰੌਂ 'ਚ ਬੋਲਿਆ। ਮੈਂ ਮੂੰਹ ਨਾਲ 'ਟਿੱਚ' ਕੀਤੀ। ਬਈ 'ਨਹੀਂ'। 'ਹੁਣ ਇਹ ਅਸਮਾਨ ਨਾਲ ਲੱਗੀ ਹੋਈ ਐ। ਜਿਮੇਂ ਬਾਵਰੋਲੇ ਦੀ ਬੋਦੀ ਹੁੰਦੀ ਐ ਨਾ...ਓਕਣ। ਆ ਆਪਾਂ ਰੁੱਖ ਰੁੱਖ ਖੇਲੀਏ...ਤੂੰ ਸੋਚਲੈ,



ਬਈ ਆਪਾਂ ਰੁੱਖ ਈ ਆਂ। ਆਪਣੀਆਂ ਜੜ੍ਹਾਂ ਪਤੈ ਕਿੱਥੇ ਨੇ? ਆਪਣੇ ਵਡਾਰੂਆਂ 'ਚ। ਉਹ ਰੂਹਾਂ ਬਣਕੇ ਅਸਮਾਨ 'ਚ ਉੜਦੇ ਫਿਰਦੇ ਰਹਿੰਦੇ ਨੇ।' ਫੇਰ ਪਤਾ ਨਹੀਂ ਉਹਨੂੰ ਕੀ ਸੁੱਝੀ, ਉਹ ਮੂੰਹ ਪਾੜਕੇ ਬੋਲਿਆ, "ਤੂੰ ਕਦੇ ਕੋਈ ਤੀਮੀ ਨੰਗੀ ਦੇਖੀ ਐ?" ਮੈਂ ਘਬਰਾਕੇ ਆਖਿਆ, "ਨਹੀਂ, ਕਿਉਂ?" "ਮੈਂ ਦੇਖੀ ਐ। ਓਸ ਮਟੀ 'ਚ। ਜਿੱਥ ਕਾਲਾ-ਕੱਟ ਸਾਧ ਰਹਿੰਦੈ...ਤੇਰੀ ਮਾਂ ਵੀ ਜਾਂਦੀ ਐ ਓਥੇ; ਰਾਤ ਨੂੰ।" ਮੈਂ ਦੇਖਿਆ, ਟੋਭੇ ਅਤੇ ਮੜ੍ਹੀਆਂ ਦੇ ਵਿਚਕਾਰ, ਰੁੱਖਾਂ ਦੀ ਸੰਘਣੀ ਝਿੜ੍ਹੀ 'ਚ ਮਟੀ ਲੁਕਣ-ਮੀਚੀ ਖੇਡ ਰਹੀ ਸੀ।

"ਉਹ ਤਾਂ ਰੋਟੀ ਦੇਣ ਜਾਂਦੀ ਐ।" ਆਪਣੀ ਵੱਲੋਂ ਮੈਂ ਖਿਝਕੇ ਆਖਿਆ। 'ਓਏ ਆਹੋ ; ਰੋਟੀ ਦੇਣ ਈ ਜਾਂਦੀ ਹੋਊ... ਫੇਰ ਤੇਰਾ ਬਾਪੂ ਉਹਨੂੰ ਕਿਉਂ ਕੁੱਟੀ ਜਾਂਦੈ? ਛੱਲੀਆਂ ਮਾਂਗੂੰ ਹਰ ਰੋਜ਼ ਹੈਂਅ!"

ਮੈਂ ਰੋਣਹਾਕਾ ਹੋ ਗਿਆ। ਉਹਦੀ ਗੱਲ ਦਾ ਕੋਈ ਜਵਾਬ ਨਹੀਂ ਸੀ, ਮੇਰੇ ਕੋਲ। ਓਦੋਂ ਮੇਰਾ ਜੀਅ ਕਰੇ ਕਿ ਟੋਭੇ 'ਚ ਡੁੱਬ ਮਰਾਂ।

"ਦੇਖਦਾ ਕੀ ਐਂ ਸੱਕਚੋੜ ਜਾਤੇ! ਉੜ ਲੈ ਘਰਾਂ ਨੂੰ। ਨ੍ਹੇਰਾ ਹੋਣ ਆਲੈ। ਮਟੀ ਆਲੇ, ਪੂਪਨੇ ਸਾਧ ਨੇ ਕਲਜੋਗਣਾਂ ਛੱਡ ਦੇਣੀਆਂ ਨੇ...ਉਹ ਬਰੋਟੇ ਦੀ ਦਾੜ੍ਹੀ ਨਾਲ ਆਪਣੇ ਕੇਸ ਬੰਨ੍ਹਕੇ ਝੂਟਣਗੀਆਂ, ਏਥੇ।" ਕਹਿਕੇ ਉਹ ਤਿੱਤਰ ਹੋ ਗਿਆ। ਮੈਂ ਵੀ ਵਾਹੋਦਾਹੀ, ਭੱਜ ਲਿਆ। ਉਹਦੇ ਮਗਰ ..ਗਰ।

0 0 0 0

ਏਸ ਗੱਲ ਤੋਂ ਮਹੀਨਾ ਕੁ ਪਿੱਛੋਂ ਮੈਨੂੰ ਬੀਹੀ 'ਚ ਦਲੇਰ ਕੁਰ ਨੇ ਘੇਰ ਲਿਆ। ਓਦੂੰ ਉਹ ਹੁਣ ਵਰਗੀ ਨਹੀਂ ਸੀ, ਹੁੰਦੀ। ਮੋਟਾ ਦੁੰਬਾ ਜਿਹੀ। ਓਦੋਂ ਤਾਂ ਉਹ ਮਲੂਕੜੀ ਸੀ। ਤੂਤ ਦੀ ਛਟੀ ਵਰਗੀ। ਪਤਲੀ। ਵਿਆਹੀ ਨੂੰ ਸਾਲ ਕੁ ਹੋਇਆ ਸੀ, ਅਜੇ। 'ਦਿਉਰਾ, ਦਿਉਰਾ' ਕਰਦੀ ਉਹ ਮੈਨੂੰ ਧਾਅ ਕੇ ਜੱਫੀ ਪਾਉਂਦੀ। ਆਪਣੇ ਪੱਟਾਂ 'ਚ ਬੈਠਾਕੇ, ਏਨੇ ਜ਼ੋਰ ਦੀ ਘੁੱਟਦੀ ਕਿ ਮੇਰੀ ਲੇਰ ਨਿੱਕਲ ਜਾਂਦੀ। ਫੇਰ ਗੱਲ੍ਹਾਂ ਮੇਰੀਆਂ ਦੇ ਘਰੂਟ ਭਰੀ ਜਾਂਦੀ...ਧੱਕੜ ਹੋ, ਅੰਨ੍ਹੇਵਾਹ ਬੁੱਘੀਆਂ ਲਈ ਜਾਂਦੀ। ਅੱਕਲਕਾਂਦ ਹੋ ਜਾਂਦਾ, ਮੈਂ।

ਮੇਰੀ ਬੜੀ ਭੈਣ ਨਾਲ ਉਹਦਾ ਸਹੇਲਪਣਾ ਸੀ। ਉਹਨੂੰ ਦੁੱਖ ਸੀ ਕਿ ਭੈਣ ਮੇਰੀ ਦੁਹਾਜੂ ਨੂੰ ਕਿਉਂ ਵਿਆਹੀ? ਸਾਲ ਵੀ ਨਾ ਕੱਟਿਆ। ਮਰਗੀ। ਉਹਨੇ ਮੈਨੂੰ ਬੁੱਕਲ 'ਚ ਲੈ ਕੇ ਧਾਹ ਮਾਰੀ।

"ਮੇਰੇ ਮਾਪਿਆਂ, ਕੰਜਰਾਂ ਨੇ ਮੈਨੂੰ ਵੀ ਤਾਂ ਕੀੜਿਆਂ ਆਲੇ ਜੰਡ 'ਤੇ ਚਾੜ੍ਹਤਾ। ਮਟੀ 'ਚ ਬੈਠਾ, ਪੂਪਨੇ ਦੀ ਭੰਗ ਘੋਟੀ ਜਾਂਦੈ। ਦੋ ਬਾਟਿਆਂ ਦਾ ਹਿਲਿਆ ਹੋਇਆ—ਉਤੋਂ ਗੋਲਾ ਫੀਮ ਦਾ। ਕਰਾਲੋ, ਕਮਾਈ! ਜਾਏ ਖਾਣਾ, ਡੌਂਕਲ ਜਿਹਾ...ਹੱਡ ਗਿਣਲੋ, ਚਾਹੇ। ਨਾ ਅਕਲ। ਨਾ ਮੌਤ। ਸਾਡੀ ਤਾਂ ਐਂਈ ਲੰਘ ਜਾਣੀ ਐਂ।'

ਉਹਨੇ ਹਉਕਾ ਲਿਆ।

ਫੇਰ ਉਹਨੇ ਯਾਦਾਂ ਦੀ ਤੰਦ ਛੋਹੀ, "ਇਕ ਦਿਨ ਅਸੀਂ ਸ਼ਹਿਰ ਗਈਆਂ। ਖਰੀ-ਦਿਆ ਕੀ, ਸੁਆਹ ਦੀ ਖੇਹ! ਇਕ ਇਕ ਖੱਦਰ ਕਰੇਪ ਦਾ ਸੂਟ...ਫੇਰ ਭਾਈ, ਚੂੜੀਆਂ

ਚੜ੍ਹਾਈਆਂ। ਪੰਪ ਤੋਂ ਪਾਣੀ ਪੀਤਾ। ਤੁਰ ਪਈਆਂ, ਬਜ਼ਾਰ ਦੇ ਵਿੱਚੋਂ ਵਿੱਚੀਂ। ਕੁੜੀ ਰਿਹਾੜ ਕਰੇ। ਅਖੇ : ਆਨੇ ਦੇ ਗੋਲ ਗੱਪੇ ਖਾਣੇ ਨੇ। ਅੱਗੇ, ਮਾਂ ਤੇਰੀ। ਕੰਜੂਸਣ ਪੱਕੀ। ਕਹੀ ਜਾਏ 'ਗਾਹਾਂ ਖਲਾਊਂ', 'ਗਾਹਾਂ ਖਲਾਊਂ।' ਭੈਣ ਤੇਰੀ ਦਾ ਹਉਕਾ ਨਿੱਕਲ ਗਿਆ ਤੇ ਬੋਲੀ, "ਮਾਂ ਨੀ, ਮਾਂ...ਹੁਣ ਤਾਂ ਸ਼ੈਹਰ ਵੀ ਮੁੱਕਦਾ ਜਾਂਦੈ ! ਲੈ ਭਾਈ, ਸ਼ੈਹਰ ਨੇ ਤਾਂ ਮੁੱਕਣਾ ਈ ਸੀ। ਸੋ ਮੁੱਕ ਗਿਆ। ਅਸੀਂ ਛਲਕਦੀਆਂ ਪਿੰਡ ਆ ਵੜੀਆਂ...ਹੁਣ ਰੋਂਦੀ ਐ, ਤੇਰੀ ਮਾਂ ਓਸ ਸੇਂਤ ਨੂੰ...ਮੁੜਕੇ ਹੱਥ ਆਉਂਦੇ ਸਮਾਂ। ਤੇਰੀ ਮਾਂ ਤਾਂ ਬੁੱਧਿਆ ਰੋਗਣ ਹੋਗੀ ; ਭੰਨਤੀ ਦੁੱਖਾਂ ਨੇ...ਉੱਤੋਂ ਤੇਰਾ ਵੈਲੀ ਬਾਪ...ਸੌ ਪੱਤਣਾਂ ਦਾ ਤਾਰੂ... ਦਾਰੂ ਤਾਂ ਖੈਰ, ਮੁੱਢ ਕਦੀਮ ਤੋਂ ਪੀਂਦਾ ਈ ਸੀ...ਹੁਣ ਨਮਾਂ ਈ ਚੰਦ ਚਾੜ੍ਹਨ ਲੱਗ ਪਿਆ। ਬਾਹਰਲੀ ਖੁਰਲੀ 'ਚ ਮੂੰਹ ਮਾਰਿਆਂ, ਰੱਜ ਆਉਂਦੈ ਕਿਤੇ...ਵੇ ਉਹੀ, ਸੰਤੀ, ਭੁੱਚਰਾਂ ਦੀ...ਲੈ ਓਹੀ ਮਾਨ ਨੀ...ਤੀਮੀ ਨਾ ਤੀਮੀ ਦੀ ਜਾਤ !" ਕਹਿਕੇ ਰੋਂਦੀ ਰੋਂਦੀ ਦਲੇਰ ਕੁਰ ਦੀ ਹਾਸੀ ਨਿਕੱਲ ਗਈ ਤੇ ਉਹਨੇ ਮੌਕਾ ਬਚਾਕੇ ਮੇਰੀ ਗੱਲ੍ਹ ਦਾ ਘਰੂਟ ਭਰ ਲਿਆ।

0 0 0

"ਲੈ ਬਈ, ਪੰਚਾਇਤੇ ਆ ਗਿਆ ਪਿੰਡ। ਵਧੋ !" ਕੇਹਰੂ ਯੱਕੇ ਆਲੇ ਨੇ ਘੋੜੇ ਨੂੰ ਥਾਪੀ ਦਿੱਤੀ।

"ਕੋਈ ਰੋਜ ਤੂੰ ਸੜਕ 'ਤੇ ਸੈਰ ਕਰ ਲੈ,
ਬੱਘੀ ਵਿੱਚ ਤਬੇਲੇ ਦੇ ਖੜ੍ਹੀ ਰਹਿਣੀ।"

ਬਿਰਜ ਲਾਲ 'ਢਿੱਡਲ' ਨੇ ਯੱਕੇ ਤੋਂ ਉਤਰਦਿਆਂ ਹੀ 'ਜ਼ਿੰਦਗੀ-ਬਲਾਸ' ਛੂਹ ਲਿਆ। ਪਿੰਡ ਦੀ ਫਿਰਨੀ ਆ ਗਈ। ਪੱਕੇ ਦਰਵਾਜੇ ਕੋਲ ਆਕੇ ਵਿਛੜਨ ਲੱਗਿਆਂ, ਬਿਰਜ ਲਾਲ ਨੇ ਬਾਪੂ ਦੇ ਕੰਨ 'ਚ ਆਖਿਆ ; "ਸਾਧੂ ਸਿਆਂ, ਖੂਹ 'ਚ ਇੱਟ ਡਿਗ ਪੀ : ਹੁਣ ਤਾਂ ਭਿੱਜਕੇ ਈ ਨਿਕਲੂ ! ਫਸਿਆਂ ਨੂੰ ਫਟਕਣ ਕੀ—ਮਾਰੀਂ ਸਹੁਰੇ ਦੇ ਮੱਥੇ। ਅੱਜ ਕੱਲ 'ਚ।" ਬਾਪੂ ਦਾ ਚਿਹਰਾ ਫੇਰ ਬੱਗਾ ਹੋ ਗਿਆ।

ਦੂਜੇ ਦਿਨ ਸਵੇਰੇ ਹੀ ਮੇਰੇ ਕੰਨੀਂ ਕੁਝ ਆਵਾਜ਼ਾਂ ਪਈਆਂ : ਦੇਖ ਲੈ, ਸਾਧੂ...ਫੇਰ ਕੁਝ ਸੋਚਕੇ...ਮਖ ਭਾਈਆ ਜੀ, ਵੇਲੇ ਵੇਲੇ ਦੀਆਂ ਗੱਲਾਂ ਨੇ...ਉਹਨੇ ਤਾਂ ਮਰਨਾ ਈ ਸੀ...ਸਾਧ ਦੇ ਢਹੇ ਚੜ੍ਹਕੇ ਤੇਰੀ ਜੂਨ ਖਰਾਬ ਕਰਤੀ। ਕੇਹੋ ਜਾ ਚੰਦਰਾ ਟੈਮ ਆ ਗਿਆ। ਛੋਟੇ ਬੜੇ ਦਾ ਪਨਾਹ ਈ ਨੀ ਰਿਹਾ। ਪਰਸੋਂ ਸਵੇਰ ਦੀ ਗੱਲ ਐ...ਮੂੰਹ ਸਾਝਰਾ ਸੀ ਅਜੇ...ਪਹੁ ਫ਼ਟੀ ਹੋਊ, ਭਾਈ...ਮੈਂ ਤੱਤੀ ਨੂੰ ਕੀ ਪਤਾ...ਮੈਨੂੰ ਤਾਂ ਦੱਸਦੀ ਨੂੰ ਸ਼ਰਮ ਆਉਂਦੀ ਐ...ਰਾਤ ਤਾਂ ਸਾਰੀ ਇਹਨਾਂ ਦੀਦਿਆਂ 'ਚੋਂ ਲੰਘਗੀ। ਸੋਚਿਆ ਡੰਗਰਾਂ ਨੂੰ ਕੱਖ ਪਾ ਦਿਆਂ...ਟੋਕਰਾ ਚੱਕ ਕੇ ਗਈ ਤਾਂ ਕੀ ਦੇਖਦੀਆਂ...ਹੁਣ ਤੈਨੂੰ ਕੀ ਦੱਸਾਂ ! ਮੇਰੀ ਛੋਟੀ ਨੂੰਹ...ਮੇਮਣੀ ਜੀ...ਮੁੰਡੇ ਦੀ ਲੱਤ ਉਤੇ ਲੱਤ ਧਰੀਂ ਪਈ...ਬੇਸੁਧ। ਦਿਨ ਚੜ੍ਹੇ ਮੈਂ ਰਮਜ਼ ਨਾਲ ਸਮਝਾਇਆ ਤਾਂ ਅੱਗੋਂ ਮੂੰਹ ਪਾੜਕੇ ਬੋਲੀ, "ਬੇਬੇ ਜੀ, ਜਿਹੋ ਜਿਹੀ ਹਵਾ, ਓਹੋ ਜਿਹਾ ਓਹਲਾ...ਤੂੰ ਹੀ ਪਾਸਾ ਵੱਟਕੇ ਲੰਘ ਜਾਂਦੀ। ਸੰਤੀ ਨੇ ਅੱਧੇ ਘੁੰਡ 'ਚੋਂ



ਮੇਰੇ ਬਾਪੂ ਵੱਲ ਝਾਕਦਿਆਂ ਫੇਰ ਕਹਿਣਾ ਸ਼ੁਰੂ ਕੀਤਾ, "ਹੁਣ ਤੈਨੂੰ ਕੀ ਦੱਸਾਂ ! ਅਖੇ ਝੱਗਾ ਚੱਕੀਏ ਤਾਂ ਆਪਣਾ ਈ ਢਿੱਡ ਨੰਗਾ ਹੁੰਦਾ...ਇਹ ਨੂੰਹ ਮੇਰੀ ਤਾਂ ਪਟਮੇਲੀ ਐ ਨਿਰੀ...ਅੱਗ ਤੋਂ ਦੀ ਲਿਟਦੀ ਫਿਰਦੀਐ...ਕੰਜਰੀ !"

ਸੁਣਕੇ ਮਾਲਾ ਬਾਪੂ ਦਿਆਂ ਹੱਥਾਂ 'ਚ ਬੁੜ੍ਹਕੀ। ਉਹਦੇ ਮੂੰਹੋਂ ਬੱਸ ਇਹੀ ਸ਼ਬਦ ਨਿਕਲੇ, "ਬਾਖਰੂ ! ਬਾਖਰੂ !!"

ਸੰਤੀ ਕੱਚੀ ਲਿੱਲ ਵਰਗੀ ਹੋ ਗਈ। ਠੰਡੀ ਸੀਤ। ਬੋਲੀ, "ਭਾਈਆ, ਮੈਂ ਤਾਂ ਇਹ ਕਹਿਣ ਆਈ ਸੀ...ਬਈ, ਰੱਬ ਦਾ ਸ਼ੁਕਰ ਕਰ। ਮੁੰਡਾ ਸੁਖੀ ਸਾਂਦੀ ਘਰ ਆ ਗਿਆ। ਬਾਹਰ ਸੌ ਇੱਲ ਬਲਾਅ। ਰੱਬ ਨਾ ਕਰੇ...ਜੇ ਕਿਤੇ, ਔਰ ਸੌਰ ਹੋ ਜਾਂਦੀ ਤਾਂ ਤੈਨੂੰ ਧਰਤੀ ਨੇ ਵਿਹਲ ਨੀ ਸੀ ਦੇਣੀ। ਸੁੱਖ ਨਾਲ ਹੁਣ ਬਰਾਬਰ ਦਾ ਐ, ਤੇਰੇ ਟੱਬਰ ਟੀਹਰ ਆਲਾ...ਤੇਰਾ ਸੁਭਾਅ ਐ ਤੱਤਾ। ਖਹਿਬੜੀਂ ਨਾ। ਮੁੰਡੇ ਨੂੰ ਹਿੱਕ ਨਾਲ ਲਾਈਂ" ਕਹਿੰਦੀ ਕਹਿੰਦੀ, ਪੈਰ ਮਲਦੀ, ਉਹ ਬਾਹਰਲੀ ਦੇਲ੍ਹੀ ਟੱਪੀ ਨੀ ਕਿ ਬਾਪੂ ਨੇ ਪਹਿਲਾਂ...।" ਉਹੂ ਉਹੂ, ਕਰਕੇ ਧਾਹ ਮਾਰੀ। ਫੇਰ ਸਿਸਕੀਏਂ ਰੋਣ ਲੱਗ ਪਿਆ।

ਪਹਿਲਾਂ ਤਾਂ ਮੈਂ ਜੀਅ ਕਰੜਾ ਕਰਕੇ ਪਿਆ ਰਿਹਾ। 'ਇਹ ਬੰਦਾ ਮੇਰੀ ਮਾਂ ਅਤੇ ਭੈਣ ਦਾ ਅਸਿੱਧਾ ਕਾਤਲ ਐ। ਕਲਾਮ ਨੀ ਕਰਨਾ ਇਹਦੇ ਨਾਲ।' ਮੇਰੇ ਅੰਦਰਲੀ ਰੰਜਸ਼ ਉੱਭਰੀ। ਪਰ ਜਦੋਂ ਉਹ ਰੋਣੋਂ ਨਾ ਹਟਿਆ ਤਾਂ ਮੇਰਾ ਅੰਦਰਲਾ ਪਸੀਜ ਗਿਆ। ਫੇਰ ਵੀ ਮੇਰਾ ਬਾਪੂ ਐ। ਇਹਨੇ ਮੈਨੂੰ ਪੜ੍ਹਾਇਆ, ਲਿਖਾਇਆ। ਇਹਦੇ ਸਿਰ 'ਤੇ ਮੈਂ ਪਾਲੀਟੈਕਨੀਕਲ 'ਚ ਮਕੈਨੀਕਲ ਇੰਜਨੀਅਰਿੰਗ ਦਾ ਡਿਪਲੋਮਾ ਕੀਤਾ। ਨੌਕਰੀ ਮਿਲੀ ਨਾ। ਮੈਨੂੰ ਡੁਬਈ ਜਾਣ ਦਾ ਝੱਲ ਚੜ੍ਹਿਆ। ਏਜੰਟ ਲੱਭਿਆ ਮੈਂ। ਪੈਸਾ ਉਤਾਰਿਆ ਬਾਪੂ ਨੇ। ਠੱਗੀ ਹੋ ਗੀ। ਕੁਝ ਸਮਾਂ ਪਾ ਕੇ ਅਜੀਂ ਸੰਭਲੇ। ਘਰ ਦੇ ਕਾਰਖਾਨੇ 'ਚ ਜੋ ਵੀ ਛੋਟਾ ਮੋਟਾ ਕੰਮ ਆਉਂਦਾ, ਅਸੀਂ ਕਰਦੇ। ਰਲਕੇ।

ਤਕਨਾਲੋਜੀ ਸਾਡੇ ਜੀਵਨ 'ਚ ਪ੍ਰਵੇਸ਼ ਕਰ ਰਹੀ ਸੀ। ਅਸਰ ਸਾਡੇ 'ਤੇ ਵੀ ਪਿਆ। ਜੱਟਾਂ ਨੇ ਟਰੈਕਟਰ ਲੈ ਲਏ। ਥਰੈਸ਼ਰ ਲੱਗ ਗਏ। ਸਾਧਾਰਨ ਖੂਹਾਂ ਦੀ ਥਾਂ ਟਿਊਵੈਲਾਂ ਨੇ ਲੈ ਲਈ। ਸਾਧਾਰਨ ਹਲਾਂ ਦੇ ਚਊ, ਬੌਲਦਾਂ ਦੀਆਂ ਪੰਜਾਲੀਆਂ, ਦਾਤੀਆਂ ਤੇ ਹੋਰ ਰਵਾਇਤੀ ਸੰਦ ਬੇਕਾਰ ਹੋ ਗਏ। ਕਾਰਖਾਨਾ ਠੱਪ ਹੋ ਗਿਆ। ਮੈਨੂੰ ਨਵੀਆਂ ਤਕਨੀਕਾਂ ਦਾ ਤਜਰਬਾ ਸੀ। ਕੰਮ ਆਉਣ ਦੇ ਬਾਵਜੂਦ ਮੈਂ ਵਿਹਲਾ ਸਾਂ। ਫੇਰ ਵੀ ਮੈਂ ਹੱਥਾਂ 'ਤੇ ਹੱਥ ਧਰਕੇ ਨਹੀਂ ਸਾਂ ਬੈਠਾ। ਮੈਂ ਖਰਾਬ ਹੋਈਆਂ ਮਸ਼ੀਨਾਂ ਠੀਕ ਕਰਨ ਲੱਗ ਪਿਆ। ਆਖਰ ਮਿਸਤਰੀ ਸਾਂ।

ਪਰ ਬਾਪੂ ਨੂੰ ਤਸੱਲੀ ਨਹੀਂ ਸੀ। ਉਹ ਮਿਹਨਤ ਕਰਕੇ ਸ਼ਾਨ ਨਾਲ ਜੀਊਣਾ ਚਾਹੁੰਦਾ ਸੀ। ਉਹ ਮੇਰੇ ਦਰੇਗ ਦਾ ਮਾਰਿਆ ਹੋਰ ਪੀਣ ਲੱਗ ਪਿਆ।

ਪੰਜਾਬ 'ਚ ਅਤਿਵਾਦ ਦੀਆਂ ਘਟਨਾਵਾਂ ਵਾਪਰਨ ਲੱਗ ਪਈਆਂ। ਰੇਲਵੇ ਸਟੇਸ਼ਨ ਫੂਕੇ ਜਾਣ ਲੱਗੇ। ਹਰ ਰੋਜ਼ ਅੱਠ ਅੱਠ ਦਸ ਦਸ ਕਤਲ ਹੁੰਦੇ। ਫੇਰ ਬੱਸਾਂ ਤੋਂ ਉਤਾਰਕੇ, ਬੱਸਾਂ ਦੇ ਅੰਦਰੇ ਬੰਦੇ ਗੋਲੀਆਂ ਨਾਲ ਉਡਾਏ ਜਾਣ ਲੱਗੇ। ਅੱਠਾਂ ਦਸਾਂ ਤੋਂ ਮਰਨ ਵਾਲਿਆਂ ਦੀ ਗਿਣਤੀ ਵੱਧਦੀ ਗਈ। ਲੋਕ ਸਹਿਮਕੇ ਸੂਰਜ ਡੁੱਬਣ ਤੋਂ ਪਹਿਲਾਂ

ਹੀ ਅੰਦਰ ਵੜ ਜਾਂਦੇ। ਇਹ ਕੀ ਹੋ ਰਿਹਾ ਸੀ ? ਕਿਉਂ ਹੋ ਰਿਹਾ ਸੀ ? ਮੇਰੀ ਸਮਝ ਵਿਚ ਨਾ ਆਇਆ। ਅਖਬਾਰਾਂ 'ਚ ਹਿੰਦੂ-ਸਿੱਖ ਵਖਰੇਵੇਂ, ਤਣਾਓ ਦੀਆਂ ਗੱਲਾਂ ਛੱਪਦੀਆਂ। ਅਸੀਂ ਹੈਰਾਨ ਹੁੰਦੇ। ਪਿੰਡਾਂ 'ਚ ਇਹੋ ਜਿਹੀ ਕੋਈ ਗੱਲ ਨਜ਼ਰ ਨਹੀਂ ਸੀ ਆਉਂਦੀ। ਹੁੰਦੀ ਤਾਂ ਨਜ਼ਰ ਆਉਂਦੀ ! ਬਾਪੂ ਦਾਰੂ ਦਾ ਪਊਆ ਪੀਕੇ ਆਪਣਾ ਉਬਾਲ ਕੱਢਦਾ, "ਇਹ ਸਾਰਾ ਜੱਬ੍ਹ ਸ਼ਹਿਰੀਆਂ ਨੇ ਪਾਇਐ। ਇਹਨਾਂ ਦੇ ਰੋਟੀ ਹਜ਼ਮ ਨੀ ਹੁੰਦੀ। ਆਫ਼ਰਗੇ ਸਾਲੇ। ਗੱਦੀ ਖੋਹਣ ਨੂੰ ਮਰਦੇ ਨੇ। ਹੋਰ ਰੌਲਾ ਕਾਹਦੈ ? ਇਹਨਾਂ ਦੀ ਧੜੇਬੰਦੀ ਨੇ ਪੱਟਤਾ ਪੰਜਾਬ ! ਇਹ ਸੌਦੇਬਾਜ਼ੀਆਂ 'ਚ ਪਏ ਹੋਏ ਨੇ। ਆਮ ਮਿਹਨਤੀ ਲੋਕ, ਮਜ਼ਦੂਰ ਮਰਦੇ ਨੇ।" ਉਹ ਬੋਲੀ ਜਾਂਦਾ।

ਮੈਂ ਧਾਰਮਿਕ ਕੱਟੜਪੁਣੇ ਦਾ ਹਾਮੀ ਨਹੀਂ ਸਾਂ। ਭਾਵੇਂ ਪੰਜਾਬੀ ਸੂਬੇ ਦੇ ਘੋਲ ; ਐਮਰਜੇਂਸੀ ਦੇ ਦਿਨਾਂ 'ਚ ਬਾਪੂ ਨੇ ਡਾਂਗਾਂ ਖਾਧੀਆਂ, ਜੇਲ੍ਹ ਗਿਆ। ਪਰ ਫਿਰਕਾਪ੍ਰਸਤ ਉਹ ਵੀ ਨਹੀਂ ਸੀ ਬਣਿਆਂ। ਉਹਦੀ ਇਸ ਸੋਚ ਦਾ ਮੈਂ ਕਾਇਲ ਜਾਂ। ਉਹ ਆਪਣੇ ਸਾਮਿਆਂ ਦਾ ਅਗਾਂਹ-ਵਧੂ ਬਦਾ ਸੀ। ਚਿੱਠੇ ਉਹਦੇ ਇਸ ਗੱਲ ਦੀ ਗਵਾਹੀ ਭਰਦੇ ਸਨ।

ਇਕ ਬਹੁਤ ਬੜੀ ਘਟਨਾ ਵਾਪਰੀ ਫੇਰ। ਅਪਰੇਸ਼ਨ ਨੀਲਾ ਤਾਰਾ ! ਬੜੇ ਚਿਰ ਤੋਂ ਹਰਿਮੰਦਰ ਸਾਹਿਬ ਸਾਰੇ ਸੰਸਾਰ ਦੀਆਂ ਖਬਰਾਂ ਦਾ ਕੇਂਦਰ ਬਣਿਆਂ ਹੋਇਆ ਸੀ। ਫੌਜ ਨੇ ਉਹ ਘੇਰ ਲਿਆ। ਲੜਾਈ ਹੋਈ। ਅਕਾਲ ਤਖਤ ਢਾਹ ਦਿੱਤਾ ਗਿਆ।

ਪਿੰਡ ਦੇ ਮੁੰਡੇ, ਜਿਨ੍ਹਾਂ ਨੇ ਰੀਸੋ ਰੀਸੀ ਆਪਣੀਆਂ ਦਾੜ੍ਹੀਆਂ ਖੁਲ੍ਹੀਆਂ ਛੱਡਣੀਆਂ ਸ਼ੁਰੂ ਕਰ ਦਿੱਤੀਆਂ, ਕੇਸਰੀ ਪੱਗਾਂ ਬੰਨ੍ਹਣ ਲੱਗੇ, ਮੇਰੇ ਕੋਲ ਆਉਂਦੇ। ਅੱਖਾਂ 'ਚ ਹੰਝੂ ਭਰ ਆਖਦੇ, "ਸਾਡਾ ਤਾਂ ਕੱਖ ਨੀ ਰਿਹਾ। ਤਬਾਹ ਕਰਕੇ ਰੱਖਤਾ ਸਾਨੂੰ, ਬੁੱਚੜਾਂ ਨੇ।"

ਮੈਂ ਸੁਣੀ ਜਾਂਦਾ, ਸੁਣੀ ਜਾਂਦਾ। ਫੇਰ ਧਰਵਾਸ ਦਿੰਦਾ, "ਕੋਈ ਗੱਲ ਨੀ। ਫੇਰ ਬਣਜੂ।" ਸੁਣਕੇ ਉਹ ਹੈਰਾਨ ਰਹਿ ਜਾਂਦੇ।

"ਇਹ ਕਿਹੋ ਜਿਹਾ ਸਿੱਖ ਐ ?" ਕਈ ਕਹਿੰਦੇ।

"ਗਦਾਰ ਐ।" ਦੂਜੇ ਫਤਵਾ ਦਿੰਦੇ।

ਪਿੰਡ ਦੇ ਬਹੁਤੇ ਲੋਕ ਮੇਰੀ ਖੁਲ੍ਹਮ-ਖਲ੍ਹਾ ਨਿਖੇਧੀ ਕਰਦੇ। ਪਿੰਡ ਦੇ ਗੱਭਰੂ ਪਿੰਡੋਂ ਬਾਹਰ ਜਾ ਜਾ, ਖੁਫੀਆ ਮੀਟਿੰਗਾਂ ਕਰਦੇ। ਮੈਨੂੰ 'ਸੋਧਣ' ਦੀਆਂ ਸਲਾਹਾਂ ਦਿੱਤੀਆਂ ਜਾਣ ਲੱਗੀਆਂ।

ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਉੱਡਣ ਲੱਗੀਆਂ। ਕਈ ਕਹਿਣ 'ਸੰਤ ਜੀ' ਪਾਕਿਸਤਾਨ 'ਚ ਨੇ। ਸਮੇਂ ਸਿਰ ਹਾਜਰ ਹੋਣਗੇ। ਕਈ ਇਹ ਵੀ ਆਖਦੇ," ਸੰਤ ਜੀ, ਚਿੱਟੇ ਘੋੜੇ ਉਤੇ ਅਸਾਵਾਰ ਹੋ ਕੇ ਆਉਂਦੇ ਨੇ। ਰਾਤ ਨੂੰ। ਬਈ, ਮੈਂ ਜਿਉਂਦਾ ਜਾਗਦਾ ਥੋਡੇ ਸਾਹਮਣੇ ਆਂ—ਸਾਮਰਤੱਖ। ਮੋਰਚਾ ਲਾਈ ਰੱਖਣੈ......ਕਈ ਘਰਾਂ 'ਚ ਉਹਨਾਂ ਦੀਆਂ ਟੇਪਾਂ ਸ਼ਰੇਆਮ ਵੱਜਦੀਆਂ ਰਹਿੰਦੀਆਂ।

ਮੈਨੂੰ ਇਹ ਸਭ ਕੁਝ ਓਪਰਾ ਓਪਰਾ ਲਗਦਾ। ਕਦੇ ਕਦੇ ਇਹ ਵੀ ਸੋਚਦਾ ਕਿ ਹਾਲਾਤ ਆਮ ਵਰਗੇ ਹੋ ਜਾਣਗੇ। ਕਦੇ ਤਾਂ ਹੋਣਗੇ ?



1984 ਦੇ ਅਕਤੂਬਰ ਦੀ 31 ਤਾਰੀਖ ਨੂੰ ਰੇਡੀਓ ਤੋਂ ਬੱਸ ਏਨੀ ਖਬਰ ਸੁਣੀ ਸੀ ਕਿ ਸਾਡੀ ਹਰਮਨ ਪਿਆਰੀ, ਸਾਡੇ ਦੇਸ ਦੀ ਮਾਣਯੋਗ ਪ੍ਰਧਾਨ ਮੰਤਰੀ ਜੀ, ਸ੍ਰੀਮਤੀ ਇੰਦਰਾ ਗਾਂਧੀ ਦੀ ਉਹਦੇ ਆਪਣੇ ਸਿੱਖ ਬਾਡੀ-ਗਾਰਡਾਂ ਨੇ ਗੋਲੀਆਂ ਨਾਲ ਹੱਤਿਆ ਕਰ ਦਿੱਤੀ। ਪਤਾ ਨਹੀਂ ਕਿਉਂ ਮੈਨੂੰ ਮਹਿਸੂਸ ਹੋਇਆ ਕਿ ਅਨਾਊਂਸਰ ਜ਼ਿਆਦਾ ਜ਼ੋਰ ਸ਼ਬਦ 'ਸਿੱਖ' 'ਤੇ ਦੇ ਰਿਹਾ ਸੀ ਮੈਂ ਪ੍ਰੇਸ਼ਾਨ ਹੋ ਗਿਆ। ਅੰਦਰ ਵੜਕੇ ਪਿਆ ਰਿਹਾ। ਭੁੱਖ, ਤੇਹ ਪਤਾ ਨਹੀਂ ਕਿੱਥੇ ਉੱਡ ਗਈ।

ਦੂਜੇ ਤੀਜੇ ਦਿਨ ਮੈਂ ਪੰਡਤ ਬਿਰਜ ਲਾਲ ਦੇ ਘਰ ਗਿਆ। ਉਹਨਾਂ ਦੇ ਘਰ ਟੈਲੀਵਿਜ਼ਨ ਸੀ। ਓਥੇ ਤਾਂ ਜੀ, ਪੰਡਤ ਜੀ ਦਾ ਹਾਲ ਕਮਰਾ ਭਰਿਆ ਪਿਆ ਸੀ। ਤੀਮੀਆਂ-ਮਰਦਾਂ ਨਾਲ। ਤੀਮੀਆਂ ਟੀ. ਵੀ. ਦੇਖੀ ਜਾਣ। ਰੋਈ ਜਾਣ। ਰੋਈ ਜਾਣ; ਨੱਕ ਸਿਣਕੀ ਜਾਣ। ਸਾਰੇ ਹਾਲ 'ਚ ਪਿੰਡ ਦਾ ਕੋਈ ਸਿੱਖ ਮੈਨੂੰ ਦਿਖਾਈ ਨਾ ਦਿੱਤਾ।

ਟੀ. ਵੀ. 'ਚ ਉਚੇ ਜਿਹੇ ਥੜ੍ਹੇ 'ਤੇ ਪ੍ਰਧਾਨ ਮੰਤਰੀ ਦੀ ਲਾਸ਼ ਪਈ ਸੀ। ਲੋਕ ਕਤਾਰਾਂ ਬੰਨ੍ਹਕੇ, ਉਨ੍ਹਾਂ ਦੇ ਅੰਤਿਮ-ਦਰਸ਼ਨ ਕਰਨ, ਆ ਰਹੇ ਸਨ। 'ਟੀ. ਵੀ. ਦਾ ਕਿੰਨਾ ਸੁਖ ਐ ; ਸਾਰਾ ਹਿੰਦੋਸਤਾਨ ਆਪਣੀ ਮਹਿਬੂਬ ਨੇਤਾ, ਪ੍ਰਿਯਦਰਸ਼ਨੀ, ਸ੍ਰੀਮਤੀ ਇੰਦਰਾ ਗਾਂਧੀ ਦੇ ਅੰਤਿਮ-ਦਰਸ਼ਨ ਕਰ ਰਿਹੈ।' ਮੈਂ ਸੋਚਿਆ ਤੇ ਹੋਰ ਵੀ ਧਿਆਨ ਨਾਲ ਦੇਖਿਆ। ਸਿੱਖ ਤਾਂ ਟੀ. ਵੀ. 'ਚ ਵੀ ਮੈਨੂੰ ਕੋਈ ਦਿਖਾਈ ਨਾ ਦਿੱਤਾ। ਅੰਦਰੋਂ ਨਾਹਰੇ ਜ਼ਰੂਰ ਸੁਣਾਈ ਦਿੱਤੇ, "ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ।"

ਮੇਰੇ ਅੰਦਰੋਂ ਹੌਲ ਜਿਹਾ ਉੱਠਿਆ।

"ਉਹ ਕਿੱਧਰ ਗਏ ?" ਮੈਂ ਆਦਰ ਨਾਲ ਪੰਡਤ ਜੀ ਤੋਂ ਪੁੱਛਿਆ।

"ਉਹ ਕੌਣ ?" ਪੰਡਤ ਜੀ ਹੋਰ ਤਰ੍ਹਾਂ ਝਾਕੇ ਮੇਰੀ ਵੱਲ।

ਫੇਰ ਓਥੇ ਬੈਠੇ ਸਭ ਲੋਕ। ਉਹ ਵੀ ਓਵੇਂ। ਇਹ ਕਿਹੋ ਜਹੀ ਝਾਕਣੀ ਸੀ। ਬੋਲਿਆ ਤਾਂ ਮੈਤੋਂ ਗਿਆ ਨਾ। ਮੇਰੀਆਂ ਖਾਲੀ ਖਾਲੀ ਅੱਖਾਂ 'ਚੋਂ ਉਹਨਾਂ ਭਾਂਪ ਜ਼ਰੂਰ ਲਿਆ ਹੋਊ। ਮੈਂ ਅੱਜ ਤਕ ਹੈਰਾਨ ਹਾਂ ਕਿ ਓਦੋਂ ਮੇਰੀ ਜੀਭ ਕਿਉਂ ਠਾਕੀ ਗਈ। ਮੈਤੋਂ ਕਿਉਂ ਨਾ ਬੋਲਿਆ ਗਿਆ, 'ਸਿੱਖ'। ਮੈਂ ਉਹਨੀਂ ਪੈਰੀਂ ਮੁੜ ਆਇਆ। ਕੁਝ ਉਦਾਸ; ਕੁਝ ਮਾਯੂਸ।

ਅਖਬਾਰਾਂ ਆਈਆਂ। ਸੈਂਸਰ ਹੋਈਆਂ ਹੋਈਆਂ। ਉਹਨਾਂ 'ਚ ਖਾਲੀ ਡੱਬੀਆਂ ਲੋਕਾਂ ਦਾ ਮੂੰਹ ਚਿੜਾ ਰਹੀਆਂ ਸਨ। ਉਹਨਾਂ ਨੂੰ ਦੇਖ ਦੇਖ ਲੋਕਾਂ ਦੇ ਅੰਦਰ ਡੱਬੀਆਂ ਬਣਨ ਲੱਗ ਪਈਆਂ। ਸਭ ਦੀਆਂ ਆਪੋ ਆਪਣੀਆਂ ਡੱਬੀਆਂ 'ਚ ਅਫਵਾਹਾਂ ਸਨ। ਅਫਵਾਹਾਂ ਚੀਕੀਆਂ। ਦਿੱਲੀ, ਕਾਨਪੁਰ, ਜਮਸ਼ੇਦਪੁਰ .....ਹੋਰ ਕਈ ਪੁਰਾਂ 'ਚ ਦੰਗੇ। ਹਿੰਦੂ-ਸਿੱਖਾਂ 'ਚ ਝੜੱਪਾਂ। ਸੈਂਕੜੇ ਬੰਦੇ ਮਾਰੇ ਗਏ, ਫੂਕੇ ਗਏ, ਘਰਾਂ ਨੂੰ ਅੱਗ......ਲੋਕੀਂ ਡੱਬੀਆਂ 'ਚੋਂ ਚਿਹਰੇ ਪਛਾਣਨ ਲੱਗੇ। ਕਿਹੜੇ ਚਿਹਰੇ ਮਰੇ ? ਸਿੱਖ ਆਖਣ ਸਿੱਖ। ਹਿੰਦੂ, ਹਿੰਦੂ।

ਜਦੋਂ ਮੈਨੂੰ ਪਤਾ ਲੱਗਾ ਕਿ ਹਜ਼ਾਰਾਂ ਬੇਗੁਨਾਹ ਸਿੱਖ ਮਾਰੇ ਗਏ ਤਾਂ ਮੇਰੇ ਅੰਦਰੋਂ 'ਕੜੱਕ' ਕਰਕੇ ਕੁਝ ਟੁੱਟਿਆ।

ਹੀ ਅੰਦਰ ਵੜ ਜਾਂਦੇ । ਇਹ ਕੀ ਹੋ ਰਿਹਾ ਸੀ ? ਕਿਉਂ ਹੋ ਰਿਹਾ ਸੀ ? ਮੇਰੀ ਸਮਝ ਵਿਚ ਨਾ ਆਇਆ । ਅਖਬਾਰਾਂ 'ਚ ਹਿੰਦੂ-ਸਿੱਖ ਵਖਰੇਵੇਂ, ਤਣਾਓ ਦੀਆਂ ਗੱਲਾਂ ਛੱਪਦੀਆਂ । ਅਸੀਂ ਹੈਰਾਨ ਹੁੰਦੇ । ਪਿੰਡਾਂ 'ਚ ਇਹੋ ਜਿਹੀ ਕੋਈ ਗੱਲ ਨਜ਼ਰ ਨਹੀਂ ਸੀ ਆਉਂਦੀ । ਹੁੰਦੀ ਤਾਂ ਨਜ਼ਰ ਆਉਂਦੀ ! ਬਾਪੂ ਦਾਰੂ ਦਾ ਪਊਆ ਪੀਕੇ ਆਪਣਾ ਉਬਾਲ ਕੱਢਦਾ, "ਇਹ ਸਾਰਾ ਜੱਬ੍ਹ ਸ਼ਹਿਰੀਆਂ ਨੇ ਪਾਇਐ । ਇਹਨਾਂ ਦੇ ਰੋਟੀ ਹਜ਼ਮ ਨੀ ਹੁੰਦੀ। ਆਫ਼ਰਗੇ ਸਾਲੇ । ਗੱਦੀ ਖੋਹਣ ਨੂੰ ਮਰਦੇ ਨੇ । ਹੋਰ ਰੌਲਾ ਕਾਹਦੈ ? ਇਹਨਾਂ ਦੀ ਧੜੇਬੰਦੀ ਨੇ ਪੱਟਤਾ ਪੰਜਾਬ ! ਇਹ ਸੌਦੇਬਾਜ਼ੀਆਂ 'ਚ ਪਏ ਹੋਏ ਨੇ । ਆਮ ਮਿਹਨਤੀ ਲੋਕ, ਮਜ਼ਦੂਰ ਮਰਦੇ ਨੇ ।" ਉਹ ਬੋਲੀ ਜਾਂਦਾ ।

ਮੈਂ ਧਾਰਮਿਕ ਕੱਟੜਪੁਣੇ ਦਾ ਹਾਮੀ ਨਹੀਂ ਸਾਂ । ਭਾਵੇਂ ਪੰਜਾਬੀ ਸੂਬੇ ਦੇ ਘੋਲ ; ਐਮਰਜੈਂਸੀ ਦੇ ਦਿਨਾਂ 'ਚ ਬਾਪੂ ਨੇ ਡਾਂਗਾਂ ਖਾਧੀਆਂ, ਜੇਲ੍ਹ ਗਿਆ । ਪਰ ਫਿਰਕਾਪ੍ਰਸਤ ਉਹ ਵੀ ਨਹੀਂ ਸੀ ਬਣਿਆਂ । ਉਹਦੀ ਇਸ ਸੋਚ ਦਾ ਮੈਂ ਕਾਇਲ ਜਾਂ । ਉਹ ਆਪਣੇ ਸਾਮਿਆਂ ਦਾ ਅਗਾਂਹ-ਵਧੂ ਬਦਾ ਸੀ । ਚਿੱਠੇ ਉਹਦੇ ਇਸ ਗੱਲ ਦੀ ਗਵਾਹੀ ਭਰਦੇ ਸਨ ।

ਇਕ ਬਹੁਤ ਬੜੀ ਘਟਨਾ ਵਾਪਰੀ ਫੇਰ । ਅਪਰੇਸ਼ਨ ਨੀਲਾ ਤਾਰਾ ! ਬੜੇ ਚਿਰ ਤੋਂ ਹਰਿਮੰਦਰ ਸਾਹਿਬ ਸਾਰੇ ਸੰਸਾਰ ਦੀਆਂ ਖਬਰਾਂ ਦਾ ਕੇਂਦਰ ਬਣਿਆਂ ਹੋਇਆ ਸੀ । ਫੌਜ ਨੇ ਉਹ ਘੇਰ ਲਿਆ । ਲੜਾਈ ਹੋਈ । ਅਕਾਲ ਤਖਤ ਢਾਹ ਦਿੱਤਾ ਗਿਆ ।

ਪਿੰਡ ਦੇ ਮੁੰਡੇ, ਜਿਨ੍ਹਾਂ ਨੇ ਰੀਸੋ ਰੀਸੀ ਆਪਣੀਆਂ ਦਾੜ੍ਹੀਆਂ ਖੁਲ੍ਹੀਆਂ ਛੱਡਣੀਆਂ ਸ਼ੁਰੂ ਕਰ ਦਿੱਤੀਆਂ, ਕੇਸਰੀ ਪੱਗਾਂ ਬੰਨ੍ਹਣ ਲੱਗੇ, ਮੇਰੇ ਕੋਲ ਆਉਂਦੇ । ਅੱਖਾਂ 'ਚ ਹੰਝੂ ਭਰ ਆਖਦੇ, "ਸਾਡਾ ਤਾਂ ਕੱਖ ਨੀ ਰਿਹਾ । ਤਬਾਹ ਕਰਕੇ ਰੱਖਤਾ ਸਾਨੂੰ, ਬੁੱਚੜਾਂ ਨੇ ।"

ਮੈਂ ਸੁਣੀ ਜਾਂਦਾ, ਸੁਣੀ ਜਾਂਦਾ । ਫੇਰ ਧਰਵਾਸ ਦਿੰਦਾ, "ਕੋਈ ਗੱਲ ਨੀ । ਫੇਰ ਬਣਜੂ ।" ਸੁਣਕੇ ਉਹ ਹੈਰਾਨ ਰਹਿ ਜਾਂਦੇ ।

"ਇਹ ਕਿਹੋ ਜਿਹਾ ਸਿੱਖ ਐ ?" ਕਈ ਕਹਿੰਦੇ ।

"ਗਦਾਰ ਐ ।" ਦੂਜੇ ਫਤਵਾ ਦਿੰਦੇ ।

ਪਿੰਡ ਦੇ ਬਹੁਤੇ ਲੋਕ ਮੇਰੀ ਖੁਲ੍ਹਮ-ਖਲ੍ਹਾ ਨਿਖੇਧੀ ਕਰਦੇ । ਪਿੰਡ ਦੇ ਗੱਭਰੂ ਪਿੰਡੋਂ ਬਾਹਰ ਜਾ ਜਾ, ਖੁਫੀਆ ਮੀਟਿੰਗਾਂ ਕਰਦੇ । ਮੈਨੂੰ 'ਸੋਧਣ' ਦੀਆਂ ਸਲਾਹਾਂ ਦਿੱਤੀਆਂ ਜਾਣ ਲੱਗੀਆਂ ।

ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਉੱਡਣ ਲੱਗੀਆਂ । ਕਈ ਕਹਿਣ 'ਸੰਤ ਜੀ' ਪਾਕਿਸਤਾਨ 'ਚ ਨੇ । ਸਮੇਂ ਸਿਰ ਹਾਜ਼ਰ ਹੋਣਗੇ । ਕਈ ਇਹ ਵੀ ਆਖਦੇ," ਸੰਤ ਜੀ, ਚਿੱਟੇ ਘੋੜੇ ਉਤੇ ਅਸਵਾਰ ਹੋ ਕੇ ਆਉਂਦੇ ਨੇ । ਰਾਤ ਨੂੰ । ਬਈ, ਮੈਂ ਜਿਉਂਦਾ ਜਾਗਦਾ ਥੋਡੇ ਸਾਹਮਣੇ ਆਂ—ਸਾਮਰਤੱਖ । ਮੋਰਚਾ ਲਾਈ ਰੱਖਣੈ...... ਕਈ ਘਰਾਂ 'ਚ ਉਹਨਾਂ ਦੀਆਂ ਟੇਪਾਂ ਸ਼ਰੇਆਮ ਵੱਜਦੀਆਂ ਰਹਿੰਦੀਆਂ ।

ਮੈਨੂੰ ਇਹ ਸਭ ਕੁਝ ਓਪਰਾ ਓਪਰਾ ਲਗਦਾ । ਕਦੇ ਕਦੇ ਇਹ ਵੀ ਸੋਚਦਾ ਕਿ ਹਾਲਾਤ ਆਮ ਵਰਗੇ ਹੋ ਜਾਣਗੇ । ਕਦੇ ਤਾਂ ਹੋਣਗੇ ?



1984 ਦੇ ਅਕਤੂਬਰ ਦੀ 31 ਤਾਰੀਖ ਨੂੰ ਰੇਡੀਓ ਤੋਂ ਬੱਸ ਏਨੀ ਖਬਰ ਸੁਣੀ ਸੀ ਕਿ ਸਾਡੀ ਹਰਮਨ ਪਿਆਰੀ, ਸਾਡੇ ਦੇਸ਼ ਦੀ ਮਾਣਯੋਗ ਪ੍ਰਧਾਨ ਮੰਤਰੀ ਜੀ, ਸ੍ਰੀਮਤੀ ਇੰਦਰਾ ਗਾਂਧੀ ਦੀ ਉਹਦੇ ਆਪਣੇ ਸਿੱਖ ਬਾਡੀ-ਗਾਰਡਾਂ ਨੇ ਗੋਲੀਆਂ ਨਾਲ ਹੱਤਿਆ ਕਰ ਦਿੱਤੀ । ਪਤਾ ਨਹੀਂ ਕਿਉਂ ਮੈਨੂੰ ਮਹਿਸੂਸ ਹੋਇਆ ਕਿ ਅਨਾਉਂਸਰ ਜ਼ਿਆਦਾ ਜ਼ੋਰ ਸ਼ਬਦ 'ਸਿੱਖ' 'ਤੇ ਦੇ ਰਿਹਾ ਸੀ । ਮੈਂ ਪ੍ਰੇਸ਼ਾਨ ਹੋ ਗਿਆ । ਅੰਦਰ ਵੜਕੇ ਪਿਆ ਰਿਹਾ । ਭੁੱਖ, ਤੇਹ ਪਤਾ ਨਹੀਂ ਕਿੱਥੇ ਉੱਡ ਗਈ ।

ਦੂਜੇ ਤੀਜੇ ਦਿਨ ਮੈਂ ਪੰਡਤ ਬਿਰਜ ਲਾਲ ਦੇ ਘਰ ਗਿਆ । ਉਹਨਾਂ ਦੇ ਘਰ ਟੈਲੀਵਿਜ਼ਨ ਸੀ । ਓਥੇ ਤਾਂ ਜੀ, ਪੰਡਤ ਜੀ ਦਾ ਹਾਲ ਕਮਰਾ ਭਰਿਆ ਪਿਆ ਸੀ । ਤੀਮੀਆਂ-ਮਰਦਾਂ ਨਾਲ । ਤੀਮੀਆਂ ਟੀ. ਵੀ. ਦੇਖੀ ਜਾਣ । ਰੋਈ ਜਾਣ । ਰੋਈ ਜਾਣ; ਨੱਕ ਸਿਣਕੀ ਜਾਣ । ਸਾਰੇ ਹਾਲ 'ਚ ਪਿੰਡ ਦਾ ਕੋਈ ਸਿੱਖ ਮੈਨੂੰ ਦਿਖਾਈ ਨਾ ਦਿੱਤਾ ।

ਟੀ. ਵੀ. 'ਚ ਉਚੇ ਜਿਹੇ ਥੜ੍ਹੇ 'ਤੇ ਪ੍ਰਧਾਨ ਮੰਤਰੀ ਦੀ ਲਾਸ਼ ਪਈ ਸੀ । ਲੋਕ ਕਤਾਰਾਂ ਬੰਨ੍ਹਕੇ, ਉਨ੍ਹਾਂ ਦੇ ਅੰਤਿਮ-ਦਰਸ਼ਨ ਕਰਨ, ਆ ਰਹੇ ਸਨ । 'ਟੀ. ਵੀ. ਦਾ ਕਿੰਨਾ ਸੁਖ ਐ ; ਸਾਰਾ ਹਿੰਦੋਸਤਾਨ ਆਪਣੀ ਮਹਿਬੂਬ ਨੇਤਾ, ਪ੍ਰਿਯਦਰਸ਼ਨੀ, ਸ੍ਰੀਮਤੀ ਇੰਦਰਾ ਗਾਂਧੀ ਦੇ ਅੰਤਿਮ-ਦਰਸ਼ਨ ਕਰ ਰਿਹੈ ।' ਮੈਂ ਸੋਚਿਆ ਤੇ ਹੋਰ ਵੀ ਧਿਆਨ ਨਾਲ ਦੇਖਿਆ । ਸਿੱਖ ਤਾਂ ਟੀ. ਵੀ. 'ਚ ਵੀ ਮੈਨੂੰ ਕੋਈ ਦਿਖਾਈ ਨਾ ਦਿੱਤਾ । ਅੰਦਰੋਂ ਨਾਹਰੇ ਜ਼ਰੂਰ ਸੁਣਾਈ ਦਿੱਤੇ, "ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ ।"

ਮੇਰੇ ਅੰਦਰੋਂ ਹੌਲ ਜਿਹਾ ਉੱਠਿਆ ।

"ਉਹ ਕਿੱਧਰ ਗਏ ?" ਮੈਂ ਆਦਰ ਨਾਲ ਪੰਡਤ ਜੀ ਤੋਂ ਪੁੱਛਿਆ ।

"ਉਹ ਕੌਣ ?" ਪੰਡਤ ਜੀ ਹੋਰ ਤਰ੍ਹਾਂ ਝਾਕੇ ਮੇਰੀ ਵੱਲ ।

ਫੇਰ ਓਥੇ ਬੈਠੇ ਸਭ ਲੋਕ । ਉਹ ਵੀ ਓਵੇਂ । ਇਹ ਕਿਹੋ ਜਹੀ ਝਾਕਣੀ ਸੀ । ਬੋਲਿਆ ਤਾਂ ਮੈਤੋਂ ਗਿਆ ਨਾ । ਮੇਰੀਆਂ ਖਾਲੀ ਖਾਲੀ ਅੱਖਾਂ 'ਚੋਂ ਉਹਨਾਂ ਭਾਂਪ ਜ਼ਰੂਰ ਲਿਆ ਹੋਊ । ਮੈਂ ਅੱਜ ਤਕ ਹੈਰਾਨ ਹਾਂ ਕਿ ਓਦੋਂ ਮੇਰੀ ਜੀਭ ਕਿਉਂ ਠਾਕੀ ਗਈ । ਮੈਤੋਂ ਕਿਉਂ ਨਾ ਬੋਲਿਆ ਗਿਆ, 'ਸਿੱਖ' । ਮੈਂ ਉਹਨੀਂ ਪੈਰੀਂ ਮੁੜ ਆਇਆ । ਕੁਝ ਉਦਾਸ; ਕੁਝ ਮਾਯੂਸ ।

ਅਖਬਾਰਾਂ ਆਈਆਂ । ਸੈਂਸਰ ਹੋਈਆਂ ਹੋਈਆਂ । ਉਹਨਾਂ 'ਚ ਖਾਲੀ ਡੱਬੀਆਂ ਲੋਕਾਂ ਦਾ ਮੂੰਹ ਚਿੜਾ ਰਹੀਆਂ ਸਨ । ਉਹਨਾਂ ਨੂੰ ਦੇਖ ਦੇਖ ਲੋਕਾਂ ਦੇ ਅੰਦਰ ਡੱਬੀਆਂ ਬਣਨ ਲੱਗ ਪਈਆਂ । ਸਭ ਦੀਆਂ ਆਪੋ ਆਪਣੀਆਂ ਡੱਬੀਆਂ 'ਚ ਅਫਵਾਹਾਂ ਸਨ । ਅਫਵਾਹਾਂ ਚੀਕੀਆਂ । ਦਿੱਲੀ, ਕਾਨਪੁਰ, ਜਮਸ਼ੇਦਪੁਰ ....ਹੋਰ ਕਈ ਪੁਰਾਂ 'ਚ ਦੰਗੇ । ਹਿੰਦੂ-ਸਿੱਖਾਂ 'ਚ ਝੜੱਪਾਂ । ਸੈਂਕੜੇ ਬੰਦੇ ਮਾਰੇ ਗਏ, ਫੂਕੇ ਗਏ, ਘਰਾਂ ਨੂੰ ਅੱਗ......ਲੋਕੀਂ ਡੱਬੀਆਂ 'ਚੋਂ ਚਿਹਰੇ ਪਛਾਨਣ ਲੱਗੇ । ਕਿਹੜੇ ਚਿਹਰੇ ਮਰੇ ? ਸਿੱਖ ਆਖਣ ਸਿੱਖ । ਹਿੰਦੂ, ਹਿੰਦੂ ।

ਜਦੋਂ ਮੈਨੂੰ ਪਤਾ ਲੱਗਾ ਕਿ ਹਜ਼ਾਰਾਂ ਬੇਗੁਨਾਹ ਸਿੱਖ ਮਾਰੇ ਗਏ ਤਾਂ ਮੇਰੇ ਅੰਦਰੋਂ 'ਕੜੱਕ' ਕਰਕੇ ਕੁਝ ਟੁੱਟਿਆ ।

ਇਹ 'ਦਹਿਲ' ਸੀ। ਖਤਰੇ ਦਾ ਅਲਾਰਮ।

ਮੇਰੀ ਸੋਚ ਨੇ ਮੋੜ ਕੱਟਿਆ। ਤੇ ਇਕ ਪਾਸੇ ਨੂੰ ਤੁਰ ਪਈ। ਤੁਰਦੀ ਤੁਰਦੀ ਤੰਗ ਹਨੇਰੀ ਗਲੀ 'ਚ ਜਾ ਵੜੀ। ਬਾਕੀ ਰਾਹ ਬੰਦ।

ਹੁਣ ਮੈਂ 'ਖਾੜਕੂ' ਸਿੱਖ ਯੁਵਕਾਂ 'ਚ ਬੈਠਾ ਸਾਂ। ਪਿੰਡ ਦੇ ਬਾਹਰਵਾਰ। ਬਾਹਰੋਂ ਆਇਆ ਇਕ ਜਣਾ ਭਾਸ਼ਨ ਦੇ ਰਿਹਾ ਸੀ! ਉਹਦੇ ਬਚਨ ਬਲਾਮ ਸੁਣਦਿਆਂ ਮੇਰੇ ਲੂੰ ਕੰਡੇ ਖੜ੍ਹੇ ਹੋ ਗਏ। ਫੇਰ ਤਾਂ ਚੱਲ ਸੋ ਚੱਲ। ਭਾਸ਼ਨਾਂ ਦਾ ਅਨੰਤ ਸਿਲਸਿਲਾ ਜਾਰੀ ਸੀ।

ਮੈਂ ਦਿਲੋਂ ਮਹਿਸੂਸ ਕਰਨ ਲੱਗ ਪਿਆ ਕਿ ਜੇ ਇਉਂ ਹੀ ਸਾਡੇ ਨਾਲ ਹੁੰਦਾ ਰਿਹਾ, ਅਸੀਂ ਤਾਂ ਖਤਮ ਹੋ ਜਾਵਾਂਗੇ। ਸਾਡੀ 'ਪਛਾਣ' ਏ ਕੋਈ ਨਹੀਂ ਰਹਿਣੀ।

ਨਿੱਤ ਬੈਠਕਾਂ ਹੁੰਦੀਆਂ। ਨਿੱਤ ਉਹੀ ਗੱਲਾਂ। ਇਕੋ ਰੰਗ ਦੀਆਂ। ਹੋਰ ਕੁਝ ਸੁਝਦਾ ਈ ਨਹੀਂ ਸੀ। ਮੈਂ ਰੰਗਿਆ ਗਿਆ।

ਕੁਝ ਸਮਾਂ ਪਾ ਕੇ ਸਾਨੂੰ ਗੁਪਤ ਥਾਂਵਾਂ 'ਤੇ ਲਿਜਾਇਆ ਜਾਣ ਲੱਗਾ। 'ਐਕਸ਼ਨ' ਕਰਕੇ ਸੋਧਣ ਦੀਆਂ ਸਕੀਮਾਂ ਬਣਨ ਲੱਗੀਆਂ।

ਮੈਨੂੰ ਬੇਮਲੂਮੀ ਜਿਹੀ ਪ੍ਰੇਸ਼ਾਨੀ ਨੇ ਆ ਘੇਰਿਆ। ਸਾਡੇ ਗਰੁੱਪ ਦੇ ਸਾਰੇ ਬੰਦੇ ਸਖਤ ਸਨ। ਕਮਾਂਡਰ ਦੇ ਹੁਕਮ 'ਤੇ 'ਸਤਿ ਬਚਨ' ਬੱਸ। ਝਿਜਕ, ਰਹਿਮ ਦਿਖਾਉਣ ਆਲੇ ਬੰਦੇ ਨੂੰ ਉਹ ਮਾਫ ਨਹੀਂ ਸਨ ਕਰਦੇ। ਜੋ ਵੀ 'ਰਾਹ' ਤੋਂ ਮੁੜਿਆ। 'ਸੋਧ' ਦਿੱਤਾ। ਉਹਨਾਂ 'ਚੋਂ ਇਕ ਬੰਦਾ ਮੈਨੂੰ ਕੁਝ ਮਿਲਾਪੜਾ ਲੱਗਿਆ। ਮੈਂ ਉਹਨੂੰ ਵਿਸ਼ਵਾਸ 'ਚ ਲੈ ਕੇ, ਡਰਦੇ, ਝਿਜਕਦੇ ਨੇ ਆਖਿਆ :

"ਮੈਂ ਤਾਂ ਬੰਦਾ ਕਦੇ ਮਾਰਿਆ ਨੀ! ਕੀ ਕਰਾਂ?"

"ਇਹ ਤਾਂ ਗੱਲ ਏ ਕੁਸ਼ ਨੀ। ਸਹੁੰ ਗੁਰੂ ਦੀ ਭੋਰਾ ਦੁਖ ਨੀ ਲਗਦਾ। ਗੋਲੀ ਚੱਲੀ। ਕਿੱਸਾ ਖਤਮ।" ਕਿੰਨੇ ਆਰਾਮ, ਕਿੰਨੇ ਸਹਿਜ ਢੰਗ ਨਾਲ ਉਹ ਬੋਲ ਰਿਹਾ ਸੀ।

ਮੈਨੂੰ ਯਾਦ ਆਇਆ। ਦੰਗਿਆਂ ਪਿੱਛੋਂ ਮੈਨੂੰ ਇਕ ਕੰਮ ਜਾਣਾ ਪਿਆ, ਅੰਬਾਲੇ। ਰੇਲ ਦਾ ਸਫਰ। ਡੱਬੇ 'ਚ ਬੈਠੇ ਬੰਦੇ ਚੁੱਪ ਸਨ। ਕੋਈ ਗੱਲ ਕਰਦਾ ਵੀ ਤਾਂ ਕੰਨ 'ਚ। ਚੁੱਪ ਵਰਗੀ ਡਰਾਉਣੀ ਘੁਸਰ ਮੁਸਰ। ਸਭ ਦੇ ਚਿਹਰਿਆਂ 'ਤੇ ਮੁਰਦੇਹਾਣੀ। ਮੇਰੇ ਕੋਲ ਬੈਠੀ ਇਕ ਬੀਬੀ ਦੀਆਂ ਅੱਖਾਂ 'ਚੋਂ ਪਾਣੀ ਵਗ ਪਿਆ। ਪਰਲ ਪਰਲ।

"ਕੀ ਹੋਇਆ, ਬੀਬੀ?" ਮੈਂ ਹਮਦਰਦੀ ਵਜੋਂ ਮਲਕੜੇ ਪੁੱਛਿਆ।

"ਇਹ ਵੀ ਕੋਈ ਮਾਰਨ ਦਾ ਢੰਗ ਐ, ਭਰਾ ਜੀ! ਤੜਫਾ ਤੜਫਾ ਕੇ। ਗਲ 'ਚ ਟਾਇਰ ਪਾ ਕੇ ਅੱਗ ਲਾ ਦੇਣੀ! ਮੂੰਹ 'ਚ ਪਟਰੋਲ ਪਾ ਕੇ ਤੀਲੀ ਲਾਉਣੀ......।" ਹੌਂਕੂ, ਹਉਕਿਆਂ ਵਰਗੀਆਂ ਗੱਲਾਂ ਉਹਦੀਆਂ ਮੈਤੋਂ ਸੁਣ ਨਾ ਹੋਈਆਂ। ਬੇਮਨਾਂ ਹੋ ਕੇ ਮੈਂ ਡੱਬੇ ਦੀ ਤਾਕੀ 'ਚੋਂ ਬਾਹਰ ਦੇਖਣ ਲੱਗ ਪਿਆ!

ਅੰਦਰ ਤਾਂ ਘੁਟਣ ਏਂ ਬਹੁਤ ਸੀ।

"ਗੋਲੀ ਚੱਲੀ! ਕਿੱਸਾ ਖਤਮ!" ਮੇਰੇ ਨਾਲ ਦਾ ਕਿੰਨਾ ਸਹਿਜ ਸੀ। ਉਹ ਮੈਨੂੰ ਦਲੇਰ ਹੋਣ ਲਈ, ਮਾਨਸਿਕ ਤੌਰ 'ਤੇ ਤਿਆਰ ਕਰ ਰਿਹਾ ਸੀ। 'ਦੋ ਕੁ ਐਕਸ਼ਨਾਂ 'ਤੇ ਜਾਈਂ ਗੋਲੀ ਭਾਵੇਂ ਨਾ ਚਲਾਈਂ। ਜਾਹ ਤੈਨੂੰ ਛੋਟ.....ਫੇਰ ਤੇਰੀ ਝਿਜਕ ਆਪੇ ਦੂਰ ਹੋ ਜੂ।" ਉਹ ਹੱਸਿਆ। ਉਂ, ਉਹਨਾਂ 'ਚੋਂ ਹੱਸਦਾ ਮੈਂ ਕਦੇ ਕੋਈ ਦੇਖਿਆ ਨਾ ਸੀ।

ਇਕ 'ਐਕਸ਼ਨ' 'ਤੇ ਉਹ ਮੈਨੂੰ ਲੈ ਗਏ। ਇਕ 'ਮੁਖਬਰ' ਦੇ ਟੱਬਰ ਨੂੰ ਸੋਧਣਾ ਸੀ।

ਰਾਤ ਨੂੰ ਗਏ ਅਸੀਂ। ਦਰਵਾਜ਼ਾ ਖੜਕਾਇਆ। ਖੁੱਲ੍ਹਿਆ। ਚੀਕਾਂ ਮਾਰਦੇ ਚਾਰ ਬੰਦੇ...... ਤਿੰਨ ਤੀਮੀਆਂ ਹੱਥ ਜੋੜਦੀਆਂ...ਮਿੰਟ 'ਚ ਢੇਰੀ ਹੋ ਗਏ ਸਭ।

'ਇਸ ਸਪੋਲੀਏ ਨੂੰ ਵੀ ਪਾਰ ਬਲਾਓ।' ਮੇਰੇ ਸੁੰਨ ਹੋਏ ਦਾ ਧਿਆਨ, ਇਕ ਸਾਲ ਕੁ ਦੇ ਬੱਚੇ ਵੱਲ ਗਿਆ। ਉਹ ਸਾਡੇ ਵੱਲ ਦੇਖ ਦੇਖ ਮੁਸਕਰਾ ਰਿਹਾ ਸੀ। ਬਾਹਾਂ ਅੱਡੀਆਂ ਹੋਈਆਂ। ਜਿਵੇਂ ਕਹਿ ਰਿਹਾ ਹੋਵੇ, "ਗੋਦੀ ਚੱਕੋ ਮੈਨੂੰ।"

ਗੋਲੀਆਂ ਦੀ ਇਕੋ ਵਾਛੜ ਨੇ ਉਹਨੂੰ 'ਚੱਕਤਾ'।

... ... ... ...

ਸਾਨੂੰ ਉਪਰੋਂ ਹਦਾਇਤ ਆਈ। 'ਦਿੱਲੀ 'ਚ ਐਕਸ਼ਨ ਕਰਨੈਂ।'

ਸਾਡੇ ਕਮਾਂਡਰ ਨੇ ਪ੍ਰੋਗਰਾਮ ਚਾਕ ਆਊਟ ਕੀਤਾ, "ਦੇਖੋ, ਏਥੋਂ 'ਕੱਲੇ, 'ਕੱਲੇ ਨੇ ਜਾਣੈ... ਦਿੱਲੀ 'ਚ ਵੀ ਅੱਡ ਅੱਡ ਥਾਵਾਂ 'ਤੇ ਐ...ਠਿਕਾਣੇ—ਇਕ ਦੂਜੇ ਨੂੰ ਦੱਸਣਾਂ ਮੱਤ...ਦੂਜੀ ਸਵੇਰ ਪੌਣੇ ਛੇ ਵਜੇ...ਫਲਾਣੀ ਥਾਂ ਇਕੱਠੇ ਹੋਣੈਂ...ਪੰਜੇ ਜਣਿਆਂ...'ਰਾਸ਼ਨ' ਓਥੇ ਈ ਮਿਲੂ...ਮੌਕੇ 'ਤੇ...ਐਕਸ਼ਨ ਪਿੱਛੋਂ 'ਰਾਸ਼ਨ' ਫਲਾਣੀ ਥਾ ਜਮ੍ਹਾਂ ਕਰਾਉਣੈ..." ਕੋਡਵਰਡ ਸਾਨੂੰ ਹਿਫਜ਼ ਸਨ। 'ਰਾਸ਼ਨ'। ਅਸਲਾ।

ਮੈਂ ਸੋਚ ਲਿਆ। ਰਾਤ ਬੜੇ ਭਾਈ ਦੇ ਘਰ ਕੱਟੂੰਗਾ। ਪ੍ਰੀਤਮਪੁਰੇ। ਮਿਥੀ ਤਾਰੀਖ ਤੋਂ ਇਕ ਦਿਨ ਪਹਿਲਾਂ ਉਥੇ ਪੁੱਜ ਗਿਆ। ਆਥਣ ਵੇਲੇ। ਆਲੇ ਦੁਆਲੇ ਦਾ ਜਾਇਜ਼ਾ ਮੈਂ ਜਾਂਦਿਆਂ ਲੈ ਲਿਆ ਸੀ। ਘਰ ਗਿਆ ਤਾਂ ਹੈਰਾਨ ਜਿਹਾ ਹੋਇਆ। ਭਾਈ ਮੇਰਾ ਮੰਜੇ 'ਤੇ ਪਿਆ ਸੀ। ਥਾਉਂ ਥਾਈਂ ਪੱਟੀਆਂ ਬੰਨ੍ਹੀਆਂ ਹੋਈਆਂ। "ਡਰਾਈਵਰ ਕੀ ਆਖ ਤੇ ਇਹ ਪੱਟੀਆਂ ਕੀ! ਸੁੱਖ ਤਾਂ ਹੈ?" ਮੈਂ ਹੱਸਕੇ ਉਹਨੂੰ ਪੁੱਛਿਆ।

"ਐਮੇਂ ਐਕਸੀਡੈਂਟ ਜਿਹਾ ਹੋ ਗਿਆ...ਹਸਪਤਾਲ ਦਾਖਲ ਸੀ। ਪਿਛਲੇ ਹਫਤੇ ਈ ਆਇਆਂ, ਘਰ...ਹੁਣ ਠੀਕ ਆਂ।" ਉਹ ਬੜੇ ਸਹਿਜ-ਭਾਅ ਬੋਲ ਰਿਹਾ ਸੀ।

ਪਿਛਲੇ ਕੁਝ ਵਰ੍ਹਿਆਂ ਤੋਂ ਸਾਡੀ ਆਪਸੀ ਚਿੱਠੀ-ਚਪੱਠੀ ਦੀ ਸਾਂਝ ਵੀ ਠੱਪ ਸੀ। ਮਿਲਣ ਗਿਲਣ ਦੀ ਤਾਂ ਗੱਲ ਹੀ ਛੱਡੋ। ਪਰ ਫੇਰ ਵੀ ਉਹਨੇ ਬੜੇ ਉਮਾਹ ਨਾਲ ਮੈਨੂੰ ਕਿਹਾ, "ਬਾਪੂ ਦੀ ਸੁਣਾ...ਤੇਰੇ ਬਾਲ-ਗੁਪਾਲ...ਸਭ ਠੀਕ ਨੇ?"

"ਚੜ੍ਹਦੀਆਂ ਕਲਾਂ 'ਚ।" ਮੈਂ ਦੋ ਹਰਫੀ ਗੱਲ ਕੀਤੀ।

"ਤੂੰ?"

"ਤੇਰੇ ਸਾਹਮਣੇ ਆਂ—ਟਾਹਲੀ ਵਰਗਾ।"

"ਕੰਮ ਕਾਰ?"

"ਸਭ ਠੀਕ ਠਾਕ।"

ਉਹਨੂੰ ਮੇਰੀਆਂ ਗਤੀ-ਵਿਧੀਆਂ ਦਾ ਉੱਕਾ ਇਲਮ ਨਹੀਂ ਸੀ।

"ਨਾ ਪਰ...ਐਕਸੀਡੈਂਟ ਹੋਇਆ ਕਿਮੇਂ ?" ਮੈਂ ਚਿੰਤਾ ਪ੍ਰਗਟ ਕੀਤੀ।

"ਉਹ ਬੱਸ ! ਰਿੰਗ ਰੋਡ ਤੋਂ ਦੀ ਹੁੰਦਾ ਹੋਇਆ ਜਦੋਂ ਮੈਂ ਬੜੇ ਚੌਂਕ ਕੋਲ ਅੱਪੜਿਆ ਤਾਂ ਸਾਲੇ ਬਰੇਕ ਏ ਫੇਲ੍ਹ ਹੋਗੇ। ਸਾਹਮਣੇ ਭੀੜ—ਮੁਲੱਖ ਦੀ ਮੁਲੱਖ। ਸੁੱਝੇ ਮੈਨੂੰ ਕੁਸ਼ ਨਾ। ਮੈਂ ਆਓ ਦੇਖਿਆ ਨਾ ਤਾਓ......ਸਟੀਅਰਿੰਗ ਨੂੰ ਗੇੜਾ ਦੇ ਕੇ ਗੱਡੀ ਖੰਭੇ 'ਚ ਜਾ ਮਾਰੀ। ਸਵਾਰੀਆਂ ਮੂਹਰਲੀਆਂ ਜ਼ਰੂਰ ਕੁਝ ਫੱਟੜ ਹੋਈਆਂ......ਬਾਕੀਆਂ ਦੇ ਮਾਮੂਲੀ ਝਰੀਟਾਂ ਈ ਆਈਆਂ।" ਬਿੰਦ ਕੁ ਰੁਕਿਆ ਉਹ। ਗੋਡਿਆਂ ਦੇ ਜ਼ਖਮ ਪਲੋਸੇ। ਫੇਰ ਕਹਿਣਾ ਸ਼ੁਰੂ ਕੀਤਾ, "ਬੱਸ ਵਾਹਿਗੁਰੂ ਨੇ ਹੱਥ ਦੇ ਕੇ ਬਚਾਲੇ, ਲੋਕ।" ਉਹ ਓਸੇ ਰੌਂਅ 'ਚ ਬੋਲ ਰਿਹਾ ਸੀ। ਸਹਿਜ-ਸੁਭਾਅ।

"ਪਰ ਤੂੰ ਦੇਖ ਤਾਂ ਸਹੀ... ਕਿੰਨੀਆਂ ਸੱਟਾਂ..।" ਮੇਰਾ ਮਨ ਉਛਲਿਆ।

"ਓਏ, ਸਿੰਘਾਂ ਦਾ ਕੀ ਐ.. ਸੱਟਾਂ ਤਾਂ ਲਗਦੀਆਂ ਈ ਰਹਿੰਦੀਆਂ ਨੇ।" ਉਹਨੇ ਕਿਹਾ।

"ਮਾਰ ਦਿੰਦਾ ਵਿਚ, ਸਾਲਿਆਂ ਦੇ !" ਮੇਰੇ ਅੰਦਰਲਾ ਖਾੜਕੂ ਬੋਲਿਆ।

"ਓਏ, ਐਮੇਂ ਮਾਰ ਦਿੰਦਾ .....ਏਨੀ ਮੁਲੱਖ। ਇਹ ਕੋਈ ਸਿੰਘ ਦਾ ਧਰਮ ਐ !" ਉਹਨੇ ਭਾਵਕ ਹੋ ਕੇ ਆਖਿਆ।

ਰਾਤੀਂ ਰੋਟੀ-ਪਾਣੀ ਛਕ ਕੇ ਅਸੀਂ ਸੌਂ ਗਏ। ਸੌਣ ਤੋਂ ਪਹਿਲਾਂ ਮੈਂ ਉਹਨੂੰ ਕਹਿ ਦਿੱਤਾ ਸੀ ਕਿ ਸਾਝਰੇ ਲੰਘ ਜੂੰਗਾ। ਕੰਮ ਐਂ।

ਸਵੇਰੇ ਈ ਮੈਂ ਤੁਰ ਪਿਆ ਓਥੋਂ। ਇਕ ਹਟਵੀਂ ਜਿਹੀ ਥਾਂ ਤੋਂ ਮੈਂ ਸਕੂਟਰ ਜਾਂ ਟੈਕਸੀ ਫੜਨੀ ਸੀ। ਏਸ ਥਾਂ 'ਤੇ ਪੁੱਜਣ ਲਈ ਇਕ ਬਗੀਚੀ ਚੋਂ ਲੰਘਣਾ ਪੈਣਾ ਸੀ। ਮੈਂ ਚੱਕਵੇਂ ਪੈਰੀਂ ਤੁਰ ਰਿਹਾ ਸਾਂ। ਮੇਰੇ ਮਗਰ ਮਗਰ ਬੜੇ ਭਾਈ ਦੇ ਇਹ ਸ਼ਬਦ ਤੁਰ ਰਹੇ ਸਨ : 'ਓਏ ਐਮੇਂ ਮਾਰ ਦਿੰਦਾ......ਏਨੀ ਮੁਲੱਖ ! ਇਹ ਕੋਈ ਸਿੰਘ ਦਾ ਧਰਮ ਐਂ !'

ਮੈਂ ਆਪਣੀਆਂ ਬਾਹਾਂ ਉਪਰ ਨੂੰ ਹਵਾ 'ਚ ਉਲਾਰੀਆਂ। ਫੇਰ ਹੱਥ ਪਿੱਛੇ ਨੂੰ ਝਟਕੇ। ਤੇ ਵਾਹੋਦਾਹੀ ਤੁਰ ਪਿਆ।

ਬਗੀਚੀ ਆ ਗਈ। ਮੈਂ ਡੰਡੀਓਂ-ਡੰਡੀ ਹੋ ਲਿਆ। ਚੁਪਾਸੇ ਰੁੱਖ ਸਨ। ਫਲਾਂ ਲੱਦੇ। ਰੰਗ-ਬਰੰਗੇ ਫੁੱਲਾਂ ਨਾਲ ਭਰੇ ਹੋਏ। ਪੱਤੇ ਸਨ......ਚੌੜੇ, ਤਿਕੋਨੇ, ਗੋਲ, ਲੰਬੇ-ਲੰਬੇ......ਹਰੇ ਕਚੂਰ। ਮੇਰੇ ਸਾਹਮਣਿਉਂ ਸੂਰਜ ਦਾ ਕਟੋਰਾ ਧਰਤੀ ਤੋਂ ਉਤਾਂਹ ਨੂੰ ਉਠਿਆ। ਆਸਮਾਨ ਵੱਲ। ਕਿਰਨਾਂ ਨਿੱਕਲੀਆਂ...... ਉਸ ਬੱਚੇ ਦੀ ਮੁਸਕਾਣ ਵਰਗੀਆਂ—ਜੀਹਨੇ ਸਾਡੇ ਵੱਲ ਆਪਣੀਆਂ ਬਾਹਾਂ ਉਲਾਰੀਆਂ ਸਨ। "ਗੋਦੀ ਚੱਕ ਲੋ ...।"

ਕਿਰਨਾਂ ਨੇ ਬਗੀਚੇ ਨੂੰ ਕਲਾਵੇ 'ਚ ਲੈ ਲਿਆ : ਰੁੱਖਾਂ ਦੇ ਪੱਤਿਆਂ 'ਚੋਂ ਨੂਰ ਝਰ ਰਿਹਾ ਸੀ। ਸੁਧੀ ਸਤਰੰਗੀ ਪੀਂਘ। ਮੈਂ ਦੇਖਿਆ। ਥਾਏਂ ਜੰਮ ਗਿਆ। 'ਵਾਹ !' ਪਤਾ ਨਹੀਂ ਕਦੋਂ ਮੇਰੇ ਮੂੰਹੋਂ ਨਿਕਲ ਗਿਆ।

"ਕੀ ਦੇਖਦੈਂ ! ਇਹ ਨਜ਼ਾਰੇ ਜਿਉਂਦੇ ਜੀਆਂ ਲਈ ਨੇ; ਪੁੱਤਰ। ਮੁਰਦਿਆਂ ਕੀ ਦੇਖ ਲੈਣੈਂ !"



ਮੈਂ ਆਵਾਜ਼ ਵੱਲ ਮੁੜਿਆ। ਇਕ ਸੱਤਰ ਪੰਝਤਰ ਸਾਲ ਦਾ ਬੁੜ੍ਹਾ, ਆਪਣੀ ਚਿੱਟੇ ਮੁੱਠੇ ਆਲੀ ਛਟੀ ਨਾਲ ਟਿਕਾਈ ; ਬੈਂਚ ਉਤੇ ਬੈਠਾ ਮੇਰੇ ਵੱਲ ਦੇਖਕੇ ਮੁਸਕਰਾਇਆ।

ਮੈਂ ਸੁਚੇਤ ਹੋਇਆ। ਸ਼ੋਘਮੀ ਨਾਲ ਪਿੱਛੇ ਨੂੰ ਮੁੜ ਪਿਆ।

"ਕੀ ਗੱਲ, ਪਰਤ ਚੱਲਿਆ ?" ਬੁੜ੍ਹੇ ਨੇ ਪਿੱਛੋਂ ਆਵਾਜ਼ ਮਾਰੀ।

"ਆਹੋ, ਬਾਬਾ; ਰਾਹ ਭੁੱਲ ਗਿਆ ਸੀ !" ਮੇਰੇ ਮੂੰਹੋਂ ਸੁਤੇ ਸਿੱਧ ਨਿਕਲ ਗਿਆ।

ਆਥਣੇ ਮੈਂ ਆਪਣੇ ਘਰ ਸੀ।

0 0 0

ਮੈਂ ਹੰਭਲਾ ਮਾਰ ਕੇ ਉੱਠਿਆ। ਬਾਪੂ ਦੇ ਮੰਜੇ ਕੋਲ ਗਿਆ। ਤੇ ਧਾਅ ਕੇ ਉਹਨੂੰ ਜੱਫੀ 'ਚ ਘੁੱਟ ਲਿਆ। ਉਹਨੇ ਵੀ ਆਪਣੀਆਂ ਬਾਹਾਂ ਮੇਰੇ ਗਲ ਦੁਆਲੇ ਵਲ ਦਿੱਤੀਆਂ। ਪੀਡੀ ਸੀ ਜੱਫੀ ਸਾਡੀ। ਕੋਹਾਂ ਜੇਡੀ ਲੰਬੀ। ਐਤਕਾਂ ਨਾ ਤਾਂ ਬਾਪੂ ਨੇ ਹਉਕਾ ਲਿਆ, ਨਾ ਰੋਇਆ। ਉਹਨੇ ਬੱਸ ਏਨਾ ਕੁ ਆਖਿਆ :

"ਬੁੱਧੇ, ਆਪਾਂ ਤਾਂ ਦੋਮੇਂ ਪਾਸਿਉਂ ਫਸਗੇ।" "ਕੋਈ ਨਾ ਬਾਪੂ। ਆਪਾਂ 'ਕੱਲੇ ਨੀ। ਦੇਖ ਲਾਂਗੇ .....।" ਮੈਂ ਦਿਲਾਸਾ ਦਿੱਤਾ।

"ਚੰਗਾ ਜਾਹ, ਟੱਬਰ ਦੀ ਸੁਧ ਲੈ।" ਉਹ ਬੋਲਿਆ। ਸਵੇਰ ਹੋ ਰਹੀ ਸੀ।

ਬਾਪੂ ਦੀ ਬੁੱਕਲ ਚੋਂ ਨਿੱਕਲ ਕੇ ਮੈਂ ਜਿਉਣੀ ਦੇ ਮੰਜੇ ਕੋਲ ਗਿਆ। ਉਹਨੂੰ ਸੁੱਤੀ ਪਈ ਨੂੰ ਬਿੰਦ ਕੁ ਦੇਖਿਆ। ਫੇਰ ਉਹਦੇ ਸਾਮ੍ਹਣੇ ਬੈਠਕੇ ਉਹਨੂੰ ਹਲੂਣਿਆ।

"ਹੁਣ ਉੱਠ ਵੀ ਖੜ੍ਹ, ਭਾਗਵਾਨੇ। ਦੇਖ ਤਾਂ ਸਹੀ, ਦਿਨ ਚੜ੍ਹ ਗਿਆ। ਧੁੱਪ ਅੰਦਰ ਆ ਵੜੀ।" ਮੈਂ ਉਹਦੇ ਸਿਰ 'ਤੇ ਹੱਥ ਫੇਰਿਆ।

ਉਹ ਉਭੜਵਾਹੇ ਉਠੀ। ਅਸੀਂ ਇਕ ਦੂਜੇ ਵੱਲ ਝਾਕੇ। ਸਿੱਧੇ। ਅੱਖਾਂ 'ਚ।

"ਇਹ ਸਿਰ ਦਾ ਕੀ ਹਾਲ ਬਣਾਇਐ ? ਜਮਾਂ ਈ ਝਾੜ ਸਿੱਸਰਾ ਹੋਇਆ ਪਿਐ।... ਕੇਸ ਵਾਹ, ਜਿਊਣੀਏਂ !" ਪਤਾ ਨਹੀਂ ਮੇਰੇ ਇਉਂ ਕਹਿਣ 'ਚ ਕੀ ਸੀ। ਮੋਹ, ਉਮਾਹ, ਜਾਦੂ ਜਾਂ ਆਦੇਸ਼। ਉਹ ਅੰਗੜਾਈ ਲੈ ਕੇ, ਹੌਲੀ ਹੌਲੀ ਉੱਠੀ। ਉੱਠ 'ਕੇ ਆਲੇ ਕੋਲ ਗਈ। ਸ਼ੀਸ਼ਾ ਸਾਫ ਕਰਕੇ ਸਿੱਧਾ ਖੜ੍ਹਾ ਕੀਤਾ। ਫੇਰ ਉੱਲੀ ਲੱਗੀ ਕੰਘੀ ਚੁੱਕੀ। ਜਾਲੇ ਸਾਫ ਕੀਤੇ। ਪੀਹੜੀ ਡਾਹੀ। ਉੱਪਰ ਬੈਠ ਕੇ ਵਾਲਾਂ 'ਚ ਕੰਘੀ ਫੇਰਨ ਲੱਗ ਪਈ। ਕੰਘੀ ਵਾਲਾਂ 'ਚ ਅੜਦੀ ਤਾਂ ਉਹਦੀ ਪੁੜਪੁੜੀ 'ਚ ਚੀਸ ਪੈਂਦੀ। ਚੀਸ ਪੈਂਦੀ ਤਾਂ ਅੱਖਾਂ 'ਚੋਂ ਪਾਣੀ ਨਿਕਲ ਆਉਂਦਾ।

ਮੈਂ ਮੰਤਰਮੁਗਧ ਹੋਇਆ ਉਹਦੇ ਵੱਲ ਦੇਖਦਾ ਰਿਹਾ। ਫੇਰ ਬੋਲਿਆ : "ਕਿੰਨੇ ਸੰਘਣੇ ਵਾਲ ਨੇ ਤੇਰੇ !" ਉਹਦੀਆਂ ਅੱਖਾਂ ਛਲਛਲਾ ਉੱਠੀਆਂ। ਡੂੰਘਾ ਹਉਕਾ ਲੈਂਦਿਆਂ ਆਖਣ ਲੱਗੀ, "ਗੁੰਝਲਾਂ ਬਹੁਤੀਆਂ ਨੇ, ਹੌਲੀ ਹੌਲੀ ਨਿਕਲਣਗੀਆਂ।"

□

[1385 ਏ, ਸੈਕਟਰ 20-ਬੀ, ਚੰਡੀਗੜ੍ਹ]

## ਮੇਰੇ ਵਿਹੜੇ ਦੇ ਬੱਚੇ

ਮਦਨ ਵੀਰਾ

ਬੜੇ ਸ਼ਰਾਰਤੀ ਨੇ ਮੇਰੇ ਵਿਹੜੇ ਦੇ ਬੱਚੇ ।

ਖੇਡਾਂ ਵੀ ਅਜੀਬ ਖੇਡਦੇ ਨੇ
ਐਵੇਂ ਡਿਸ਼ੂੰ ਡਿਸ਼ੂੰ ਕਰਦੇ
ਸੱਚੀਂ ਮੁੱਚੀਂ ਲੜ ਪੈਂਦੇ ਨੇ
ਤੇ ਲੰਗਾਰ ਦਿੰਦੇ ਨੇ ਇਕ ਦੂਜੇ ਦੇ ਕੱਪੜੇ
ਪੜਵਾ ਲੈਂਦੇ ਨੇ ਸਿਰ ।

ਪਰ ਅਗਲੇ ਪਲ ਫਿਰ ਮਿਲ ਬੈਠਦੇ ਨੇ
ਮਾਵਾਂ ਨੂੰ ਲੜਦੀਆ ਛੱਡ ਕੇ
ਫੇਰ ਖੇਡਦੇ ਨੇ ।

ਗੁਰਦਵਾਰੇ ਦੇ ਭਾਈ ਨੂੰ ਕਰਦੇ ਨੇ ਮਸ਼ਕਰੀ
ਸੁੱਤੇ ਪਏ ਪੰਡਤ ਦੀ ਖਿੱਚ ਦਿੰਦੇ ਨੇ ਬੋਦੀ
ਸਕੂਲ ਦੀ 'ਭੈਣ ਜੀ' ਉਨ੍ਹਾਂ ਦੀਆਂ ਟਿੱਚਰਾਂ ਤੋਂ ਡਰਦੀ
ਬੀਹੀ 'ਚੋਂ ਮੁੜ ਜਾਂਦੀ ਹੈ ।

ਚੋਰੀ ਦੇ ਅਮਰੂਦ ਖਿੱਚ-ਖੋਹ ਕੇ ਖਾਂਦੇ
ਨਾਵਾਂ ਦੇ ਕੂਨਾਂ ਪਾ ਕੇ ਖੁਸ਼ ਹੁੰਦੇ ਨੇ
ਮੇਰੇ ਵਿਹੜੇ ਦੇ ਬੱਚੇ ।

ਅਖਬਾਰਾਂ ਦੀਆਂ ਖਬਰਾਂ ਦੇ ਖੌਫ ਤੋਂ ਮੁਕਤ
ਨਿੱਤ ਹੁੰਦੀ ਠੂਹ-ਠਾਹ ਤੋਂ ਬੇਖਬਰ
ਫਿਕਰਾਂ ਸੰਸਿਆਂ ਤੋਂ ਕੋਹਾਂ ਦੂਰ
ਆਪਣੇ 'ਘਰ' ਬਣਾਉਣ 'ਚ ਰੁੱਝੇ ਰਹਿੰਦੇ ਨੇ
ਮੇਰੇ ਵਿਹੜੇ ਦੇ ਬੱਚੇ ।

[ਪਿੰਡ ਤੇ ਡਾਕਖਾਨਾ ਬਸੀ ਜਲਾਲ-144203, ਜ਼ਿਲਾ ਹੁਸ਼ਿਆਰਪੁਰ]

□



## ਧੀਏ ਘਰ ਜਾਹ ਆਪਣੇ

ਬਲਦੇਵ ਸਿੰਘ

ਰਾਤ ਦੀ ਰੋਟੀ-ਟੁੱਕ ਤੋਂ ਵਿਹਲੇ ਹੋ ਕੇ ਪਿੰਡ ਦੇ ਲੋਕ ਟਿਕ ਜਾਂਦੇ । ਹਨੇਰਾ ਮਾਤਮੀ-ਚਾਦਰ ਵਾਂਗ ਪਿੰਡ ਨੂੰ ਆਪਣ ਅੰਦਰ ਸਮੇਟ ਲੈਂਦਾ, ਤਾਂ ਪਿੰਡ ਦੇ ਦੱਖਣ ਵੱਲੋਂ ਲੰਮੀ ਹੇਕ ਦੇ ਬੋਲ ਹੌਲੀ ਹੌਲੀ ਉੱਚੀ ਹੁੰਦੇ ਹੁੰਦੇ ਸੁੱਤੇ ਪਏ ਲੋਕਾਂ ਦੀਆਂ ਵੱਖੀਆਂ ਨਾਲ ਆ ਖਹਿਦਰਦੇ :

ਤੇਰੇ ਮਹਿਲਾਂ ਦੇ ਵਿਚ ਵਿਚ ਵੇ,–ਬਾਬਲ ਡੋਲਾ ਅਟਕ ਗਿਆ
ਮੈਂ ਇੱਟ ਪਟਾ ਦਊਂਗਾ, ਧੀਏ ਘਰ ਜਾਹ ਆਪਣੇ...
ਅਜੀਂ ਚਿੜੀਆਂ ਦਾ ਚੰਬਾ ਵੇ !......ਵੇ...ਹੇ...!!

ਭੂੰਡੋ ਸਹੇਲੀਆਂ ਵਿਚ ਘਿਰੀ ਨੀਵੀਂ ਪਾਈ ਬੈਠੀ, ਉਹਨਾਂ ਦੀ ਗੁੱਝੀ ਛੇੜ-ਛਾੜ ਨਾਲ ਸਰਸ਼ਾਰੀ ਜਾਂਦੀ । ਪਰ ਗੀਤਾਂ ਦਾ ਇਕ ਇਕ ਬੋਲ ਉਸਨੂੰ ਉਦਾਸ ਕਰ ਜਾਂਦਾ ।......ਕਦੇ ਡੋਲਾ ਬਾਗਾਂ 'ਚ ਅਟਕ ਜਾਂਦਾ, ਕਦੇ ਉਹ ਆਪਣੇ ਤੁਰ ਜਾਣ ਪਿੱਛੋਂ ਚਰਖਾ ਕੱਤਣ ਲਈ ਝੂਰਦੀ । ਗੁੰਮ ਸੁੰਮ ਬੈਠੀ ਨੂੰ ਸਹੇਲੀਆਂ ਹੁੱਝਾਂ ਮਾਰਦੀਆਂ ;

'ਇਹ ਤਾਂ ਹੁਣੇ ਈ ਆਕੜੀ ਬੈਠੀ ਐ ਨੀ, ਵਿਆਹ ਕਰਾ ਕੇ ਤਾਂ ਏਹਨੇ ਕਿਸੇ ਨੂੰ ਨੱਕ ਥੱਲੇ ਨੀ ਲਿਔਣਾ—'

ਜੰਨ ਆਉਣ ਵਿਚ ਦੋ ਹੀ ਦਿਨ ਬਾਕੀ ਸਨ !

ਕਦੇ ਕਦੇ, ਭੂੰਡੋ ਦੇ ਮਨ ਅੰਦਰ ਸਰ੍ਹੋਂ ਦੇ ਫੁੱਲ ਟਹਿਕਦੇ । ਉਹ ਖਿੜੀ ਕਪਾਹ ਵਾਂਗ ਆਪ ਮੁਹਾਰੇ ਹੱਸ ਪੈਂਦੀ । ਉਹ, ਘਰ ਦੀਆਂ ਕੰਧਾਂ ਅਤੇ ਅੰਦਰਲੀ ਕੋਠੜੀ ਦੇ ਹਨੇਰਿਆਂ ਤੋਂ ਅਨੋਖੇ ਅਚੰਭੇ ਨਾਲ ਪੁੱਛਦੀ—'ਅੜਿਆ ਪਰਸੋਂ ਨੂੰ ਸੱਚੀਂ ਜੰਨ ਆਊ ?' ਸੰਝ ਵੇਲੇ ਆਪਣੇ ਆਲ੍ਹਣੀਂ ਮੁੜਦੇ ਕਾਂ ਅਤੇ ਹੋਰ ਪੰਛੀ ਵੀ ਜਾਣੀ—'ਹਾਂ—ਹਾਂ—ਹਾਂਅ ।' ਅਲਾਪਦੇ ਲਗਦੇ, ਤਾਂ ਭੂੰਡੋ ਸ਼ਰਮਾ ਜਾਂਦੀ ਤੇ ਉਸਦਾ ਚਿਹਰਾ ਡੁੱਬਦੇ ਸੂਰਜ ਵਾਂਗ ਭਖਣ ਲਗਦਾ ।

ਭੂੰਡੋ ਦੀ ਮਾਂ, ਹੱਥਾਂ ਪੈਰਾਂ 'ਚ ਆਈ ਬੌਂਦਲੀ ਫਿਰਦੀ ਸੀ । ਉਸਦੀ ਜਾਚੇ ਘਰ ਦੇ ਕਿਸੇ ਵੀ ਹੋਰ ਬੰਦੇ ਨੂੰ ਇਸ ਵਿਆਹ ਦਾ ਫਿਕਰ ਨਹੀਂ ਸੀ । ਜ਼ਿੰਮੇਵਾਰੀਆਂ ਦਾ ਸਾਰਾ ਭਾਰ ਉਸਨੂੰ ਆਪਣੇ ਮੋਢਿਆਂ 'ਤੇ ਹੀ ਪਿਆ ਭਾਸਦਾ । ਉਹ ਆਟਾ ਗੁੰਨ੍ਹਣ ਲਗਦੀ ਤਾਂ ਉਸਨੂੰ ਖੇਸਾਂ ਦੀ ਗਿਣਤੀ ਕਰਨ ਦਾ ਚੇਤਾ ਆ ਜਾਂਦਾ । ਉਹ ਖੇਸ ਗਿਣਨ ਲਗਦੀ ਤਾਂ ਸੂਟਾਂ ਨਾਲ ਲਾਉਣ ਵਾਲੀਆਂ ਚੁੰਨੀਆਂ ਯਾਦ ਆ ਜਾਂਦੀਆਂ । ਉਹ ਚੁੰਨੀਆਂ ਲੱਭਣ ਲਗਦੀ ਤਾਂ ਭੂੰਡੋ ਦੇ ਦਾਜ ਵਿਚ ਦੇਣ ਵਾਲੇ ਭਾਂਡਿਆਂ ਦਾ ਖਿਆਲ ਆ ਜਾਂਦਾ । ਹੱਥਲਾ ਕੰਮ ਵਿਚੇ ਹੀ ਛੱਡ ਕੇ ਉਹ ਚੇਤੇ ਆਇਆ ਕੰਮ ਕਰਨ ਭੱਜਦੀ ।

'ਮੈਂ ਤਾਂ, ਭਰਾਵਾਂ ਦੀ ਸੌਂਹ, ਕਮਲੀ ਹੋ ਜੂੰ ।' ਵਿਹੜੇ ਦੇ ਵਿਚਕਾਰ ਖੜ੍ਹੀ ਹੋ ਕੇ

ਉਸਨੇ ਉਤਾਂਹ ਮੂੰਹ ਚੁੱਕ ਕੇ ਇਉਂ ਕਿਹਾ, ਜਿਵੇਂ ਰੱਬ ਨੂੰ ਉਲ੍ਹਾਂਭਾ ਦਿੰਦੀ ਹੋਵੇ। ਫਿਰ ਉਹਨੂੰ ਧੁੱਪੇ ਸੁੱਕਣੇ ਪਾਈ ਮਾਂਹ-ਛੋਲਿਆਂ ਦੀ ਧੋਤੀ ਦਾਲ ਦਾ ਚੇਤਾ ਆਇਆ ਤੇ ਉਹ, ਦੋਹਾਂ ਹੱਥਾਂ ਨਾਲ ਅਣਵਾਹੇ ਜੂੜੇ ਚੁੰਨੀ ਹੇਠਾਂ ਲਕੋਂਦੀ, ਦਾਲ ਵਿਚ ਹੱਥ ਫੇਰਨ ਜਾ ਲੱਗੀ।

'ਮੈਂ ਤੇਰੇ ਨਾਲ ਕੰਮ ਕਰਾਵਾਂ ਬੇਬੇ ਨੀ—।' ਭੂੰਡੋ ਨੇ ਸੰਗਦਿਆਂ ਜਿਹਾ, ਆਪਣੀ ਮਾਂ ਕੋਲ ਆ ਕੇ, ਲਾਡ ਨਾਲ ਪੁੱਛਿਆ। ਮਨ ਅੰਦਰ ਦੀ ਪੂਰੀ ਸਾਦਗੀ ਅਤੇ ਪਵਿੱਤਰਤਾ ਨਾਲ ਉਸਨੇ ਆਪਣੀ ਮਾਂ ਵੱਲ ਤੱਕਿਆ। ਉਸ ਮਾਂ ਵੱਲ, ਜਿਸਦੀ ਛਾਂ ਤੋਂ ਪਰਸੋਂ ਉਸਨੇ ਵਾਂਝੀ ਹੋ ਜਾਣਾ ਸੀ।

ਦਾਲ ਵਿਚ ਹੱਥ ਫੇਰਦੀ ਮਾਂ ਦੇ ਹੱਥ ਰੁਕ ਗਏ। ਇਕ ਪਲ ਉਹ ਭੂੰਡੋ ਵੱਲ ਤੱਕਦੀ ਰਹੀ। ਉਸਦੀਆਂ ਅੱਖਾਂ ਵਿਚ ਨਿਰਛਲ ਮੋਹ ਦਿਸਿਆ। ਇਸ ਘਰ ਵਿਚ ਹੁਣ ਉਹ ਪ੍ਰਾਹੁਣੀ ਸੀ। ਆਪਣੀਆਂ ਚੀਜ਼ਾਂ ਵਸਤਾਂ ਦੀ ਮੇਰ ਤੇ ਘਰ ਦੇ ਮੋਹ ਦਾ ਕਾਹਦਾ ਮਾਣ ਸੀ, ਹੁਣ ਇਸਦਾ? ਮਮਤਾ ਛਲਕੀ। ਅੱਖਾਂ ਭਰ ਆਈਆਂ। ਅੰਦਰੋਂ ਸਲ੍ਹਾਬੇ ਬੋਲ ਮਸੀਂ ਨਿਕਲੇ;

'ਕਰ ਲੂੰ ਮੈਂ ਬਥੇਰਾ ਆਪੇ। ਤੇਰੇ ਗਈ ਤੋਂ ਕੌਣ ਕਰਾਊਗਾ ਕੰਮ ਮੇਰੇ ਨਾਲ? ਤੂੰ ਅੰਦਰ ਚੱਲ। ਵਿਆਹ ਧਰੇ ਤੋਂ ਨੀ ਕੁੜੀਆਂ ਬਾਹਰ ਫਿਰਦੀਆਂ ਹੁੰਦੀਆਂ। ਚੰਗਾ ਨੀ ਲਗਦਾ...।'

ਭੂੰਡੋ, ਉਦਾਸ ਹੋ ਗਈ। —ਕੀ ਸਚਮੁੱਚ ਉਹ ਐਸ ਘਰ ਲਈ ਪਰਾਈ ਹੋ ਜਾਏਗੀ - ਛਿੰਦੋ...ਬੰਸੋ, ਜੈਲੋ ਵੀ ਤਾਂ ਵਿਆਹੀਆਂ ਨੇ। ਉਹ ਤਾਂ ਪੂਰਾ ਮਾਣ ਕਰਦੀਆਂ ਨੇ ਆਪਣੇ ਮਾਪਿਆਂ ਦਾ..., ਅੰਦਰ ਕੁਝ ਤਿੜਕਿਆ ਤੇ ਉਹ ਮਸੋਸੀ ਜਿਹੀ ਕੰਧ ਦੇ ਢਲਦੇ ਪਰਛਾਵੇਂ ਵਿਚ ਜਾ ਖੜ੍ਹੀ।

ਭੂੰਡੋ ਦੀ ਮਾਂ ਕਿਸੇ ਹੋਰ ਕੰਮ ਰੁੱਝ ਗਈ! ਪਰ ਉਹ ਅੱਜ ਦੇ ਪੁੱਠੇ ਆਏ ਸਮਿਆਂ ਬਾਰੇ ਬੁੜ ਬੁੜ ਕਰਨ ਲੱਗੀ—'ਸਾਡੇ ਵੇਲੇ ਕੁੜੀਆਂ ਵਿਆਹ ਧਰੇ ਤੋਂ ਸੰਗਦੀਆਂ, ਮਹੀਨਾ ਮਹੀਨਾ ਕਿਸੇ ਦੇ ਮੱਥੇ ਨੀ ਸੀ ਲਗਦੀਆਂ ਹੁੰਦੀਆਂ।...ਹੁਣ ਤਾਂ ਊਂ ਈ ਬੇੜੀ ਬੈਠੀ ਪਈ ਐ। ਪਟਵਾਰੀਆਂ ਦੀ ਛਿੰਦੋ, ਆਪ ਜਾ ਕੇ ਵਰੀ ਬਣਾ ਕੇ ਲਿਆਈ, ਤੇ ਵਿਆਹ ਤੋਂ ਪਹਿਲਾਂ ਈ ਮੁੰਡੇ ਕੁੜੀ ਨੇ ਫੋਟੂਆਂ ਲੁਆ ਲਈਆਂ।...ਨੀ ਫੁੱਟ! ਲੋਹੜਾ ਨੀ? ਮੇਰੀ ਭੂੰਡੋ ਤਾਂ ਵੀਰ ਵੇ, ਫੇਰ ਵੀ ਏਹਨਾਂ ਕੁੜੀਆਂ ਤੋਂ ਚੰਗੀ ਐ.....'

ਹਲਵਾਈ ਨੇ ਜਦੋਂ ਖੁਰਚਣੇ, ਛਾਨਣੀਆਂ ਲਿਆ ਕੇ ਸਿੱਟੀਆਂ ਤਾਂ ਭੂੰਡੋ ਦੀ ਬੇਬੇ ਖਿਆਲਾਂ ਦੇ ਵਹਿਣਾਂ 'ਚੋਂ ਨਿਕਲੀ ਤੇ ਹਲਵਾਈ ਨੂੰ ਭੱਠੀ ਲਾਉਣ ਵਾਲੀ ਜਗਹ ਸਮਝਾਉਣ ਲੱਗੀ।

ਹਲਵਾਈ ਨੂੰ ਵੇਖ ਕੇ ਭੂੰਡੋ ਦੇ ਚਿਹਰੇ 'ਤੇ ਬੱਚਿਆਂ ਵਰਗੀ ਲਾਲਸਾ ਚਮਕੀ,—ਲੱਡੂ ਵੀ ਪੱਕਣਗੇ...ਜਲੇਬੀਆਂ ਵੀ...।'

ਲੱਡੂ ਜਲੇਬੀਆਂ ਉਹ ਬੜੇ ਚਾਅ ਨਾਲ ਖਾਂਦੀ ਹੁੰਦੀ ਸੀ। ਪਿੰਡ ਵਿਚ ਕਿਸੇ ਸਹੇਲੀ ਦੇ ਵਿਆਹ ਦਾ ਐਨਾ ਚਾਅ ਨਹੀਂ ਸੀ ਹੁੰਦਾ ਜਿੰਨਾ ਲੱਡੂ ਜਲੇਬੀਆਂ ਖਾਣ ਦਾ ਲਾਲਚ ਹੁੰਦਾ ਸੀ। ਉਸਨੂੰ ਆਪਣੀ ਮਾਸੀ ਦੀ ਕੁੜੀ ਦੇ ਵਿਆਹ ਦਾ ਬੜੀ ਵਾਰ ਚੇਤਾ ਆਇਆ, ਜਿਸ ਵਿਚ ਉਸਨੇ ਤਿੰਨ ਦਿਨ ਰੋਟੀ ਨਹੀਂ ਸੀ ਖਾਧੀ। ਲੱਡੂ ਜਲੇਬੀਆਂ ਨਾਲ ਹੀ ਰੱਜੀ ਰਹੀ ਸੀ। ਰਾਤ ਨੂੰ ਉਸਦੇ ਬਿਸਤਰੇ 'ਤੇ ਵੀ ਲੱਡੂਆਂ ਦਾ ਭੋਰ ਖਿੱਲਰਿਆ ਹੁੰਦਾ ਸੀ।

—ਕੁੜੇ ਬਮਾਰ ਨਾ ਹੋ ਜੀਂ—।' ਉਸਦੀ ਮਾਸੀ ਨੇ ਫਿਕਰ ਨਾਲ ਕਈ ਵਾਰ ਟੋਕਿਆ ਸੀ।

—ਤੇਰੀਆਂ ਲੱਡੂ-ਜਲੇਬੀਆਂ ਖਾ ਕੇ ਨੀ ਮਰਦੀ ਮਾਸੀ।' ਭੂੰਡੋ ਦੀ ਗੱਲ 'ਤੇ ਹੋਰ ਮੇਲਣਾਂ ਵੀ ਹੱਸ ਪਈਆਂ ਸਨ। ਤੇ ਵਿਆਹ ਤੋਂ ਬਾਅਦ ਮਾਸੀ ਨੇ ਭੂੰਡੋ ਦੇ ਹਿੱਸੇ ਦੀ ਅੱਡ ਭਾਜੀ ਦਿੱਤੀ ਸੀ।

ਅੱਜ ਵੀ ਉਹ ਸੁਪਨਿਆਂ 'ਚ ਗੁਆਚੀ, ਕੰਮ ਕਰਦੇ ਹਲਵਾਈ ਵੱਲ ਤੱਕ ਰਹੀ ਸੀ, ਪਰ ਆਪਣੀ ਬੇਬੇ ਦੇ ਚਿਹਰੇ 'ਤੇ ਘੂਰੀ ਵੇਖ ਕੇ, ਉਹ ਅੰਦਰ ਚਲੀ ਗਈ।

—ਭੂੰਡੋ ਦਾ ਬਾਪੂ ਨਿੱਕ-ਸੁੱਕ ਤੇ ਵਿਆਹ ਦਾ ਸੌਦਾ ਲੈਣ ਸ਼ਹਿਰ ਗਿਆ ਹੋਇਆ ਸੀ। ਭਰਾ ਗੁਰਦੁਆਰਿਓਂ, ਭਾਂਡੇ ਅਤੇ ਕਨਾਤਾਂ ਦਾ ਪ੍ਰਬੰਧ ਕਰਦਾ ਫਿਰ ਰਿਹਾ ਸੀ।

ਇਉਂ ਆਹਰ ਪਾਹਰ ਕਰਦਿਆਂ, ਸਾਰਾ ਦਿਨ ਲੰਘ ਗਿਆ।

ਅਗਲੇ ਦਿਨ ਗਿਆਰਾਂ ਕੁ ਵਜੇ ਹੀ, ਨਾਨਕਾ ਮੇਲ ਧੂੜ ਉਡਾਉਂਦਾ ਤੇ ਧੌਰੂ ਪੱਟਦਾ, ਭੂੰਡੋ ਕੇ ਦਰਾਂ 'ਚ ਆਣ ਖੜ੍ਹਾ। ਭੂੰਡੋ ਛਾਲ ਮਾਰਕੇ ਮੰਜੇ ਤੋਂ ਉੱਠੀ, ਪਰ ਬੇਬੇ ਦੀਆਂ ਅੱਖਾਂ 'ਚ ਘੂਰ ਵੇਖ ਕੇ ਥਾਂਏ ਸ਼ਹਿ ਗਈ। ਜਦੋਂ ਨੈਣ ਤੇਲ ਚੋ ਕੇ ਮੇਲ ਨੂੰ ਅੰਦਰ ਲੰਘਾ ਰਹੀ ਸੀ ਭੂੰਡੋ ਨੀਵੀਂ ਪਾਈ ਮੰਜੇ ਦੇ ਵਾਣ ਦੀ ਇਕ ਟੁੱਟੀ ਰੱਸੀ ਅਕਾਰਣ ਹੀ ਖਿੱਚ ਰਹੀ ਸੀ। ਗੁੱਸੇ ਵਿਚ ਉਸਦਾ ਰੋਣ ਨੂੰ ਜੀਅ ਕਰਦਾ ਸੀ।

ਵਿਹੜੇ ਵਿਚ ਆਕੇ ਨਾਨਕਾ-ਮੇਲ ਨੇ ਦਾਦਕਿਆਂ ਨੂੰ ਗਾਲ੍ਹਾਂ ਦਾ ਮੀਂਹ ਵਰ੍ਹਾ ਦਿੱਤਾ ਤੇ ਗਿੱਧੇ ਦੀ ਧਮਕ ਨਾਲ, ਪਿੰਡ ਦੀ ਫਿਰਨੀ ਵਾਲੇ ਬੋਹੜ 'ਤੇ ਬੈਠੇ ਜਨੌਰ ਵੀ ਉੱਡ ਗਏ।

—ਕੁੜੇ ਚਾਹ ਪਾਣੀ ਤਾਂ ਪੀ ਲੋ...ਬਿੰਦ ਸਾਹ ਲੈ ਲੋ,-ਦਾਦਕੇ ਕਿਤੇ ਭੱਜ ਤਾਂ ਨੀ ਚੱਲੇ?' ਵਿਆਹ ਦੇ ਚਾਅ 'ਚ ਭੱਜੀ ਫਿਰਦੀ ਭੂੰਡੋ ਦੀ ਭੂਆ ਨੱਚਦੀਆਂ ਦੇ ਵਿਚਕਾਰ ਆ ਖੜ੍ਹੀ।

ਨਾਨਕਾ ਮੇਲ, ਫੁੱਲ-ਝੜੀਆਂ ਵਾਂਗੂ ਤਿੜ ਤਿੜ ਕਰਕੇ ਹੱਸਿਆ,—ਅਸੀਂ ਸੋਚਿਆ ਤੱਤੇ ਘਾਹ ਉਲਾਂਭਾ ਜਾਹ ਲਾਹ ਦੀਏ—। ਫੇਰ ਠੰਢੀਆਂ ਹੋਈਆਂ ਤੋਂ ਗੱਲ ਨੀ ਬਣਨੀ।' ਭੂੰਡੋ ਦੀ ਮਾਮੀ ਘੱਗਾ ਜਿਹਾ ਬੋਲੀ:

—ਰਗਾਂ 'ਚ ਤਾਂ ਹੁਣੇ ਈ ਬੋਲੀ ਜਾਨੀ ਐਂ—. ਠੰਢੀ ਹੋਕੇ ਤਾਂ ਉਂਈ ਭੱਠਾ ਬਹਿ ਜੂ ਤੇਰਾ—।' ਭੂਆ ਨੇ ਘੁਣਤਰੀ-ਫਿਕਰ ਕੀਤਾ ਤਾਂ ਕੰਮ ਕਰਾਉਂਦੀਆਂ ਫਿਰਦੀਆਂ ਹੋਰ ਕੁੜੀਆਂ ਵੀ ਹੱਸ ਪਈਆਂ।

ਫਿਰ ਭੂੰਡੋ ਦੀ ਬੇਬੇ ਨੂੰ ਵਧਾਈਆਂ ਮਿਲਣ ਲੱਗੀਆਂ। ਮਾਮੀ ਦੀ ਨਜ਼ਰ ਨੀਵੀਂ ਪਾਈ ਬੈਠੀ ਭੂੰਡੋ 'ਤੇ ਪਈ ਤਾਂ ਮੋਹ 'ਚ ਭਿੱਜ ਕੇ ਬੋਲੀ,—ਹਾਏ ਮੈਂ ਮਰ ਜਾਂ। ਮੇਰੀ ਬੰਨੋ ਤਾਂ ਆਹ ਬੈਠੀ ਐ—।' ਉਸ ਨੇ ਕੋਲ ਬੈਠ ਕੇ ਭੂੰਡੋ ਨੂੰ ਬੁੱਕਲ ਵਿਚ ਲੈ ਲਿਆ ਤੇ ਫਿਰ ਨਹੋਰੇ ਨਾਲ ਕਿਹਾ, —ਐਂ ਕਾਹਤੋਂ ਬੈਠੀ ਐਂ ਨੀ ਰੁੱਸੀ ਜੀਹ..., ਅਸੀਂ ਮੁੜ ਜੀਏ...?'

ਮਾਮੀ ਦੀ ਗੱਲ 'ਤੇ ਭੂੰਡੋ ਹੈਰਾਨ ਹੋ ਕੇ ਕੁਝ ਪਲ ਉਸ ਪਲ ਵੇਂਹਦੀ ਰਹੀ, ਫਿਰ ਧਾਅ ਕੇ ਗਲ ਨਾਲ ਚਿੰਬੜ ਗਈ ਤੇ ਆਪ-ਮੁਹਾਰੇ ਉਸਦਾ ਰੋਣ ਨਿਕਲ ਗਿਆ।

ਮਾਮੀ ਵੀ ਆਪਣੇ ਆਪ ਨੂੰ ਸੰਭਾਲ ਨਾ ਸਕੀ। ਭਰੇ ਗਲੇ ਨਾਲ ਬੋਲੀ :

—ਚਲੋ ਭਾਈ ! ਰੱਬ ਨੇ ਐਸ ਕੁੜੀ ਦੀ ਵੀ ਸੁਣੀ। ਸੱਚੀਂ ਸਾਨੂੰ ਤਾਂ ਬਾਹਲਾ ਈ ਫਿਕਰ ਰਹਿੰਦਾ ਸੀ—।' ਉਸਨੇ ਭੂੰਡੋ ਨੂੰ ਗਲ ਨਾਲੋਂ ਤੋੜ ਕੇ ਲਾਹਿਆ ਤੇ ਚੁੰਨੀ ਦੇ ਨਾਲ ਅੱਖਾਂ ਪੂੰਝੀਆਂ।

ਫਿਰ ਉਸਨੂੰ ਅਚਾਨਕ ਯਾਦ ਆਇਆ, ਉਸਨੇ ਝੂਠੀ ਮੂਠੀ ਦੀ ਕਚੀਸ ਵੱਟ ਕੇ ਦੁੱਖਦੇ ਕੰਨ ਨੂੰ ਟੋਹਣ ਦਾ ਬਹਾਨਾ ਕੀਤਾ ਤੇ ਕੰਨ ਨੰਗੇ ਕਰਕੇ, ਸਿਰ ਨੂੰ ਝਟਕਾ ਜਿਹਾ ਦੇ ਕੇ, ਆਪਣੇ ਨਵੇਂ ਕਾਂਟੇ ਦਿਖਾਏ।

—ਮਾਮਾ ਨੀ ਆਇਆ—?' ਭੂੰਡੋ ਨੇ ਹੌਲੀ ਜਿਹੀ ਪੁੱਛਿਆ।

—ਉਹ ਕੱਲ੍ਹ ਨੂੰ ਆਊਗਾ। ਕੰਮਾਂ ਧੰਦਿਆਂ 'ਚ ਨਿਕਲ ਹੁੰਦੈ ਕਿਤੇ ?'

ਮਾਮੀ ਅਜੇ ਵੀ ਆਸੇ ਪਾਸੇ ਖੜ੍ਹੀਆਂ ਦੇ ਚਿਹਰਿਆਂ 'ਤੇ ਚਮਕਦੇ ਕਾਂਟਿਆਂ ਦਾ ਪ੍ਰਭਾਵ ਤਾੜ ਰਹੀ ਸੀ।

—ਕੁੜੇ ਚਾਹ ਪਾਣੀ ਤਾਂ ਪੁੱਛ ਲੋ, ਏਹਨਾਂ ਨੂੰ—।' ਭੂੰਡੋ ਦੀ ਮਾਂ ਨੇ ਚੌਂਕੇ ਵਿਚ ਫਿਰਦੀਆਂ ਕੁੜੀਆਂ ਨੂੰ ਕਿਹਾ।

ਉਦੋਂ ਹੀ ਇਕ ਕੁੜੀ, ਜੱਗ ਵਿਚ ਚਾਹ ਅਤੇ ਥਾਲ ਵਿਚ ਲੱਡੂ ਤੇ ਸੀਰਨੀ ਪਾ ਲਿਆਈ।

—ਆ ਕੁੜੇ—।' ਮਾਮੀ ਨੇ ਭੂੰਡੋ ਨੂੰ ਖਿੱਚਿਆ।

—ਨਹੀਂ ਮਾਮੀ, ਮੇਰਾ ਚਿੱਤ ਨੀ ਕਰਦਾ—।' ਭੂੰਡੋ ਨੇ ਭੈੜਾ ਜਿਹਾ ਮੂੰਹ ਬਣਾਇਆ।

—ਨੀ ਓਹੀ ਲੱਡੂ ਹੈ—, ਜਿਨ੍ਹਾਂ ਪਿੱਛੇ ਰੁੱਸ ਜਾਂਦੀ ਹੁੰਦੀ ਸੀ—।' ਮਾਮੀ ਨੇ ਚੇਤਾ ਕਰਾਇਆ ਤਾਂ ਭੂੰਡੋ ਨੇ ਰੁੱਸ ਕੇ ਪਿੱਠ ਘੁੰਮਾ ਲਈ।

—ਸੰਗਦੀ ਐ—।' ਆਖ ਕੇ ਮਾਮੀ ਹੋਰ ਮੇਲਣਾਂ ਨਾਲ ਚਾਹ ਪੀਣ ਲੱਗ ਪਈ।

ਭੂੰਡੋ ਨੂੰ ਹੁਣ ਤੇਈਵਾਂ ਸਾਲ ਲੱਗਿਆ ਹੋਇਆ ਸੀ। ਮਾਮੂਲੀ ਜਿਹਾ ਪੱਕਾ ਰੰਗ। ਸਾਧਾਰਨ ਕੁੜੀਆਂ ਦੇ ਕੱਦ ਨਾਲੋਂ ਜ਼ਰਾ ਕੁ ਲੰਮਾ ਕੱਦ। ਉਤਲੇ ਦੰਦ, ਉੱਚੇ ਹੋਣ ਕਾਰਨ, ਮੂੰਹ ਦੀ ਬਾਚੀ ਵਧੇਰੇ ਚੌੜੀ ਜਾਪਦੀ। ਮੂੰਹ ਬੰਦ ਕੀਤਿਆਂ ਵੀ, ਦੰਦਾਂ ਦੀ ਹੇਠਲੀ ਕੋਰ ਬਾਹਰ ਝਾਕਦੀ ਰਹਿੰਦੀ। ਜੇ ਉਹ ਧੱਕੇ ਨਾਲ ਦੰਦ ਲੁਕਾਉਣ ਦਾ ਯਤਨ ਕਰਦੀ ਤਾਂ ਜਾਪਦਾ ਜਿਵੇਂ ਮੱਲੋ-ਜ਼ੋਰੀ ਨਿਕਲਦਾ ਹਾਸਾ ਰੋਕ ਰੱਖਿਆ ਹੋਵੇ। ਚਿਹਰੇ 'ਤੇ ਬੱਚਿਆਂ



ਵਰਗੀ ਮਾਸੂਮੀਅਤ। ਨਾ ਹੀ ਮਨ ਅੰਦਰ ਕੋਈ ਵਲ-ਛਲ, ਨਾ ਹੀ ਅੱਖਾਂ ਵਿਚ ਕੋਈ ਤ੍ਰੀਆ ਜਾਲ। ਸਰੀਰ ਦੀਆਂ ਗੁਲਾਈਆਂ ਵੀ ਮਾਮੂਲੀ ਜਿਹੀਆਂ। ਕਮੀਜ਼ ਸਲਵਾਰ ਪਾਈ, ਉਹ ਵਿਹੜੇ ਵਿਚ ਤੁਰੀ ਫਿਰਦੀ, ਇਉਂ ਲਗਦੀ, ਜਿਵੇਂ ਟਾਹਲੀ ਦੀ ਗੇਲੀ ਦੁਆਲੇ ਕੱਪੜੇ ਵਲੇ ਹੋਣ।

ਭੂੰਡੋ ਨੂੰ ਤਿੰਨ ਚਾਰ ਵਾਰ ਵੇਖਣ ਆਏ ਸਨ। ਪਰ ਕੁੜੀ ਦਾ ਰੰਗ-ਰੂਪ ਵੇਖ ਕੇ ਸਿਰ ਫੇਰ ਗਏ। ਬਣਦਾ ਸਰਦਾ ਦਾਜ ਦੇਣ ਦੀ ਵੀ ਕਈ ਥਾਂਈਂ ਗੱਲ ਚੱਲੀ, ਪਰ ਸਿਰੇ ਨਾ ਚੜ੍ਹੀ। ਜਦੋਂ ਮੁੰਡੇ ਵਾਲੇ —' ਜਾ ਕੇ ਸਨੇਹਾ ਭੇਜਾਂਗੇ —।' ਆਖ ਕੇ ਮੁੜ ਜਾਂਦੇ ਤਾਂ ਸਾਫ਼ ਪਤਾ ਹੁੰਦਾ ਸੀ, ਇਥੋਂ ਵੀ ਜਵਾਬ ਹੈ।

ਭੂੰਡੋ ਦੀ ਮਾਂ ਕਲਪਦੀ।—'ਕੁੜੀ ਦੇਖਣ ਵਾਲੇ' ਪੁੱਠੇ ਰਿਵਾਜਾਂ ਨੂੰ ਗਾਲ੍ਹਾਂ ਕੱਢਦੀ ਤੇ ਜਿਨ੍ਹਾਂ ਸ਼ਰੀਕਣੀਆਂ ਦੀਆਂ ਧੀਆਂ ਵੇਲੇ ਸਿਰ ਵਿਆਹੀਆਂ ਗਈਆਂ ਸਨ, ਉਹਨਾਂ ਨੂੰ ਬੁਰਾ ਭਲਾ ਕਹਿ ਕੇ ਆਪਣੇ ਮਨ ਦੀ ਭੜਾਸ ਕੱਢਦੀ।

ਭੂੰਡੋ ਦੇ ਮਨ ਅੰਦਰ ਮੁਟਿਆਰ ਹੋ ਰਹੀਆਂ ਕੁੜੀਆਂ ਵਾਲੇ ਚਾਅ ਅਤੇ ਰੀਝਾਂ ਤਾਂ ਪੰਦਰਵੇਂ ਸੁੱਲਵੇਂ ਸਾਲ ਤੋਂ ਹੀ ਮਚਲ ਆਈਆਂ ਸਨ। ਉਹ ਜਿੰਨੀ ਜੋਗੀ ਸੀ, ਬਣਦੀ ਸੰਵਰਦੀ। ਨਿੱਕੀ ਭਰਜਾਈ ਵੱਲ ਵੇਖਦੀ ਰਹਿੰਦੀ, ਜਿਹੜੀ ਸਦਾ ਹੀ ਅਸ਼ਨੇ-ਪਸ਼ਨੇ ਕਰਦੀ ਰਹਿੰਦੀ। ਆਪਣੇ ਹਾਣ ਦੀਆਂ ਵਿਆਹੀਆਂ ਸਹੇਲੀਆਂ ਤੇ ਉਹਨਾਂ ਦੇ ਨਖਰਿਆਂ ਵੱਲ ਵੇਖਦੀ। ਪਹਿਲਾਂ ਪਹਿਲਾਂ ਇਕ ਦੋ ਵਰ੍ਹੇ ਤਾਂ ਮਹਿਸੂਸ ਨਹੀਂ ਹੋਇਆ। ਪਰ ਜਦੋਂ ਦੋਂਹ ਥਾਵਾਂ ਤੋਂ ਜਵਾਬ ਆ ਗਿਆ, 'ਕੁੜੀ ਪਸਿੰਦ ਨੀ ਆਈ !' ਤਾਂ ਉਸਨੂੰ ਸੋਹਣੀ ਨਾ ਹੋਣ ਦਾ ਝੋਰਾ ਲੱਗਾ। ਮਨ ਅੰਦਰ ਕੁਝ ਰਿੱਝਦਾ ਰਹਿਣ ਲੱਗਾ, ਜਿਵੇਂ ਤੌੜੀ ਵਿਚ ਦਾਲ ਰਿੱਝਦੀ ਹੈ। ਉਹ ਖਿੱਝੀ ਰਹਿਣ ਲੱਗੀ।

ਮਾਂ ਸਭ ਸਮਝਦੀ ਸੀ। ਪਰ ਉਸਦੇ ਵੱਸੋਂ ਬਾਹਰੀ ਗੱਲ ਸੀ। ਉਹ ਕਿਸੇ ਹਮਦਰਦ ਕੋਲ ਦੁੱਖ ਫੋਲਦੀ— 'ਪਤਾ ਨੀ ਚੰਦਰੀ ਕੀਹਦੇ 'ਤੇ ਗਈ ਐ। ਵੇਖਣੀ ਪਾਖਣੀ ਕਿਸੇ ਪਾਸਿਉਂ ਤਾਂ ਚੰਗੀ ਲੱਗੇ—। ਕੰਮ ਬਥੇਰਾ ਕਰਦੀ ਐ। ਸਚਿਆਰੀ ਲੋਹੜੇ ਦੀ ਐ। ਐਹੋ ਜੇ ਨਮੂਨੇ ਕੱਢਦੀ ਐ ਮਨੋ..., ਬੱਸ ਪੁੱਛ ਈ ਨਾ—। ਪਰ ਬਗਾਨੇ ਪੁੱਤ ਤਾਂ ਭਾਈ ਮੂੰਹ ਮੱਥਾ ਚੰਗਾ ਭਾਲਦੇ ਐ—, ਭਾਵੇਂ ਕੁੱਢਰ ਹੋਵੇ...।'

ਹਾਣਦੀਆਂ ਸਹੇਲੀਆਂ ਦੇ ਵਿਆਹ ਹੋ ਗਏ ਉਹਨਾਂ ਦੇ ਬੱਚੇ ਵੀ ਹੋ ਗਏ। ਜਦੋਂ ਵਿਆਹੀਆਂ ਸਹੇਲੀਆਂ ਆਪਣੀ ਸੁਹਾਗ-ਰਾਤ ਦੇ ਕਿੱਸੇ ਚਟਖਾਰੇ ਲੈ ਲੈ ਦੱਸਦੀਆਂ, ਕੁਝ ਵਧੇਰੇ ਹੀ ਮਿਰਚ-ਮਸਾਲਾ ਲਾ ਜਾਂਦੀਆਂ ਤਾਂ ਭੂੰਡੋ ਦੇ ਉਤਲੇ ਦੰਦ ਹੈਰਾਨੀ ਨਾਲ ਹੋਰ ਬਾਹਰ ਨੂੰ ਨਿਕਲ ਆਉਂਦੇ। ਉਹ ਗਿੱਲੀ ਲੱਕੜ ਵਾਂਗ ਧੁੱਖਦੀ। ਜਦੋਂ ਇਕੱਲੀ ਰਹਿ ਜਾਂਦੀ, ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ—' 'ਮੇਰਾ ਵੀ ਕਦੇ ਵਿਆਹ ਹੋਊਗਾ—?'

ਰੋਟੀ-ਟੁੱਕ ਦੇ ਆਹਰ ਤੋਂ ਲੈ ਕੇ, ਪਸ਼ੂ ਸਾਂਭਣ ਤੱਕ ਸਾਰਾ ਕੰਮ ਭੂੰਡੋ ਦੇ ਜ਼ਿਮੇ ਸੀ। ਉਹ ਆਪ ਹੀ ਕੰਮ ਵਿਚ ਰੁੱਝੇ ਰਹਿਣਾ ਚਾਹੁੰਦੀ। ਵਿਹਲੀ ਹੁੰਦੀ ਤਾਂ ਆਂਢ-ਗੁਆਂਢ ਹੱਥ ਵਟਾ ਆਉਂਦੀ। ਜਦੋਂ ਕਿਸੇ ਵਿਆਹੀ ਸਹੇਲੀ ਨੂੰ ਵੇਖ ਕੇ ਮਨ ਵਿਚ ਵਲਵਲੇ

ਉਹ ਤੁਰ ਗਈ, ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ।

ਤਾਈ ਟੀਰੀ ਸਾਰੇ ਪਿੰਡ ਦੀ ਤਾਈ ਸੀ। ਚਾਹੇ ਕਿਸੇ ਦੀ ਭਾਬੀ ਲਗਦੀ ਸੀ ਜਾਂ ਚਾਚੀ ਜਾਂ ਅੰਮਾਂ, ਸਾਰੇ ਉਸ ਨੂੰ ਤਾਈ ਆਖ ਕੇ ਈ ਬੁਲਾਉਂਦੇ ਸਨ। ਕਦੀ ਵਾਰ ਤਾਂ ਉਸਦਾ ਘਰ ਵਾਲਾ ਵੀ 'ਤਾਈ' ਆਖ ਕੇ ਆਵਾਜ਼ ਮਾਰਦਾ ਤਾਂ ਉਹ ਲੜ ਪੈਂਦੀ।

—ਸਾਰਾ ਪਿੰਡ ਤਾਈ ਆਖਦੈ, ਮੇਰੇ ਕਹੇ ਤੋਂ ਸੱਪ ਲੜਦੈ।' ਉਹ ਅੱਗੋਂ ਵਾਰ ਕਰਦਾ।

'ਵੇ ਜੋ ਕੁਸ ਤੇਰੀ ਲੱਗਦੀ ਐਂ। ਉਹ ਸਾਰੇ ਪਿੰਡ ਦੀ ਤਾਂ ਨੀ ਲੱਗਦੀ—।' ਤਾਈ ਅੱਗੋਂ ਝਈ ਲੈ ਕੇ ਪੈਂਦੀ ਤਾਂ ਤਾਇਆ ਡਰਦਾ ਬਾਹਰ ਨਿਕਲ ਜਾਂਦਾ।

ਤਾਈ ਨੂੰ ਚੁਗਲੀ ਦੀ ਆਦਤ ਸੀ। ਪਤਾ ਨੀ ਕਿਥੋਂ ਲੋਕਾਂ ਦੇ ਗੁੱਝੇ ਭੇਤ ਕੱਢ ਲਿਆਉਂਦੀ। ਤੇ ਫਿਰ...'ਕਿਸੇ ਕੋਲ ਗੱਲ ਨਾ ਕਰੀਂ ਤੈਨੂੰ ਦੱਸਦੀ ਐਂ—।' ਕਰਦੀ ਕਰਦੀ, ਅੱਧੇ ਪਿੰਡ ਨੂੰ ਜਾ ਦੱਸਦੀ। ਕਿਸੇ ਦਿਨ ਉਸ ਕੋਲ ਜੇ ਕੋਈ ਕਰਨ ਵਾਲੀ ਗੱਲ ਨਾ ਹੁੰਦੀ ਤਾਂ ਤਾਈ ਨੂੰ ਅਫਰੇਵਾਂ ਜਿਹਾ ਮਹਿਸੂਸ ਹੁੰਦਾ ਰਹਿੰਦਾ।

ਉਸ ਨੂੰ ਆਉਂਦੀ ਨੂੰ ਵੇਖ ਕੇ ਲੋਕ ਗੱਲਾਂ ਕਰਨੀਆਂ ਬੰਦ ਕਰ ਦਿੰਦੇ। ਤਾਈ ਜਦੋਂ ਕਿਸੇ ਗੱਲ ਦੀ ਟੋਹ ਲੈਣ ਲਈ, ਆਸੇ ਪਾਸੇ ਝਾਕਦੀ ਤਾਂ ਪਤਾ ਹੀ ਨਾ ਲਗਦਾ, ਉਹ ਕੀਹਦੇ ਵੱਲ ਝਾਕ ਰਹੀ ਹੈ।

ਭੂੰਡੋ ਨੂੰ ਵੀ ਹਰ ਕੋਈ ਪੁੱਛਦਾ,—'ਨੀ ਭੂੰਡੀਏ,...ਹੁਣ ਤਾਂ ਤੇਰਾ ਵਿਆਹ ਧਰ-ਤਾ ਅੜੀਏ—!'

—ਆਹੋ-।' ਭੂੰਡੋ ਸੰਗਦੀ ਸੰਗਦੀ ਆਖਦੀ, ਮਾਣ ਨਾਲ ਭਰ ਜਾਂਦੀ।

—ਨੀ ਸੱਚੀਂ ?' ਪੁੱਛਣ ਵਾਲੀ ਝੂਠੀ-ਮੂਠੀ ਦਾ ਹੈਰਾਨ ਹੁੰਦੀ।

—ਤੇ ਹੋਰ ਕਿਤੇ ਐਵੇਂ ਈ-।' ਭੂੰਡੋ ਦਾ ਮੂੰਹ ਚਾਅ ਨਾਲ ਖਿੜ ਜਾਂਦਾ।

ਜਦੋਂ ਉਹ ਚਲੀ ਜਾਂਦੀ ਤਾਂ ਪਿਛੋਂ ਉਸਦੀਆਂ ਗੱਲਾਂ ਕਰ ਕਰ ਤੀਵੀਆਂ ਹੱਸ-ਦੀਆਂ। ਹਰ ਕੋਈ ਆਪਣੇ-ਆਪ ਨੂੰ ਭੂੰਡੋ ਨਾਲੋਂ ਜ਼ਿਆਦਾ ਚਲਾਕ ਤੇ ਸਿਆਣੀ ਸਮਝਦੀ।

ਫਿਰ ਲੋਕਾਂ ਨੇ ਸੁਣਿਆ, ਵੇਖਿਆ, ਭੂੰਡੋ ਦੇ ਘਰ ਵਿਆਹ ਦੇ ਗੀਤ ਗਾਏ ਗਏ। ਉਹ ਮਾਈਏਂ ਪਈ। ਮੇਲ ਆਇਆ।

ਜਿਹੜੇ ਅੰਦਰ ਭੂੰਡੋ ਨੂੰ, ਮਾਂ ਨੇ ਝਿੜਕ ਕੇ ਬਿਠਾਇਆ ਸੀ, ਉਸ ਅੰਦਰ ਹੀ ਲੱਡੂ ਰਖਵਾਏ ਗਏ ਸਨ। ਇਕ ਮੰਜੇ 'ਤੇ ਖੇਸ ਵਿਛਾ ਕੇ ਮਿੱਠੀ ਸੀਰਨੀ ਖਿਲਾਰੀ ਪਈ ਸੀ। ਸਕਰਪਾਰੇ ਰੱਖੇ ਸਨ। ਜਲੇਬੀਆਂ ਦੀਆਂ ਪਰਾਤਾਂ ਪਈਆਂ ਸਨ।

ਭੂੰਡੋ ਇਕ ਟੱਕ ਸਭਨਾਂ ਚੀਜ਼ਾਂ ਵੱਲ ਤੱਕ ਰਹੀ ਸੀ। ਕੋਈ ਹੋਰ ਦਿਨ ਹੁੰਦਾ ਤਾਂ ਉਸਨੇ ਮਨ-ਮਰਜ਼ੀ ਨਾਲ 'ਸਭ-ਕੁਛ' ਖਾਣਾ ਸੀ, ਜਦੋਂ ਤੀਕਰ ਉਸਦਾ ਨੱਕ ਨਾ ਮੁੜ ਜਾਂਦਾ। ਪਰ ਅੱਜ, ਕੁਝ ਵੀ ਖਾਣ ਨੂੰ ਉਸਦੀ ਰੂਹ ਨਹੀਂ ਸੀ ਕਰ ਰਹੀ। ਉਸ ਨੂੰ ਬੇਬੇ ਦੀ ਕਹੀ ਗੱਲ ਬਾਰ ਬਾਰ ਚੇਤੇ ਆ ਰਹੀ ਸੀ—'ਤੇਰੇ ਗਈ ਮਗਰੋਂ ਕੰਮ ਕੌਣ ਕਰਾਊਗਾ ?'



ਉਹ ਸੋਚ ਰਹੀ ਸੀ,...ਏਸ ਘਰ ਲਈ ਮੈਂ ਓਪਰੀ ਹੋ ਜਾਊਂਗੀ ? ਮੇਰਾ ਇਸ ਘਰ ਪ੍ਰਤੀ ਸਾਰਾ ਮਾਣ ਮੁੱਕ ਗਿਆ ਅੱਜ ਤੋਂ ? ਮੇਰੀਆਂ ਲਿੱਪੀਆਂ ਕੰਧਾਂ—, ਕੰਧੋਲੀਆਂ 'ਤੇ ਪਾਏ ਮੋਰ ਚਿੜੀਆਂ—, ਅੰਦਰ ਕਮਰਿਆਂ 'ਚ ਫੇਰੀ ਗੋਹਾ-ਮਿਟੀ...ਕੁਝ ਵੀ ਮੇਰਾ ਆਪਣਾ ਨਹੀਂ ਰਹੇਗਾ ? ਪਿੰਡ ਦੀਆਂ ਗਲੀਆਂ ਬਗਾਨੀਆਂ ਹੋ ਜਾਣਗੀਆਂ ? ਤੇ ਘਰ ਦਾ ਐਨਾ ਕੰਮ...? ਐਨਾ ਮਾਲ ਡੰਗਰ ਸਾਂਭਣਾ ..ਸਾਰਾ ਕੁਝ 'ਕੱਲੀ ਬੇਬੇ ਨੂੰ ਕਰਨਾ ਪਊਗਾ ਹੁਣ...?

ਵਿਆਹ ਹੋਣ ਦਾ ਸਾਰਾ ਚਾਅ ਮਿੱਟੀ 'ਚ ਮਿਲ ਗਿਆ। ਅੱਖਾਂ ਵਿਚੋਂ ਪਰਲ ਪਰਲ ਹੰਝੂ ਵਗਣ ਲੱਗੇ। ਲੱਡੂ ਜਲੇਬੀਆਂ ਤਾਂ ਕੀ ਖਾਣੀਆਂ ਸਨ, ਰੋਟੀ ਖਾਣ ਨੂੰ ਵੀ ਜੀਅ ਨਾ ਕੀਤਾ। ਉਸਨੇ ਅੰਦਰ ਆਇਆ ਥਾਲ ਮੋੜ ਦਿੱਤਾ,—ਬੇਬੇ ਨੂੰ ਆਖ, ਭੁੱਖ ਨੀ ਮੈਨੂੰ—।'

ਬੇਬੇ ਹਨੇਰੀ ਵਾਂਗ ਅੰਦਰ ਆਈ। ਉਸ ਨੂੰ ਚਿੰਤਾ ਹੋਈ—ਕੁੜੀ ਤਾਂ ਫ਼ਿਕਰ ਕਰਗੀ।

—ਕਮਲੀ ਨਾ ਹੋਵੇ, ਖਾਹ ਦੋ ਬੁਰਕੀਆਂ।' ਉਸਨੇ ਝਿੜਕਿਆ ਤਾਂ ਭੂੰਡੋ ਉਸਦੇ ਗਲ ਚਿੰਬੜ ਗਈ ਤੇ ਹੁਬਕੀਂ ਹੁਬਕੀਂ ਰੋਣ ਲੱਗੀ।

ਮਾਮੀ ਅੰਦਰ ਆਈ ਤਾਂ ਦੇਖ ਕੇ ਹੈਰਾਨ ਰਹਿ ਗਈ—'ਏਹਨੂੰ ਕੀ ਹੋਇਆ।'

—ਰੋਟੀ ਨੀ ਖਾਂਦੀ ਕੋਹੜੀ—।' ਬੇਬੇ ਨੇ ਉਸਨੂੰ ਗਲ ਨਾਲੋਂ ਪਰੇ ਕਰਦਿਆਂ ਕਿਹਾ।

—ਭੂੰਡੀਏ ਭੁੱਖੇ ਨੀ ਰਹੀਦਾ ਪੁੱਤ, ਅੰਦਰ ਗਰਮੀ ਪੈ ਜਾਂਦੀ ਐ—।' ਮਾਮੀ ਨੇ ਉਸਦੀ ਧੌਣ ਦੁਆਲੇ ਬਾਂਹ ਵਲ ਲਈ।

—ਮਾਮੀ ਮੇਰਾ ਜੀਅ ਨੀ ਕਰਦਾ—।' ਭੂੰਡੋ ਨੇ ਤਰਲਾ ਲਿਆ।

— ਅੱਗੇ ਕਿਤੇ ਕੁੜੀਆਂ ਦੇ ਵਿਆਹ ਨੀ ਹੋਏ ? ਸਾਡੇ ਨੀ ਹੋਏ ? ਅਸੀਂ ਤਾਂ ਨੀ ਸੀ ਰੋਟੀ ਛੱਡੀ। ਐਂ ਨਾ ਕਰ ਮੇਰੀ ਰਾਣੋ। ਆ ਜਾ ਮੈਂ ਤੇਰੇ ਨਾਲ ਖਾਨੀ ਐਂ—।' ਮਾਮੀ ਨੇ ਪੁਚਕਾਰਿਆ।

—ਨਹੀਂ, ਮਾਮੀ ਨੀ ਮੇਰੇ ਨੀ ਲੰਘਣੀ—।' ਭੂੰਡੋ ਨੂੰ ਪਤਾ ਵੀ ਨਾ ਲੱਗਿਆ ਕਦੋਂ ਅੱਖਾਂ ਫੇਰ ਭਰ ਆਈਆਂ ਤੇ ਛਲਕ ਪਈਆਂ।

ਮਾਮੀ ਹਉਕਾ ਲੈ ਕੇ ਉਠੀ ਤੇ ਬਾਹਰ ਆ ਗਈ। ਮਗਰੇ ਹੀ ਭੂੰਡੋ ਦੀ ਬੇਬੇ ਵੀ ਆ ਗਈ।—' ਕੁੜੀ ਤਾਂ ਬਾਹਲਾ ਈ ਓਦਰਗੀ ਲਗਦੀ ਐ—ਚੰਦਰੀ ਬਮਾਰ ਈ ਨਾ ਹੋ ਜੇ—।' ਫ਼ਿਕਰ ਨਾਲ ਮਾਮੀ ਦਾ ਚਿਹਰਾ ਉੱਤਰ ਗਿਆ।

—ਤੂੰ ਈ ਖਿਆਲ ਰੱਖ ਹੁਣ ਓਹਦਾ, ਮੈਨੂੰ ਤਾਂ ਨੀ ਪਤਾ ਲਗਦਾ ਕੁਸ਼, ਨਾ ਮੈਥੋਂ ਐਂ ਬੈਠੀ ਝੱਲੀ ਜਾਂਦੀ ਐ...।' ਆਖ ਕੇ ਭੂੰਡੋ ਦੀ ਮਾਂ ਅਣਚਾਹੀ ਜਿਹੀ ਫਿਰ ਕਿਸੇ ਕੰਮ ਜਾ ਲੱਗੀ। ਬਾਰ ਬਾਰ ਭਰ ਆਉਂਦੀਆਂ ਅੱਖਾਂ ਪੂੰਝਦੀ ਉਹ ਆਪਣੇ ਆਪ ਨਾਲ ਗੱਲਾਂ ਕਰਦੀ, ਕਦੇ ਕਦੇ ਉੱਚੀ ਉੱਚੀ ਬੋਲਣ ਲਗਦੀ।,.. ਭਲਾ ਐਂ ਕਰਕੇ ਕੀ ਬਣੂੰ। ਇਹ ਤਾਂ ਜੱਗ 'ਤੇ ਬਣੀ ਆਈ ਐ ਵੀਰ ਵੇ। ਮਸਾਂ ਤਾਂ ਰੱਬ ਨੇ ਸੁਣੀ ਐਂ ਸਾਡੀ।...ਹੁਣ ਭਲਾ ਜਦੋਂ ਉਹ ਨੀ ਰੋਟੀ ਖਾਂਦੀ, ਮੇਰੇ ਕਿਵੇਂ ਬੁਰਕੀ ਲੰਘ ਜੂ—?'

ਆਥਣੇ ਟੀਰੀ ਤਾਈ ਆ ਗਈ। ਜਦੋਂ ਉਸਨੂੰ ਪਤਾ ਲੱਗਿਆ—'ਭੂੰਡੋ ਨੇ ਦੁਪਿਹਰੇ ਰੋਟੀ ਨੀ ਖਾਧੀ ਤਾਂ ਉਹ ਆਪਣੇ ਵਿਆਹ ਦੀ ਕਥਾ ਸੁਣਾਉਣ ਲੱਗ ਪਈ।

—ਨੀ ਕੁੜੀਓ ! ਜਦੋਂ ਮੇਰਾ ਵਿਆਹ ਹੋਇਆ । ਮੈਨੂੰ ਤਾਂ ਭਰਾਵਾਂ ਦੀ ਸੌਂਹ ਬਲਾ ਚਾਅ ਚੜ੍ਹਿਆ । ਮੈਂ ਅੰਦਰ ਵੜਕੇ ਬਰਫ਼ੀ ਗੁਲਾਬ ਜਾਮਨਾਂ ਨਾਲ ਹੀ ਰੱਜਗੀ । ਮੇਰੇ ਰੋਟੀ ਕਿਥੋਂ ਲੰਘੇ ।...ਆਖਣ—ਕੁੜੀ ਤਾਂ ਫ਼ਿਕਰ ਕਰਗੀ...। ਮੈਂ ਗੇੜੇ ਨਾਲ ਅੰਦਰ ਜਾਵਾਂ, ਬਰਫ਼ੀ ਮੂੰਹ 'ਚ ਪਾ ਲਾਂ, – ਫੇਰ ਜਾਵਾਂ, ਗੁਲਾਬ ਜਾਮਨ ਖਾ ਲਾਂ...' ਕਈਆਂ ਨੇ ਟੀਰੀ ਤਾਈ ਵੱਲ ਬੁੱਲ੍ਹ ਕੱਢੇ, ਪਰ ਉਹ ਕਿਸੇ ਦੀ ਪਰਵਾਹ ਕੀਤੇ ਬਿਨਾਂ ਕਥਾ ਸਣਾਉਂਦੀ ਗਈ ।...ਫੇਰ ਤੋਰ ਤਰਾਈ ਦਾ ਵੇਲਾ ਆਇਆ ।—ਥੋੜੇ ਤਾਏ ਕੇ ਟਬ ਲੇ ਕੇ ਗਏ ਸੀ । ਗਹਿਣੇ ਵੀ ਐਨੇ ਢੋਏ, ਮੈਂ ਤਾਂ ਚਾਂਭਲੀ ਫਿਰਾਂ । ਮੇਰਾ ਤਾਂ ਮੱਲੋ-ਮੱਲੀ ਹਾਸਾ ਨਿਕਲਦਾ ਫਿਰੇ । ਕੁੜੀਓ ਮੈਨੂੰ ਆਂਹਦੀਆਂ, ਤੁਰਨ ਵੇਲੇ ਰੋਈਦਾ ਹੁੰਦੈ । ਮੈਂ ਆਖਿਆ...ਰੋਂਦੀ ਐ ਮੇਰੀ ਜੁੱਤੀ । ਮੈਂ ਕਿਉਂ ਰੋਵਾਂ ? ਤੁਸੀਂ ਰੋਵੋ ਸਾਰੀਆਂ । ਮੈਂ ਤਾ ਭੋਰਾ ਵੀ ਨਾ ਰੋਈ ਤੇ ਆਹ ਕੁੜੀਆਂ ਐਵੇਂ ਈ ਬੂਹ-ਪਾਹਰਿਆ ਕਰੀ ਜਾਂਦੀਐਂ.. ਰੋਟੀ ਨੀ ਖਾਂਦੀਆਂ । ਮੈਂ ਤਾਂ ਆਵਦੇ ਵਿਆਹ 'ਚ ਆਪ ਈ ਨੱਚ-ਪੀ ਸੀ ।—'

ਤਾਈ ਦੀਆਂ ਗੱਲਾਂ ਸੁਣਕੇ ਸਾਰੀਆਂ ਹੱਸ ਪਈਆਂ ।...ਵਿਚੋਂ ਕਿਸੇ ਦੀ ਆਵਾਜ਼ ਸੁਣੀ...'ਕਰਦੀ ਕੀ ਐ ਫੜੇ ਕੁੱਟਣੀ —।'

ਅਗਲੇ ਦਿਨ ਸਸ ਕੁ ਵਜੇ ਜੰਨ ਆ ਗਈ ।

ਭੂੰਡੋ ਦੀਆਂ ਸਹੇਲੀਆਂ ਨੇ, ਕੋਠੇ 'ਤੇ ਚੜ੍ਹ ਕੇ ਭੂੰਡੋ ਨੂੰ ਪ੍ਰਾਹੁਣਾ ਵਿਖਾਉਣ ਦੀ ਵਿਉਂਤ ਬਣਾਈ ਸੀ । ਪਰ ਭੂੰਡੋ ਬੇਬੇ ਤੇ ਮਾਮੀ ਤੋਂ ਡਰ ਕੇ ਨਾ ਗਈ । ਕਾਫ਼ੀ ਚਿਰ ਪਿਛੋਂ ਜੰਨ ਵੇਖ ਕੇ ਆਈ ਇਕ ਸਹੇਲੀ ਨੇ ਉਸਦੀ ਵੱਖੀ ਵਿਚ ਹੁੱਝ ਮਾਰ ਕੇ ਕਿਹਾ :

—ਦੇਖ ਆਈ ਐਂ ਤੇਰੇ ਕੁਸ ਲਗਦੇ ਨੂੰ—।'

—'ਸੱਚੀਂ' ।' ਭੂੰਡੋ ਦੀਆਂ ਅੱਖਾਂ ਲਿਸ਼ਕੀਆਂ ।

—ਝੂਲਦਾ ਤੁਰਿਆ ਆਉਂਦਾ ਸੀ, ਹਾਥੀ ਆਂਗੂ । ਗੁਲਾਬੀ ਪੱਗ, ਲੱਕ ਤਾਈਂ ਲਮਕਦੇ ਸੇਹਰੇ । ਗਲੀਆਂ ਸੁੰਭਰਦਾ ਜਾਵੇ ਚਾਦਰੇ ਨਾਲ—।' ਉਸਦੀ ਸਹੇਲੀ ਨੇ ਭੂੰਜੇ ਚੁੰਨੀ ਲਮਕਾ ਕੇ ਤੁਰ ਕੇ ਵਿਖਾਇਆ ।

ਭੂੰਡੋ ਦੁਪਿਹਰ ਦੀ ਧੁੱਪ ਵਾਂਗ ਖਿੜ ਗਈ । ਉਸਦੇ ਜ਼ਿਹਨ ਵਿਚ, ਗੁਲਾਬੀ ਪੱਗ, ਲਮਕਦੇ ਸਿਹਰਿਆਂ ਨਾਲ ਢਕਿਆ ਮੂੰਹ ਤੇ ਧੂੰਹਵਾਂ ਚਾਦਰਾ ਘੁੰਮਣ ਲੱਗੇ ।

ਅਨੰਦ ਕਾਰਜ ਦੀ ਰਸਮ ਵੇਲੇ, ਪ੍ਰਾਹੁਣਾ ਪੂਰਾ ਸ਼ਰਾਬੀ ਸੀ । ਮੱਥਾ ਟੇਕਣ ਲੱਗਿਆਂ, ਤਾਬਿਆ ਵਿਚ ਉਸਨੇ ਮੂੰਹ ਭਾਰ ਡਿੱਗ ਪੈਣਾ ਸੀ, ਜੇ ਇਕ ਜਣੇ ਦਾ ਫੜਿਆ ਨਾ ਹੁੰਦਾ । ਪਾਠੀ ਨੇ ਇਤਰਾਜ਼ ਕੀਤਾ,...'ਇਹ ਬੇਅਦਬੀ ਐ ।' ਕੋਈ ਮਾਨ-ਮਰਿਯਾਦਾ ਹੁੰਦੀ ਐ-।'

ਭੂੰਡੋ ਦਾ ਪਿਉ ਅਤੇ ਭਰਾ ਵੀ ਨਮੋਸ਼ੀ ਮੰਨੀ ਖੜ੍ਹੇ ਸਨ । ਉਹਨਾਂ ਮੁੰਡੇ ਦੇ ਪਿਉ ਨੂੰ ਕਿਹਾ,...'ਦੋ ਚਾਰ ਘੰਟੇ ਸਬਰ ਕਰ ਲੈਣਾ ਸੀ, ਕਿੰਨੀ ਹੱਤਕ ਦੀ ਗੱਲ ਐ...।'

ਜੰਨ ਆਏ ਬੰਦਿਆਂ ਵਿਚ ਤੇ ਪਿੰਡ 'ਚੋਂ ਇਕੱਠੇ ਹੋਏ ਲੋਕਾਂ ਵਿਚ ਵੀ ਘੁਸਰ-ਮੁਸਰ ਹੋਣ ਲੱਗੀ ਸੀ ।

ਪਾਠੀ ਨੇ ਲਾਵਾਂ ਪੜ੍ਹਨ ਤੋਂ ਇਨਕਾਰ ਕਰ ਦਿੱਤਾ ।—'ਜਿੰਨਾ ਚਿਰ ਕਾਕਾ ਹੋਸ਼ ਵਿਚ ਨੀ ਆਉਂਦਾ ਹੈ, ਲਾਵਾਂ ਪੜ੍ਹਨ ਦਾ ਕੋਈ ਮਨੋਰਥ ਨੀ ਹੈ—।'



ਭੂੰਗਲਮਾਟੇ ਵਿਚ ਲਿਪਟੀ ਭੂੰਡੋ ਸਾਰਾ ਕੁਝ ਸੁਣ ਰਹੀ ਸੀ । ਉਸ ਦਾ ਜੀਅ ਕੀਤਾ, ਘੁੰਡ ਚੁੱਕ ਕੇ ਪੂਰੀ ਭਰੀ ਪਰ੍ਹੇ 'ਚ ਕਹਿ ਦੇਵੇ,—'ਮੈਂ ਐਹੋ ਜੇ ਸ਼ਰਾਬੀ ਨਾਲ ਵਿਆਹ ਈ ਨ੍ਹੀ ਕਰੌਣਾ—।' ਪਰ ਨਾਲ ਹੀ ਉਸਨੂੰ ਮਾਂ ਦਾ ਚੇਤਾ ਆਇਆ ।...ਬਾਪੂ ਦਾ, ਆਪਣੇ ਭਰਾ ਦਾ । ਐਨਾ ਭੱਜੇ ਨੱਠੇ ਨੇ ਉਹ । ਐਨਾ ਖਰਚ ਕੀਤੈ..., ਸਭ ਅਜਾਈਂ ਜਾਊਗਾ ? ਮਾਂ ਤਾਂ ਸੱਚੀਂ ਮੁੱਚੀਂ ਕਮਲੀ ਹੋ ਜੂ...। ਮਨਾਂ ਕਰਮਾਂ ਦੀਆਂ ਲਿਖੀਆਂ ਭੁਗਤ । ਜੇ ਹੁਣ ਕੋਈ ਅੜਿੱਕਾ ਪੈ ਗਿਆ, ਕੀ ਪਤਾ ਸਾਰੀ ਉਮਰ ਮਾਂ ਪਿਉ ਤੇ ਵੀਰੇ ਦੇ ਚਾਵਾਂ ਨੂੰ ਹੀ ਗ੍ਰਹਿਣ ਲੱਗੀ ਰਹਾਂ...।

ਟਿਕੇ ਬੈਠੇ ਲੋਕਾਂ ਵਿਚ ਹਿੱਲ-ਜੁਲ ਹੋਣ ਲੱਗੀ । ਹਰ ਕੋਈ ਆਪਣੀ ਸਿਆਣਪ ਘੋਟਣ ਲੱਗਾ । ਕੁਝ ਮੁਹਤਬਰਾਂ ਨੇ ਵਿਚ ਪੈ ਕੇ 'ਭਾਈ ਜੀ' ਨੂੰ ਮਨਾ ਲਿਆ । ਰਿਸ਼ਤੇਦਾਰ ਤੇ ਲੋਕ ਵੀ ਟਿਕ ਗਏ ।

—ਚਲੋ ਤੁਸੀਂ ਲਾਵਾਂ ਪੜ੍ਹੋ, ਜਿਵੇਂ ਵਿਆਹ ਹੋ ਗਿਆ, ਉਵੇਂ ਪੀਣੀ ਵੀ ਘਟਾ ਦੂ ਹੌਲੀ ਹੌਲੀ-।' ਕਿਸੇ ਨੇ ਗੁੱਝੀ ਮਸ਼ਕਰੀ ਕੀਤੀ ।

ਪਾਠੀ ਨੇ ਵਾਕ ਲੈ ਕੇ, 'ਹਰ ਪਹਿਲੜੀ ਲਾਂਵ' ਦੀ ਹੇਕ ਚੁੱਕ ਲਈ ।

ਹਰ ਲਾਂਵ ਦੇ ਖਤਮ ਹੋਣ 'ਤੇ, ਸ਼ਰਾਬੀ ਪ੍ਰਾਹੁਣਾ, ਗੁਰੂ ਗ੍ਰੰਥ ਸਾਹਬ ਅੱਗੇ, ਕੁਝ ਵਧੇਰੇ ਹੀ ਸੀਸ ਝੁਕਾ ਦਿੰਦਾ । ਪਾਸੇ ਬੈਠੀਆਂ ਕੁੜੀਆਂ ਹੱਸ ਪੈਂਦੀਆਂ । ਉਹ ਤਾਂ ਪ੍ਰਾਹੁਣੇ ਦਾ ਚਾਦਰਾ ਹੇਠਾਂ ਵਿਛਾਏ ਗਦੇਲੇ ਨਾਲ ਸਿਉਣ ਲੱਗੀਆਂ ਸਨ, ਜੇ ਭੂੰਡੋ ਦਾ ਪਿਉ ਝਿੜਕ ਨਾ ਦਿੰਦਾ ਤਾਂ ।

ਅਨੰਦ ਕਾਰਜ ਦੀ ਰਸਮ ਪੂਰੀ ਹੋਈ ਤਾਂ ਅੰਦਰ ਗਈ ਭੂੰਡੋ ਮਾਮੀ ਦੇ ਗਲ ਲੱਗ ਕੇ ਹਟਕੋਰੇ ਲੈਣ ਲੱਗੀ, 'ਮਾਮੀ ਥੋਨੂੰ ਪਤਾ ਸੀ, ਉਹ ਐਨੀ ਦਾਰੂ ਪੀਂਦੈ ?'

-ਪਤਾ ਕਾਹਨੂੰ ਸੀ ਬਿੱਲੂ, ਵਿਆਹ ਦੇ ਚਾਅ 'ਚ ਸਾਰੇ ਈ ਪੀਂਦੇ ਐ । ਇਹ ਕੁਸ਼ ਜਾਦੇ ਪੀ ਗਿਆ ਹੋਣੈ । ਤੂੰ ਐਵੇਂ ਮਨ ਦੁਖੀ ਨਾ ਕਰ-।' ਮਾਮੀ ਨੇ ਧਰਵਾਸ ਦਿੱਤਾ ।

ਪਰ ਅੰਦਰੋ-ਅੰਦਰੀ ਸਾਰੇ ਹੀ ਦੁਖੀ ਸਨ ।

ਦੋ ਕੁ ਵਜੇ ਜੰਨ ਨੂੰ ਰੋਟੀ ਖਾਣ ਦਾ ਸੱਦਾ ਦਿੱਤਾ ਤਾਂ ਅੱਗੋਂ ਜਵਾਬ ਆਇਆ-'ਅਜੇ ਰੋਟੀ ਖਾਣ ਜੋਗੇ ਨੀ ਹੋਏ...।'

ਚਾਰ ਕੁ ਵਜੇ ਜੰਨ ਰੋਟੀ ਖਾਣ ਜੋਗੀ ਹੋਈ । ਅੱਧਿਆਂ ਦੀਆਂ ਪੱਗਾਂ ਕੱਛਾਂ 'ਚ । ਉਹ ਭੰਗੜਾ ਪਾਉਂਦੇ ਆ ਰਹੇ ਸਨ । ਭੰਗੜਾ ਵੀ ਇਸ ਤਰ੍ਹਾਂ ਦਾ ਜਿਵੇਂ ਕੋਈ ਪੈਰ ਮਿੱਧੇ ਤੋਂ ਟੱਪਦਾ ਹੈ । ਇਕ ਨੇ ਆਪਣੀ ਬੋਤਲ ਵਾਲਾ ਹੱਥ ਉੱਚਾ ਕੀਤਾ ਤੇ ਲਲਕਾਰਾ ਮਾਰਿਆ । ਪ੍ਰਾਹੁਣੇ ਨੂੰ ਦੋ ਜਣੇ ਫੜਕੇ ਲਈ ਆ ਰਹੇ ਸਨ । ਪੱਗ ਉਸਦੀ ਗਲ ਵਿਚ ਪਈ ਹੋਈ ਸੀ । ਸ਼ਰਾਬੀ ਤਾਂ ਜੰਨ 'ਚ ਹੋ ਈ ਜਾਂਦੇ ਨੇ-ਪਰ ਐਸ ਜੰਨ 'ਚ ਸ਼ਰਾਬੀਆਂ ਦੀ ਚੜ੍ਹਤ ਵੇਖਣ ਵਾਲੀ ਸੀ ।

ਇਕ ਦੂਸਰੇ ਵੱਲ ਸਬਜ਼ੀ ਅਤੇ ਦਾਲ ਦੀਆਂ ਕੌਲੀਆਂ ਚਲਾ ਚਲਾ ਕੇ ਉਹਨਾਂ ਰੋਟੀ ਖਾਧੀ । ਕੋਈ ਆਪਣੇ ਨਾਲ ਬੈਠੇ ਨੂੰ ਗਾਲ੍ਹਾਂ ਕੱਢ ਰਿਹਾ ਸੀ । ਕਿਸੇ ਨੂੰ ਦੂਸਰੇ ਦਾ

ਬਾਹਲਾ ਹੀ ਮੋਹ ਤੇ ਹੇਰਵਾ ਆ ਰਿਹਾ ਸੀ ਤੇ ਉਹ ਬਾਰ ਬਾਰ ਜੱਫੀਆਂ ਪਾ ਰਿਹਾ ਸੀ ।

ਰੋਟੀ ਖਾਣ ਪਿਛੋਂ ਕੁੜੀ ਨੂੰ ਵਿਦਾ ਕਰਨ ਦਾ ਪ੍ਰਬੰਧ ਕੀਤਾ ਜਾਣ ਲੱਗਾ ।

ਵਿਚੋਲੇ ਨੇ ਆ ਕੇ ਭੂੰਡੋ ਦੇ ਬਾਪੂ ਤੋਂ ਰਾਇ ਪੁੱਛੀ, 'ਉਹ ਆਂਹਦੇ ਨੇ, ਜੇ ਕੁੜੀ ਦਾ ਗੁਰਦੁਆਰੇ ਫੇਰਾ ਪੁਆ ਕੇ ਅੱਜ ਹੀ ਮੁਕਲਾਵਾ ਲੈ ਜਾਈਏ, ਕੋਈ 'ਤਰਾਜ ਤਾਂ ਨੀ ਥੋਨੂੰ ? ਦੂਰ ਦੀ ਵਾਟ ਐ-।'

ਬਾਪੂ ਨੇ ਘਰ ਸਲਾਹ ਕੀਤੀ ।

-ਨਾ ਅੱਜ ਤਾਂ ਨੀ ਠੀਕ...।' ਭੂੰਡੋ ਦੀ ਬੇਬੇ ਨੇ ਸੰਸਾ ਕੀਤਾ ।-'ਪ੍ਰਾਹੁਣੇ ਦੀ ਹਾਲਤ ਨੀ ਵੇਖੀ ? ਕੀ ਜਲੂਸ ਕੱਢਿਆ ਪਿੰਡ 'ਚ । ਪਹਿਲਾਂ ਉਹਨੂੰ ਮੇਰੇ ਪਿਉ ਦੇ ਸਾਲੇ ਨੂੰ, ਮੇਰੇ ਕੋਲ ਭੇਜ ।' ਉਸਨੇ ਵਿਚੋਲੇ ਨੂੰ ਸਿੱਧਾ ਲਿਆ ।

-ਕੀ ਰੈਅ ਬਣੀ ਭਾਈ ? ਪੈਰ ਜਿਹੇ ਮਲਦਾ, ਵਿਚੋਲਾ ਸਬੱਬੀ ਆਪ ਹੀ ਆ ਗਿਆ ।

-ਰੈਅ ਤਾਂ ਬਣ ਜੂ । ਪਰ ਤੂੰ ਐਂ ਦੱਸ ਪਹਿਲਾਂ, ਸਾਥੋਂ ਕਿਹੜੇ ਜਨਮ ਦਾ ਬਦਲਾ ਲਿਐ ਤੂੰ ?'

-ਕਾਹਦਾ ਬਦਲਾ ?' ਵਿਚੋਲਾ ਘੋਗਲ-ਕੰਨਾਂ ਜਿਹਾ ਬਣਕੇ ਹੈਰਾਨ ਹੋਇਆ ।

-ਐਨੀ ਸ਼ਰਾਬ ਪੀਂਦਾ ਉਹ । ਪਸ਼ੂਆਂ ਆਂਗੂ ਲਿੱਟਦਾ ਫਿਰਦਾ-।'

-ਭਾਈ ਕਮਲੀ ਐਂ ਤੂੰ ਤਾਂ । ਸਰਦਾਰਾਂ ਦੇ ਮੁੰਡੇ ਐਂ ਈ ਕਰਦੇ ਹੁੰਦੇ ਐ । ਜੈ-ਦਾਤ ਦਾ ਮਾਲਕ ਐ । ਚਾਲੀ ਕਿੱਲੇ ਔਂਦੇ ਐਂ ਜੱਟ ਨੂੰ ! ਕਿੰਨੀ ਕੁ ਪੀ ਲੂ ? ਮੇਰੀ ਕਿਤੇ ਮੱਤ ਤਾਂ ਨੀ ਸੀ ਮਾਰੀ । ਐਨੀ ਜੈ-ਦਾਤ ਤੇ ਮੁੰਡਾ ਸਾਊ, ਕਿਤੇ ਲਹਿੰਦੇ ਚੜ੍ਹਦੇ ਥਿਆ ਜੂ ਸੋਨੂੰ ? ਹਰਖ ਕਾਹਦਾ ਕਰਦੇ ਐਂ ; ਕੱਲ ਨੂੰ ਕਬੀਲਦਾਰੀ 'ਚ ਪੈ ਗਿਆ, ਆਪੇ ਸਮਝ ਜੂ । ਥੋਡੀ ਕੁੜੀ ਨੂੰ ਚੱਜ ਹਾਲ ਦਾ ਕੋਈ ਮੁੰਡਾ ਨੱਕ ਹੇਠ ਤਾਂ ਲਿਆਉਂਦਾ ਨੀ ਸੀ । ਨਾਲੇ ਭਾਈ, ਜੇ ਕੁੜੀ ਸਿਆਣੀ ਹੋਈ ਤਾਂ ਨੱਥ ਪਾ ਲੂ-।' ਵਿਚੋਲੇ ਗੱਲਾਂ ਦਾ ਖੱਟਿਆ ਹੀ ਖਾਂਦੇ ਹਨ ਤੇ ਉਹਨੇ ਦੋਵੇਂ ਜੀਅ ਟਿਕਾ ਲਏ ।

-ਮੁਕਲਾਵਾ ਲੈਣ ਤਾਂ ਕੱਲ੍ਹ ਨੂੰ ਆਉਣ-।' ਭੂੰਡੋ ਦੀ ਮਾਂ ਨੇ ਆਪਣਾ ਫੈਸਲਾ ਸੁਣਾ ਦਿੱਤਾ ।

-ਜੇ ਕੱਲ੍ਹ ਨੂੰ ਵੀ ਏਹਨੇ ਏਹੀ ਕੰਜਰ ਖਾਨਾ ਕੀਤਾ, ਸਾਥੋਂ ਤਾਂ ਫਿਰ ਜੁੱਤੀਆਂ ਖਾ ਕੇ ਈ ਜਾਊ । ਸਮਝਾਦੀਂ ਏਹਨੂੰ-।' ਕੋਲ ਆਏ ਖੜ੍ਹੇ ਭੂੰਡੋ ਦੇ ਭਰਾ ਨੇ ਗਰਮੀ ਵਿਖਾਈ ।

-ਏਸੇ ਕਰਕੇ ਤਾਂ ਕਹਿਨਾਂ, ਬਈ ਅੱਜ ਈ ਮੁਕਾਓ ਕੰਮ । ਕੱਲ੍ਹ ਨੂੰ ਖੱਜਲ-ਖੁਆਰ ਹੋਣ ਨਾਲੋਂ ਤਾਂ ਠੀਕ ਐ । ਨਾਲੇ ਵੇਲਾ ਨੀ ਹੈ, ਰਾਹਾਂ 'ਚ ਐਵੇਂ ਤੁਰੇ ਫਿਰਨ ਦਾ...।'

ਫਿਰ ਸਾਰਿਆਂ ਦੀ ਰਾਇ ਬਣ ਗਈ ।

ਪਰ੍ਹਾਂ ਜਾਂ ਖੜ੍ਹੇ ਵਿਚੋਲੇ ਨੂੰ ਉਸਦੇ ਇਕ ਭੇਤੀ ਨੇ ਪੁੱਛਿਆ, ਹੌਲੀ ਜਿਹੀ ;

-ਸੇਵੀਆਂ 'ਚ ਲੂਣ ਤਾਂ ਨੀ ਪੈ ਗਿਆ ?'

-ਉਂਗਲ ਖੱਟੀ ਐਵੇਂ ਤਾਂ ਨੀ ਕਰਾਈ-।' ਵਿਚੋਲੇ ਨੇ ਮੁੰਡੇ ਵਾਲਿਆਂ ਵੱਲੋਂ ਮਿਲੀ,



ਉਂਗਲ 'ਚ ਫਸੀ ਖੱਟੇ ਭੂੰਡ ਰੰਗੀ ਛਾਪ ਵਖਾਈ ਤੇ ਉਸਦੇ ਕੰਨ ਕੋਲ ਉੱਲਰ ਕੇ ਦੱਸਿਆ, 'ਅਜੇ ਤਾਂ ਗੋਲੀਆਂ ਖਾਂਦੇ ਦਾ ਨੀ ਪਤਾ ਲੱਗਿਆ' ।

-ਤੂੰ ਆਪਣਾ ਲਾਗ ਲੈ ਲਿਆ, ਭਾਵੇਂ ਜਾਂਦੀ.....।' ਭੇਤੀ, ਇਸ ਖੁਸ਼ੀ ਦੇ ਮੌਕੇ, ਮੂੰਹ ਆਈ ਬਦਸ਼ਗਨੀ ਗੱਲ ਕਹਿੰਦਾ ਕਹਿੰਦਾ ਰੁਕ ਗਿਆ ।

ਵਿਚੋਲਾ ਮੁਸਕੜੀਏਂ ਹੱਸਿਆ ।

ਉਦੋਂ ਹੀ ਭੂੰਡੋ ਨੂੰ ਗੁਰਦੁਆਰੇ ਫੇਰਾ ਪੁਆਉਣ ਲਈ, ਕਾਰ ਦਰਾਂ 'ਚ ਆਣ ਖੜ੍ਹੀ ।

ਕੁੜੀਆਂ ਪ੍ਰਾਹੁਣੇ ਤੋਂ ਛੰਦ ਸੁਣਨਾ ਚਾਹੁੰਦੀਆਂ ਸਨ, ਪਰ ਉਹ ਸ਼ਰਾਬੀ ਹੋਇਆ, ਉਲੂਲ...ਉਲੂਲ-।' ਹੀ ਕਰੀ ਜਾਂਦਾ ਸੀ ।

ਗੁਰਦੁਆਰੇ ਫੇਰਾ ਪੁਆ ਕੇ, ਜਦੋਂ ਭੂੰਡੋ ਨੂੰ ਘਰ ਅੰਦਰ ਲੈ ਕੇ ਗਈਆਂ ਤਾਂ ਮਾਂ ਸਮਝਾਉਣ ਲੱਗੀ-, 'ਸਿਆਣੀ ਬਣ ਕੇ ਰਹੀਂ । ਕਿਸੇ ਦੇ ਮੂਹਰੇ ਨਾ ਬੋਲੀਂ-। ਐਸ ਘਰ ਦੀਆਂ ਖੁਸ਼ੀਆਂ ਤੇ ਖੇੜੇ ਤੇਰੇ ਵੱਲੋਂ ਆਉਂਦੀ ਠੰਢੀ 'ਵਾ ਨਾਲ ਈ ਜੁੜੇ ਐ । ਐਂਤ ਘਰ ਦੀ ਧੀ ਬਣਕੇ ਨਾ ਮੁੜੀਂ ਕਦੇ...।' ਇਸ ਤੋਂ ਅੱਗੇ ਉਸ ਵਿਚ ਬੋਲਣ ਦੀ ਸੱਤਿਆ ਨਹੀਂ ਸੀ ਰਹੀ ।

ਵਿਦਾ ਕਰਨ ਵੇਲੇ ਤਿੰਨਾਂ-ਚਹੁੰਆਂ ਸਹੇਲੀਆਂ, ਮਾਂ ਅਤੇ ਮਾਮੀ ਨੇ ਭੂੰਡੋ ਨੂੰ ਫੜ ਕੇ ਇਉਂ ਤੋਰ ਲਿਆ, ਜਿਵੇਂ ਉਹ ਆਪਣੇ ਪੈਰਾਂ 'ਤੇ ਤੁਰਨ ਨਾ ਜਾਣਦੀ ਹੋਵੇ । ਭੂੰਡੋ ਦੀਆਂ ਭੁੱਬਾਂ ਨਿਕਲ ਗਈਆਂ । ਉਸ ਦੇ ਰੋਣ ਨਾਲ ਸੱਚਮੁੱਚ, ਘਰ ਦੀਆਂ ਕੰਧਾਂ ਹਿੱਲ ਗਈਆਂ । ਮਾਂ ਵਿਚ ਤਾਂ ਭੂੰਡੋ ਨੂੰ ਪਿਆਰ ਦੇਣ ਜੋਗੀ ਹਿੰਮਤ ਵੀ ਨਾ ਰਹੀ । ਤੇ ਉਹ ਤੁਰ ਗਈ ।

ਜਦੋਂ ਕਾਰ ਦਿਸਣੋਂ ਉਹਲੇ ਹੋ ਗਈ ਤਾਂ ਭੂੰਡੋ ਦੀ ਮਾਂ ਅੰਦਰ ਆ ਵੜੀ ਤੇ ਇਕੱਠੇ ਕੀਤੇ ਬਿਸਤਰਿਆਂ ਦੇ ਢੇਰ 'ਚ ਮੂੰਹ ਦੇ ਕੇ ਨਿਢਾਲ ਡਿੱਗ ਪਈ, ਧੀ ਵਾਂਗ ਉਸਦੀਆਂ ਵੀ ਭੁੱਬਾਂ ਨਿਕਲ ਗਈਆਂ । ਅੰਦਰ ਖੋਹ ਪਈ, ਜਿਵੇਂ ਕੋਈ ਆਂਦਰਾਂ ਦਾ ਰੁੱਗ ਭਰ ਕੇ ਲੈ ਗਿਆ ਹੋਵੇ । ਮਾਮੀ ਅਤੇ ਹੋਰਨਾਂ ਨੇ ਆਕੇ ਉਸਨੂੰ ਸਾਂਭਿਆ, ਕੁੜੀ ਤੋਰ ਕੇ ਕੁੜੀਆਂ ਦੇ ਨੱਚਣ ਦਾ ਚਾਅ, ਭੂੰਡੋ ਦੀ ਬੇਬੇ ਦੇ ਹਟਕੋਰਿਆਂ, 'ਚ ਡੁੱਬ ਗਿਆ ।

ਉਧਰ, ਰਾਹ ਵਿਚ ਪ੍ਰਾਹੁਣੇ ਨੂੰ ਜ਼ਰਾ ਕੁ ਸੁਰਤ ਆਈ ਤਾਂ ਉਸਨੇ ਡੋਰ ਭੌਰ ਹੋ ਕੇ, ਲਾਲ ਵਰੀ ਵਿਚ ਸੁੰਗੜੀ ਬੈਠੀ ਆਪਣੀ ਵਹੁਟੀ ਵੱਲ ਤੱਕਿਆ । ਉਸਨੇ ਡਰਾਈਵਰ ਨੂੰ ਕਿਸੇ ਪਾਣੀ ਪੀਣ ਵਾਲੇ ਥਾਂ ਰੁਕਣ ਲਈ ਕਿਹਾ ।

ਕੁਝ ਦੇਰ ਬਾਅਦ ਹੀ, ਡਰਾਈਵਰ ਨੇ ਗੱਡੀ ਰੋਕ ਦਿੱਤੀ । ਸੜਕ 'ਤੇ ਚਾਹ ਦਾ ਇਕ ਖੋਖਾ ਸੀ । ਪ੍ਰਾਹੁਣੇ ਨੇ ਉੱਤਰ ਕੇ ਫੇਰ ਤਕੜਾ ਹਾੜਾ ਲਾ ਲਿਆ । ਫਿਰ ਉਹ ਪਿੰਡ ਪਹੁੰਚਣ ਤੱਕ ਨੀ ਹਿੱਲਿਆ ।

ਪਾਣੀ ਵਾਰਨ ਵੇਲੇ ਵੀ, ਪ੍ਰਾਹੁਣੇ ਨੂੰ ਖੜ੍ਹਾ ਰੱਖਣ ਲਈ ਦੋ ਜਣੇ ਫੜਕੇ ਖੜ੍ਹੇ ਰਹੇ । ਚੁਫੇਰਿਉਂ ਹੁੰਦੀ ਵਧਾਈਆਂ ਦੀ ਵਾਛੜ ਵਿਚ ਹੀ, ਯਾਰ ਬੇਲੀ ਖਿੱਚ ਕੇ ਲਾੜੇ ਨੂੰ ਬੈਠਕ ਵਿਚ ਲੈ ਵੜੇ ਤੇ ਰਾਹ ਵਿਚ ਆਈ 'ਤੋੜ' ਪੂਰੀ ਕਰਨ ਲੱਗੇ ।

ਇਉਂ ਹੀ ਰਾਤ ਪੈ ਗਈ ।

ਬਗਾਨੇ ਘਰ ਦੀਆਂ ਓਪਰੀਆਂ ਕੰਧਾਂ ਨੂੰ ਵੇਂਹਦੀ, ਭੂੰਡੋ ਬਹੁਤ ਓਦਰ ਗਈ । ਇਹ

ਹੁਣ ਉਸਦਾ ਆਪਣਾ ਘਰ ਬਣਨਾ ਸੀ। ਪਤਾ ਨੀ ਕਿਸ ਨੇ ਤੁਰਨ ਵੇਲੇ ਕਿਹਾ ਸੀ, 'ਚੌਲਾਂ ਦੀ ਖੇਤੀ ਵਾਂਗ, ਧੀਆਂ ਵੀ ਇਕ ਥਾਂ ਤੋਂ ਉਖੜ ਕੇ ਦੂਸਰੀ ਥਾਵੇਂ ਲੱਗਣ ਨਾਲ ਹੀ ਮੌਲਦੀਆਂ ਨੇ-।' ਉਸਨੂੰ ਆਪਣੀ ਮਾਂ, ਬਾਪੂ, ਵੀਰਾ ਯਾਦ ਆਏ। ਵਿਛੜ ਗਈਆਂ ਸਹੇਲੀਆਂ ਉਵੇਂ ਦਿਸੀਆਂ...

-ਭਾਬੀ ਆ ਰੋਟੀ ਖਾਈਏ-।' ਪ੍ਰਾਹੁਣੇ ਦੀ ਭੈਣ ਨੇ ਆਕੇ ਉਸਨੂੰ ਯਾਦਾਂ ਵਿਚੋਂ ਧੂਅ ਲਿਆ।

ਰੋਟੀ ਤਾਂ ਭੂੰਡੋ ਕੋਲੋਂ ਇਥੇ ਵੀ ਨਾ ਖਾਧੀ ਗਈ।

ਗਲੀ ਗੁਆਂਢ ਦੀਆਂ ਤੀਵੀਆਂ ਚਲੀਆਂ ਗਈਆਂ। ਮੇਲਣਾਂ ਨੱਚ ਨੱਚ ਹੰਭ ਕੇ ਟਿਕ ਗਈਆਂ। ਪ੍ਰਾਹੁਣੇ ਦੇ ਯਾਰ ਬੇਲੀ ਕੁਝ ਚਲੇ ਗਏ, ਕੁਝ ਆਸੇ ਪਾਸੇ ਹੀ, ਜਿਥੇ ਥਾਂ ਮਿਲਿਆ, ਟੇਢੇ ਹੋ ਗਏ।

ਪ੍ਰਾਹੁਣਾ ਅਜੇ ਵੀ ਬੈਠਕ ਵਿਚ ਹੀ ਸੀ। ਉਸਦੀ ਮਾਂ ਨੇ ਵਿਆਹੀ ਵੱਡੀ ਕੁੜੀ ਨੂੰ ਪਤਾ ਲੈਣ ਭੇਜਿਆ, ਤਾਂ ਉਹ ਓਹਨੀਂ ਪੈਰੀਂ ਵਾਪਸ ਮੁੜ ਆਈ।

-ਬੇਬੇ ਉਸਨੂੰ ਤਾਂ ਸੁਰਤ ਨੀ ਕੋਈ। ਮੂੰਹ ਅੱਡੀ ਪਿਐ। ਮੈਨੂੰ ਤਾਂ ਲਗਦੈ, ਪਸ਼ਾਬ ਵੀ ਵਿਚੇ ਈ ਕਰੀ ਪਿਐ-।' ਕੁੜੀ ਨੇ ਫ਼ਿਕਰ ਨਾਲ ਕਿਹਾ।

-ਕੋਈ ਨਾ, ਉਹ ਅੱਜ ਦਾ ਕਰਦੈ, ਐਹੋ ਜੀਆਂ ਭੱਦਰ ਕਾਰੀਆਂ ? ਜਦੋਂ ਬਹੂ ਗਈ ਅੰਦਰ, ਆਪੇ ਸੁਰਤ ਫੜ ਜੂ। ਜੇ ਰੋਟੀ ਖਾ ਲੀ ਬਹੂ ਨੇ ਤਾਂ ਉਸ ਨੂੰ ਛੱਡ ਆ-। ਸਿਆਣੀ ਹੋਈ ਤਾਂ ਆਪੇ ਕਰ ਲੂ ਸੁਰਤ 'ਚ-।'

ਭੂੰਡੋ ਨੂੰ ਆਪਣੀ ਸੱਸ ਦੀ ਗੱਲ ਸੁਣ ਗਈ ਸੀ। ਓਪਰੇ ਡਰ ਨਾਲ ਉਹ ਅੰਦਰੋਂ ਸਾਰੀ ਦੀ ਸਾਰੀ ਕੰਬ ਗਈ।

ਤੇ ਜਦੋਂ, ਉਸਦੀ ਵਿਆਹੀ-ਵਰੀ ਨਣਾਨ, ਉਸ ਨੂੰ ਬੈਠਕ ਵਿਚ ਛੱਡ ਕੇ ਦਰਵਾਜ਼ਾ ਭੇੜ ਗਈ ਤਾਂ ਉਸਦਾ ਦਿਲ ਧੱਕ ਧੱਕ ਕਰਨ ਲੱਗਾ। ਬੇਸੁਰਤ ਹੋਏ ਪਏ ਪ੍ਰਾਹੁਣੇ ਵੱਲ ਉਹ ਡਰ ਅਤੇ ਸੰਗ ਦੇ ਰਲਵੇਂ ਅਹਿਸਾਸ ਨਾਲ ਝਾਕਦੀ, ਆਪਣੇ ਮੰਜੇ 'ਤੇ ਜਾ ਬੈਠੀ।

ਕੁਝ ਪਲ, ਉਹ ਉਡੀਕਦੀ ਰਹੀ। ਉਸਦੀਆਂ ਸਹੇਲੀਆਂ ਤਾਂ ਬੜਾ ਕੁਝ ਦਸਦੀਆਂ ਹੁੰਦੀਆਂ ਸਨ। ਸਭ ਕੁਝ ਉਸਨੂੰ ਯਾਦ ਆਇਆ। ਉਹ ਹੈਰਾਨ ਹੋਈ...' ਏਹਨੇ ਤਾਂ ਪਾਸਾ ਵੀ ਨੀ ਲਿਆ ? ਸੌਂ ਗਿਆ...?...ਵੇਖਾਂ...?'

ਹੌਲੀ ਹੌਲੀ ਘੁੰਡ ਸਰਕਾ ਕੇ, ਉਸਨੇ ਪ੍ਰਾਹੁਣੇ ਦੇ ਮੰਜੇ ਵੱਲ ਦੇਖਿਆ। ਉਸਦਾ ਇਕ ਹੱਥ ਹੇਠਾਂ ਲਮਕ ਰਿਹਾ ਸੀ। ਜਾਪਿਆ ਜਿਵੇਂ ਸੱਚਮੁੱਚ ਹੀ ਸੌਂ ਰਿਹਾ ਹੋਵੇ...। ਉਸ ਨੂੰ ਖਿੱਝ ਆਈ...ਸੋਚਿਆ, ਬੱਤੀ ਬੁਝਾ ਕੇ ਸੌਂ ਜਾਵਾਂ...। ਫਿਰ ਖਿਆਲ ਆਇਆ-ਆਪਣੀਆਂ ਸਹੇਲੀਆਂ ਨੂੰ ਜਾ ਕੇ ਕੀ ਦੱਸੂੰਗੀ ? ਦੇਖਾਂ ਤਾਂ ਸਹੀ...।'

ਉਹ ਉਠੀ ! ਹੌਲੀ ਹੌਲੀ ਚੋਰਾਂ ਵਾਂਗ, ਉਸਦੇ ਮੰਜੇ ਕੋਲ ਗਈ। ਸੰਗਦੀ ਸੰਗਦੀ ਨੇ ਦੇਖਿਆ...ਉਸਦਾ ਮੂੰਹ ਟੱਡਿਆ ਹੋਇਆ ਸੀ। ਅੱਧ-ਖੁੱਲ੍ਹੀਆਂ ਅੱਖਾਂ ਛੱਤ ਵੱਲ ਚੜ੍ਹੀਆਂ ਹੋਈਆਂ ਸਨ। ਖੁਲ੍ਹੇ ਮੂੰਹ ਵਿਚੋਂ ਲਾਲ੍ਹਾਂ ਡਿੱਗ ਡਿੱਗ ਸਿਰਹਾਣਾ ਗਿੱਲਾ ਹੋਇਆ ਪਿਆ ਸੀ। ਭੂੰਡੋ ਡਰੀ ਡਰੀ ਉਸ ਵੱਲ ਝਾਕਦੀ ਰਹਿ ਗਈ।

ਅਚਾਨਕ ਉਸਨੂੰ ਟੀਰੀ ਤਾਈ ਦੇ ਜੇਠ ਦਾ ਮੁੰਡਾ ਚੇਤੇ ਆਇਆ, ਜਿਹੜਾ ਬਾਹਲੀ



ਸ਼ਰਾਬ ਪੀ ਕੇ ਮਰਿਆ ਸੀ। ਉਸਦਾ ਮੂੰਹ ਵੀ ਇਓਂ ਹੀ ਟੱਡਿਆ ਹੋਇਆ ਸੀ ਤੇ ਅੱਖਾਂ ਖੁਲ੍ਹੀਆਂ ਸਨ।..

ਇਸ ਭੈਅ ਨਾਲ ਭੂੰਡੋ ਦੀ ਚੀਕ ਨਿਕਲ ਗਈ।

ਪਲਾਂ 'ਚ ਹੀ ਘਰ ਵਾਲੇ ਭੱਜੇ ਆਏ।.. ਵਿਆਹੀ ਭੈਣ, ਪਿਉ, ਮੇਲਣਾਂ, ਗੁਆਂਢੀਆਂ ਨੇ ਵੀ ਬਨੇਰਿਆਂ ਉਪਰੋਂ ਸਿਰੀਆਂ ਚੁੱਕ ਲਈਆਂ।

ਬੈਠਕ ਵਿਚ ਭੂੰਡੋ ਠਠੰਬਰੀ ਖੜ੍ਹੀ ਸੀ। ਆਏ ਲੋਕਾਂ ਵੱਲ ਅੱਖਾਂ ਫਾੜ ਫਾੜ, ਉਹ ਪਾਗਲਾਂ ਵਾਂਗ ਝਾਕਣ ਲੱਗੀ।

ਹੈਰਾਨ ਹੋ ਕੇ, ਸੱਸ ਨੇ ਭੌਰ-ਭੌਰ ਹੋਈ ਭੂੰਡੋ ਨੂੰ ਪੁੱਛਿਆ, 'ਕੀ ਗੱਲ ਹੋਗੀ ਨ੍ਹੀ-?'

-ਏਹ ਤਾਂ ਮਰ ਗਿਆ-' ਭੂੰਡੋ ਨੇ ਪ੍ਰਾਹੁਣੇ ਵੱਲ ਹੱਥ ਕਰਕੇ ਕਿਹਾ ਤੇ ਡਰ ਨਾਲ ਉਸਦਾ ਚਿਹਰਾ ਸਫੈਦ ਪੂਣੀ ਵਰਗਾ ਹੋ ਗਿਆ

-ਸੁੱਖ ਬੋਲ ਕਲਿਹਣੀਏਂ-' ਸ਼ਗਨਾਂ ਦੀ ਰਾਤ ਨੂੰ ਕੇਹੋ ਜੇ ਚੰਦਰੇ ਬੋਲ ਕੱਢਦੀ ਐਂ-।' ਸੱਸ ਨੇ ਝਿੜਕਿਆ ਤੇ ਅਗਾਂਹ ਹੋ ਕੇ ਮੁੰਡੇ ਨੂੰ ਹਲੂਣਿਆਂ-।

-ਵੇ ਜਾਗਰਾ ! ਵੇ ਜਾਗਰਾ !!-।'

ਪਰ ਜਾਗਰ ਨਹੀਂ ਹਿੱਲਿਆ।

-ਲਿਆ ਨੀ ਪਾਣੀ ਦੀ ਬਾਲਟੀ, ਐਂ ਨੀ ਲੋਟ ਆਉਣਾ ਏਹਨੇ-।'

ਕੋਈ ਭੱਜ ਕੇ ਪਾਣੀ ਲੇ ਆਈ।

ਜਦੋਂ ਉਹ ਅੱਧ-ਭਿੱਜਿਆ ਜਿਹਾ ਹੋ ਗਿਆ ਤਾਂ...ਹੁੰਅ..-?-ਹੂੰਅ...? ਕਰਦਾ, ਮੂੰਹ ਵਿਚੋਂ ਗੰਦੀ ਹਵਾੜ ਛੱਡਦਾ, ਬਾਹੀ ਨੂੰ ਹੱਥ ਪਾਕੇ ਬੈਠਣ ਦੀ ਕੋਸ਼ਿਸ਼ ਕਰਨ ਲੱਗਾ।

-ਪਿਆ ਰਹਿ-ਪਿਆ ਰਹਿ...। ਥੋੜੀ ਝੁਲਸਣੀ ਸੀ ਅੱਜ...।' ਮਾਂ ਨੇ ਮੋਢਾ ਨੱਪ ਕੇ ਫੇਰ ਪਾ ਦਿੱਤਾ।

ਭੂੰਡੋ ਅਜੇ ਵੀ ਡਰੀ ਖੜ੍ਹੀ ਸੀ।

ਜਦੋਂ ਉਹ ਮੁੜਨ ਲੱਗੀਆਂ ਤਾਂ ਅੱਖਾਂ ਭਰੀ ਖੜ੍ਹੀ ਭੂੰਡੋ ਨੇ ਕਿਹਾ :

-ਮੈਨੂੰ ਡਰ ਲਗਦੈ ਏਥੇ-।'

-ਕੋਈ ਨਾ ਹਟਜੂ-ਗਾ-।' ਮੇਲਣਾਂ ਦੀ ਨੀਂਦ ਟਲ ਗਈ ਸੀ। ਉਹ ਭੂੰਡੋ ਵੱਲ ਵੇਂਹਦੀਆਂ, ਗੁੱਝਾ ਗੁੱਝਾ ਹੱਸਦੀਆਂ, ਮੁੜ ਗਈਆਂ ਤੇ ਵਿਹੜੇ ਵਿਚ ਜਾਕੇ, ਉਹਨਾਂ ਬੋਲੀ ਪਾ ਕੇ ਨੱਚਣਾ ਸ਼ੁਰੂ ਕਰ ਦਿੱਤਾ।

ਭੂੰਡੋ ਦਾ ਜੀਅ ਕੀਤਾ, ਬੈਠਕ ਵਿਚੋਂ ਬਾਹਰ ਭੱਜ ਜਾਵੇ। ਪਰ ਬੇਬੇ ਦੇ ਬੋਲ ਯਾਦ ਆਏ-'ਸਿਆਣੀ ਬਣ ਕੇ ਰਹੀਂ...' ਕਿਸੇ ਦੇ ਮੂਹਰੇ ਨਾ ਬੋਲੀਂ, ਐਸ ਘਰ ਦੀਆਂ ਖੁਸ਼ੀਆਂ ਤੇ ਖੇੜੇ, ਤੇਰੇ ਵੱਲੋਂ ਆਉਂਦੀ ਠੰਡੀ 'ਵਾ ਨਾਲ ਈ ਜੁੜੇ ਐ.........।

ਉਹ ਆਪਣੇ ਮੰਜੇ 'ਤੇ ਆ ਬੈਠੀ।

ਨਾ ਹੀ ਬਾਹਰ ਨੱਚਦੀਆਂ ਮੇਲਣਾਂ ਨੂੰ, ਤੇ ਨਾ ਹੀ ਬੇਸੁਰਤ ਹੋਏ ਪਏ ਪ੍ਰਾਹੁਣੇ ਨੂੰ, ਭੂੰਡੋ ਦੀਆਂ ਅੱਖਾਂ ਵਿਚੋਂ ਵਹਿੰਦੇ ਤ੍ਰਿਪ ਤ੍ਰਿਪ ਹੰਝੂਆਂ ਦਾ ਪਤਾ ਲੱਗਿਆ। □

[1419/20 ਕਰਿਸ਼ਨਾ ਨਗਰ, ਮੋਗਾ-142001]

## ਤਿੰਨ ਫ਼ਿਲਸਤੀਨੀ ਕਵਿਤਾਵਾਂ/ਸਲੇਮ ਜੁਬਰਾਨ

### 1. ਜਲਾਵਤਨੀ

ਸਰਹੱਦ ਦੇ ਆਰ-ਪਾਰ ਲੰਘਦਾ ਹੈ ਸੂਰਜ
ਬੰਦੂਕਾਂ ਹੋ ਜਾਂਦੀਆਂ ਹਨ ਖ਼ਮੋਸ਼—'ਤੁਲਕਾਰੇਮ' ਅੰਦਰ
ਭਰਲ-ਪੰਛੀ ਗਾਉਣ ਲਗਦਾ ਹੈ ਗੀਤ ਸਰਘੀ-ਵੇਲੇ ਦੇ
ਅਤੇ ਉਡ ਜਾਂਦਾ ਹੈ ਚੋਗੇ ਵਾਸਤੇ
'ਕਿੱਬੁਤਜ਼' ਦੀਆਂ ਚਿੜੀਆਂ ਦੇ ਅੰਗ-ਸੰਗ
ਇਕ ਦਮ-ਕਾ-ਦਮ ਗਧਾ, ਮਟਰ ਗਸ਼ਤ ਕਰਦਾ ਹੈ
ਗੋਲਾਬਾਰੀ ਦੀ ਸੀਮਾ ਤੋਂ ਪਰ
ਪਹਿਰੇਦਾਰ ਦਸਤਿਆਂ ਦੀ ਨਿਗਰਾਨੀ ਤੋਂ ਬਾਹਰ-ਵਾਰ !!
ਪਰ ਮੇਰੇ ਲਈ—ਤੇਰੇ ਏਸ ਜਲਾਵਤਨ ਪੁੱਤਰ ਵਾਸਤੇ
ਹੇ ਮੇਰੀ ਮਾਤ-ਭੂਮੀ—ਇਕ ਸੀਮਾ-ਰੇਖਾ ਖਿੱਚੀ ਹੋਈ ਹੈ
ਤੇਰੇ ਆਕਾਸ਼ ਅਤੇ ਮੇਰੀਆਂ ਅੱਖਾਂ ਵਿਚਕਾਰ
ਦ੍ਰਿਸ਼ਟੀ ਨੂੰ ਕਾਲੀ ਕਰਦੀ ਹੋਈ !! □

### 2, ਮਾਂ

ਮੇਰੀ ਮਾਂ ਨੂੰ ਫਟਕਾਰੋ
ਜਿੰਨ੍ਹੇ ਇਕ ਵਿਦੇਸ਼ੀ ਨੂੰ ਆਪਣੀ ਹਿੱਕ ਨਾਲ ਲਾਇਆ
ਉਸ ਨੂੰ ਆਪਣਾ ਦੁੱਧ ਚੁੰਘਾਇਆ
ਜਦ ਕਿ ਮੈਂ ਭੁੱਖਾ ਹਾਂ
ਮਲਊਨ ਹੈ ਉਹ
ਜਿੰਨ੍ਹੇ ਮੇਰੇ ਬਿਸਤਰੇ ਉੱਤੇ ਇਕ ਵਿਦੇਸ਼ੀ ਨੂੰ ਸੁਲਾਇਆ
ਜਦ ਕਿ ਮੈਂ ਉਨੀਂਦਰਾ ਹਾਂ
ਮੇਰੀ ਮਾਂ ਦਾ ਚੂੰਡਾ ਫਟਕਾਰੋ, ਲਾਅਨਤ ਪਾਉ ਉਸ 'ਤੇ
ਜਿੰਨ੍ਹੇ ਆਪਣੇ ਦਿਲ 'ਚ ਇਕ ਵਿਦੇਸ਼ੀ ਨੂੰ ਵਸਾਇਆ।
ਮੈਨੂੰ ਬਾਹਰ ਚਾ ਕੱਢਿਆ—ਤੇ
ਇਕ ਨਿਮਾਣਾ
ਮਾਂ ਦੀ ਮਮਤਾ-ਵਿਹੂਣਾ ਭਗੌੜਾ ਬਣਾ ਛੱਡਿਆ
ਮੇਰੀ ਮਾਂ ਦੇ ਸਿਰ ਸੁਆਹ ਪਾਓ—ਨਿੰਦੋ ਉਸ ਨੂੰ
ਸਭਨਾਂ ਸੁਆਣੀਆਂ ਨੂੰ ਫਟਕਾਰੋ !! □



### 3. ਇਕ ਟੰਗਿਆ ਹੋਇਆ ਅਰਬ

ਇਕ ਟੰਗਿਆ ਹੋਇਆ ਅਰਬ, ਸਭ ਤੋਂ ਸੁਣੱਖਾ ਖਿਡੌਣਾ ਹੈ
ਜਿਸ ਨੂੰ ਬੱਚੇ ਖ਼ਰੀਦ ਸਕਦੇ ਹਨ
ਓ ! ਨਾਜ਼ੀਆਂ ਦੇ ਕੈਂਪਾਂ ਵਿਚਕਾਰ—ਪਈਆਂ ਰੂਹੋ !
ਇਹ ਜਿਹੜਾ ਆਦਮੀ ਟੰਗਿਆ ਹੋਇਆ ਹੈ
ਇਹ ਬਰਲਿਨ ਦਾ ਯਹੂਦੀ ਨਹੀਂ ਹੈ
ਇਹ ਤਾਂ—ਇਕ ਅਰਬ ਹੈ ਮੇਰੇ ਵਾਂਗ
ਇਹ ਟੰਗਿਆ ਮੋਇਆ ਬੰਦਾ...
ਤੁਹਾਡੇ ਭਾਰਾਵਾਂ ਨੇ ਮਾਰਿਆ ਹੈ ਇਸ ਨੂੰ
ਤੁਹਾਡੇ ਨਾਜ਼ੀ ਦਸਤਿਆਂ ਨੇ... 'ਜਿਉਨ' ਵਿਖੇ !!

□ [ਪੰਜਾਬੀ ਅਨੁਵਾਦ : ਸ਼ਾਕਰ ਪੁਰਸ਼ਾਰਥੀ]

## ਕਵਿਤਾ ਦੇ ਨਵੇਂ ਦਿਸਹੱਦੇ/ਪਾਬਲੋ ਨੇਰੂਦਾ

ਇਸ ਯੁਗ ਦੀ ਸਮਾਪਤੀ 'ਤੇ ਮੈਂ ਨਵੀਆਂ ਲੱਭੀਆਂ ਧਰਤਾਂ ਉੱਤੇ ਇਕ ਵਾਰ ਫਿਰ ਕੱਲ-ਮਕੱਲਾ ਹਾਂ, ਇੰਝ ਜਿਵੇਂ ਇਹ ਸਾਰੀ ਸਮੁੰਦਰੀ ਯਾਤਰਾ ਨਿਸਫਲ ਹੋਵੇ । ਮੈਂ ਸੰਤਾਪ ਤੇ ਇਕੱਲਤਾ ਦਾ ਦਰਦ ਝੱਲਦਾ ਹਾਂ, ਜਿਵੇਂ ਕਿ ਜੰਮਣ ਪੀੜਾ ਵਿਚ, ਭਿਆਨਕ ਆਰੰਭ ਵਿਚ ਮੈਂ ਉਸ ਪਰਾਸਰੀਰਕ ਆਤੰਕ ਨਾਲ ਭਰ ਗਿਆ ਹੋਵਾਂ, ਜਿਸ ਵਿਚੋਂ ਕਿ ਮੇਰੀਆਂ ਆਰੰਭਕ ਕਵਿਤਾਵਾਂ ਦਾ ਚਸ਼ਮਾਂ ਵਗ ਤੁਰਿਆ ਸੀ । ਇਹ ਇਕ ਨਵਾਂ ਘੁਸਮੁਸਾ ਸੀ, ਜਿਹੜਾ ਮੇਰੀ ਆਪਣੀ ਰਚਨਾ ਨੇ ਸੱਦਿਆ ਸੀ । ਮੈਂ ਕਿਹੜੇ ਰਸਤੇ ਵਾਪਸ ਪਰਤਾਂ ? ਕਿਸ ਦਾ ਨਿਸ਼ਾਨਾ ਸਾਹਵੇਂ ਰੱਖਾਂ ? ਚੁੱਪ ਜਾਂ ਸਾਹ ਲੈਣ ਲਈ ਕਿਸ ਖੁਲ੍ਹ ਵੱਲ ਤੱਕਾਂ ।... ਮੈਂ ਰੋਸ਼ਨੀ ਕਰਦਾ ਹਾਂ ਤੇ ਹਨੇਰਾ ਪੁੱਠਾ ਹੋ ਜਾਂਦਾ ਹੈ, ਹੇਠਲਾ ਉਤੇ ਤੇ ਉੱਤਲਾ ਹੇਠਾਂ । ਤੇ ਮੈਨੂੰ ਆਪਣੇ ਖਾਲੀਪਨ ਤੋਂ ਬਿਨਾਂ ਕੁਝ ਨਹੀਂ ਲੱਭਦਾ ਜਿਹੜਾ ਸੁੰਨਾਪਨ ਮੇਰੇ ਹੱਥਾਂ ਨੇ ਮਾਰੂ ਚਿੰਤਾ ਸਦਕਾ ਉਸਾਰਿਆ ਸੀ ।

ਤੇ ਫਿਰ ਮੇਰੇ ਸਭ ਤੋਂ ਕਰੀਬ ਕੌਣ ਸੀ ? ਸਭ ਤੋਂ ਬੁਨਿਆਦੀ, ਸਭ ਤੋਂ ਵਿਸ਼ਾਲ, ਮੁਕੰਮਲ ਤੌਰ 'ਤੇ ਅਣ-ਕਿਆਸਿਆ, ਮੇਰੇ ਰਾਹ ਵਿਚ ਪਹਿਲੀ ਵਾਰ ਆ ਪ੍ਰਗਟ ਹੋਵੇਗਾ । ਮੈਂ ਸੰਸਾਰ ਬਾਰੇ ਬੜੇ ਗਹੁ ਨਾਲ ਸੋਚਿਆ ਸੀ, ਪਰ ਆਦਮੀ ਬਾਰੇ ਨਾ ਸੋਚਿਆ । ਪੀੜਾਂ ਭਰੇ ਤੇ ਨਿਰਦਈ ਢੰਗ ਨਾਲ, ਮੈਂ ਮਨੁੱਖ ਦੇ ਦਿਲ ਨੂੰ ਘੋਖਣ ਦਾ ਯਤਨ ਕੀਤਾ । ਪਰ ਮਨੁੱਖਤਾ ਬਾਰੇ ਨਾ ਸੋਚਿਆ । ਮੈਂ ਸ਼ਹਿਰ ਤਾਂ ਵੇਖੇ ਸਨ, ਪਰ ਖਾਲੀ ਸ਼ਹਿਰ । ਮੈਂ ਉਹ ਕਾਰਖਾਨੇ ਵੇਖੇ ਸਨ, ਜਿਹਨਾਂ ਦੀ ਹੋਂਦ ਹੀ ਇਕ ਦੁਖਾਂਤ ਸੀ, ਪਰ ਅਸਲੀਅਤ ਵਿਚ ਮੈਂ ਉਹਨਾਂ ਛੱਤਾਂ ਹੇਠ ਦੁੱਖ ਨੂੰ ਨਹੀਂ ਤੱਕਿਆ ਸੀ, ਗਲੀਆਂ ਦੇ, ਰਾਹ ਦੇ ਹਰ ਸਟੇਸ਼ਨ, ਸ਼ਹਿਰਾਂ ਤੇ ਪੇਂਡੂ ਖੇਤਰ ਦੇ ਕਸ਼ਟਾਂ ਨੂੰ ਨਹੀਂ ਵੇਖਿਆ ਸੀ ।

ਜਦੋਂ ਪਹਿਲੀਆਂ ਗੋਲੀਆਂ ਨੇ ਸਪੇਨ ਦੀਆਂ ਸਿਤਾਰਾਂ ਨੂੰ ਪਾੜ ਸੁੱਟਿਆ, ਜਦੋਂ ਸੰਗੀਤ ਦੀ ਥਾਂ ਉਹਨਾਂ 'ਚੋਂ ਲਹੂ ਦੇ ਫ਼ੁਹਾਰੇ ਵਗ ਨਿਕਲੇ। ਮੇਰੀ ਕਵਿਤਾ ਮਨੁੱਖੀ ਵੇਦਨਾ ਦੀਆਂ ਗਲੀਆਂ ਵਿਚ ਮਰੇ ਹੋਏ ਪ੍ਰੇਤ ਵਾਂਗ ਰੁੱਕ ਗਈ 'ਤੇ ਇਸ ਚੋਂ ਲਹੂ ਤੇ ਜੜ੍ਹਾਂ ਫੈਲਣ ਲੱਗੀਆਂ। ਉਸ ਵੇਲੇ ਤੋਂ ਲੱਗ ਕੇ, ਮੇਰਾ ਰਾਹ ਹਰ ਮਨੁੱਖ ਦੇ ਰਾਹ ਨਾਲ ਜਾ ਮਿਲਿਆ। ਅਤੇ ਅਚਾਨਕ ਹੀ ਮੈਂ ਵੇਖਿਆ ਕਿ ਇਕੱਲਤਾ ਦੇ ਦੱਖਣ ਤੋਂ ਮੈਂ ਉਤਰ ਵੱਲ ਮੁੜ ਪਿਆ ਸੀ, ਲੋਕਾਂ ਵੱਲ। ਲੋਕ ਜਿਹਨਾਂ ਦੀ ਤਲਵਾਰ ਤੇ ਰੁਮਾਲ ਮੇਰੀ ਨਿਮਾਣੀ ਕਵਿਤਾ ਬਣਨਾ ਚਾਹੁੰਦੀ ਸੀ, ਲੋਕਾਂ ਦੇ ਦੁੱਖਾਂ ਦੇ ਮੁੜ੍ਹਕੇ ਨੂੰ ਸੁਕਾਉਣਾ ਅਤੇ ਇਹਨਾਂ ਦੇ ਰੋਟੀ ਦੇ ਸੰਘਰਸ਼ ਵਿਚ ਇਸ ਨੂੰ ਇਕ ਹਥਿਆਰ ਪ੍ਰਦਾਨ ਕਰਨਾ ਚਾਹੁੰਦੀ ਸੀ।

□

[ਜੀਵਨ-ਯਾਦਾਂ 'ਚੋਂ]

## ਉਨੀਂਦਰਾ/ਪਾਬਲੋ ਨੇਰੂਦਾ

ਅੱਧੀ ਰਾਤੀਂ ਅੱਖ ਖੁੱਲ੍ਹ ਜਾਵੇ, ਮੁੜ ਕੇ ਨੀਂਦ ਨਾ ਆਵੇ।
ਆਪਣੇ ਆਪ ਨੂੰ ਪੁੱਛਾਂ;
ਮੇਰੀ ਮਾਤਰ-ਭੂਮੀ 'ਚਿੱਲੀ' ਦਾ ਕੀ ਬਣਿਆ ?
ਅਤਿ ਗ਼ਰੀਬੀ ਅਤੇ ਹਨੇਰੇ ਦਾ ਸਿਰ ਤੰਬੂ ਤਣਿਆ।

ਪਤਲੇ, ਨਿੱਕੇ ਇਸ ਬੇੜੇ ਦਾ, ਇਸ ਦੇ ਪੱਥਰਾਂ ਤੇ ਖੇਤਾਂ ਦਾ
ਸਾਗਰ-ਕੰਢਾ, ਜਿੱਥੇ ਝੱਗ ਦਾ ਸੁਹਣਾ ਸੂਹਾ ਫੁੱਲ ਖਿੜਦਾ ਹੈ
ਕੀ ਹੋਵੇਗਾ ?
ਆਪਣੇ ਦੇਸ਼ ਨਾਲ ਮੈਂ ਜੁੜਿਆ, ਇਕ-ਮਿਕ ਹੋਇਆ
ਇਸ ਦੇ ਹਰ ਜਾਏ ਨੂੰ ਜਾਣਾ
ਮੇਰੇ ਵਿਚ ਦੀ, ਰੋਂਦੇ, ਹੱਸਦੇ, ਖਿੜਦੇ
ਸਾਰੇ ਮੌਸਮ ਰਹਿੰਦੇ ਗਿੜਦੇ।

ਹੁਣ ਮੈਂ ਤੱਕਾਂ, ਸੰਸੇ ਭਰਿਆ ਸਾਲ ਮਸਾਂ ਹੀ ਪੂਰਾ ਹੋਇਆ
ਡੁੱਲ੍ਹੀ ਰੱਤ 'ਚੋਂ ਚਿੱਲੀ ਮੁੜ ਕੇ ਉੱਠ ਖਲੋਇਆ
ਗਲਤੀਆਂ ਉੱਤੇ, ਹੱਸਿਆ, ਰੋਇਆ।

ਦੂਰ-ਦੁਰਾਡੇ, ਹੁਣ ਜਦ ਨਵੇਂ ਭਵਿੱਖ ਨੂੰ ਤੱਕਣ ਲੱਗਾ
ਚਿੱਲੀ ਮੇਰਾ ਦੇਸ਼ ਪਿਆਰਾ, ਸੁਹਣੇ ਜੀਵਨ ਦੇ ਹੈ ਸੁਪਨੇ ਲੈਂਦਾ
ਫੇਰ ਦੁਬਾਰਾ ਕੀ ਬਦਸ਼ਗਨੀ ਹੋਈ।
ਦੇਸ਼ ਦੀਆਂ ਕੰਧਾਂ ਦੇ ਉੱਤੇ
ਨਵੀਂ ਦੁਸ਼ਮਣੀ ਅਤੇ ਈਰਖਾ, ਕਿੱਥੋਂ ਉੱਗ ਖਲੋਈ
ਕਿਸ ਨੇ ਚਿੱਲੀ, ਮੁੜ ਕੇ ਬਿਪਤਾ ਵਿਚ ਪਰੋਈ ?

□ [ਪੰਜਾਬੀ ਰੂਪ : ਹਰਭਜਨ ਸਿਘ ਹੁੰਦਲ]



# ਮੇਰੀ ਕਹਾਣੀ "ਕੋਈ ਇਕ ਸਵਾਰ"

ਸੰਤੋਖ ਸਿੰਘ ਧੀਰ

"ਕੋਈ ਇਕ ਸਵਾਰ" ਮੇਰੀ ਬੜੀ ਪ੍ਰਸਿੱਧ ਕਹਾਣੀ ਹੈ। 1954 ਦੇ ਅਪਰੈਲ ਵਿਚ ਮੈਂ ਲਿਖੀ ਸੀ ਇਹ।

ਅੰਬਾਲਾ-ਲੁਧਿਆਣਾ ਵਾਲੀ ਜੀ.ਟੀ. ਰੋਡ ਉਤੇ, ਖੰਨਾ ਅਤੇ ਸਰਹੰਦ ਵਿਚਕਾਰ, ਗੋਬਿੰਦਗੜ੍ਹ ਇਕ ਮੰਡੀ ਹੈ। ਇਸ ਮੰਡੀ ਵਿਚ ਬੈਠਕੇ ਮੈਂ ਇਹ ਕਹਾਣੀ ਲਿਖੀ ਸੀ। ਰੇਲਵੇ ਸਟੇਸ਼ਨ ਵੱਲ, ਛੋਟੇ ਜਿਹੇ ਇਕ ਕਮਰੇ ਵਿਚ, ਮੈਂ ਕਾਲਜ ਖੋਲ੍ਹਿਆ ਹੋਇਆ ਸੀ—ਪ੍ਰਾਈਵੇਟ ਗਿਆਨੀ ਕਾਲਜ। ਇਸ "ਕਾਲਜ" ਵਿਚ ਬੈਠਕੇ ਮੈਂ ਇਹ ਕਹਾਣੀ ਲਿਖੀ ਸੀ। ਵਿਦਿਆਰਥੀ ਬਹੁਤ ਘੱਟ ਸਨ। ਇਕ ਬੈਂਚ ਹੁੰਦਾ ਸੀ ਕੇਵਲ, ਉਹ ਵੀ ਬਹੁਤਾ ਖ਼ਾਲੀ ਰਹਿੰਦਾ। ਮੁਸ਼ਕਿਲ ਨਾਲ ਦੋ ਕਿ ਤਿੰਨ ਵਿਦਿਆਰਥੀ ਆਉਂਦੇ ਹੁੰਦੇ ਸਨ। ਘੰਟਾ ਡੇਢ ਘੰਟਾ ਮੈਂ ਉਹਨਾਂ ਨੂੰ ਪੜ੍ਹਾਉਂਦਾ ਸਾਂ। ਬਾਕੀ ਸਮਾਂ ਆਪਣੇ ਲਿਖਣ-ਪੜ੍ਹਨ ਵਿਚ ਹੀ ਲਾਉਂਦਾ ਰਹਿੰਦਾ। ਕਾਹਦਾ ਸੀ ਇਹ ਕਾਲਜ। ਨੰਗ-ਭੁੱਖ ਦਾ ਘਰ ਸੀ। ਫ਼ੀਸ ਬੜੀ ਹੀ ਘੱਟ ਸੀ। ਪੰਜ ਰੁਪਏ ਮਹੀਨਾ। ਉਹ ਵੀ ਸ਼ਾਇਦ ਇਕ ਦੋ ਦੀ ਅੱਧੀ ਕਰਨੀ ਪਈ ਸੀ। ਰਹਿੰਦਾ ਆਪਣੇ ਪਿੰਡ ਹੀ ਸਾਂ। ਰੇਲਵੇ ਲਾਈਨ ਤੋਂ ਪਰਲੇ ਪਾਸੇ ਸੀਗਾ ਮੇਰਾ ਪਿੰਡ ਡਡਹੇੜੀ। ਮੀਲ ਪੌਣਾ ਮੀਲ ਦੂਰ। ਸਵੇਰੇ ਪਿੰਡੋਂ ਆਉਂਦਾ ਤੇ ਸ਼ਾਮੀ ਪਰਤ ਜਾਂਦਾ ਸਾਂ। ਦਸ ਰੁਪਏ ਮਹੀਨਾ ਸੀ ਕਿਰਾਇਆ ਇਸ ਕਮਰੇ ਦਾ। ਪਰ ਉਹ ਦੇ ਨਹੀਂ ਹੁੰਦਾ ਸੀ। ਇਕ ਵਾਰ ਤਾਂ ਮਾਲਿਕ ਮੈਨੂੰ ਬਹੁਤ ਹੀ ਉੱਖਾ ਬੋਲਿਆ। ਬਸ ਇਕ ਸਾਮਾਨ ਮੇਰਾ ਉਸ ਬਾਹਰ ਨਹੀਂ ਸੁਟਿਆ ਸੀ।

ਕਾਲਜ ਚਲਦਾ ਨਹੀਂ ਸੀ। ਜਿੰਨੀ ਫ਼ੀਸ ਮਿਲਦੀ ਸੀ, ਉਸ ਨਾਲ ਕਿਰਾਇਆ ਜਾਂ ਚਾਹ ਦੇ ਕੱਪ ਹੀ ਆਉਂਦੇ ਸਨ। ਪਰ ਮੈਂ ਫੇਰ ਵੀ ਇਸ ਕਮਰੇ ਨੂੰ ਛੱਡਣਾ ਨਹੀਂ ਚਾਹੁੰਦਾ ਸਾਂ। ਦਿਲ ਜਿਹਾ ਲੱਗਿਆ ਹੋਇਆ ਸੀ (ਸ਼ਾਇਦ "ਕੋਈ ਇਕ ਸਵਾਰ" ਲਿਖਣੀ ਸੀ ਮੈਂ ਅਜੇ ਏਥੇ)। ਕਮਰੇ ਵਿਚ ਇਕ ਬਾਰੀ ਸੀ। ਬਾਰੀ ਵਿਚੋਂ ਸੱਜੇ ਵੱਲ ਦੂਰ ਮੈਨੂੰ ਰੇਲਵੇ ਸਟੇਸ਼ਨ ਨਜ਼ਰ ਆਉਂਦਾ ਰਹਿੰਦਾ। ਸਰਹੰਦ ਵੱਲ ਦੀ ਗੁਮਟੀ (ਕੈਬਿਨ) ਤੇ ਰੇਲ ਦੀ ਲੀਹ ਵੀ ਦਿਸਦੀ ਰਹਿੰਦੀ। ਰੇਲ-ਲੀਹ ਦੇ ਏਧਰ ਕੁਝ ਉੱਚੀਆਂ-ਉੱਚੀਆਂ ਟਾਹਲੀਆਂ ਸਨ ਜੋ ਇਕ ਕਤਾਰ ਵਿਚ ਖੜੀਆਂ ਸਨ। ਸਰਹੰਦ ਵੱਲੋਂ ਜਦੋਂ ਕਦੇ ਕੋਈ ਰੇਲ ਗੱਡੀ ਆਉਂਦੀ ਤਾਂ ਹਰੀਆਂ-ਹਰੀਆਂ ਟਾਹਲੀਆਂ ਪਿੱਛੇ ਮੈਨੂੰ ਬੜੀ ਹੀ ਚੰਗੀ ਲਗਦੀ। ਲਾਲ-ਲਾਲ ਡੱਬੇ ਤੇ ਹਰੀਆਂ-ਹਰੀਆਂ ਟਾਹਲੀਆਂ। ਹਾਂ, ਉਹੀਓ ਗੱਡੀ ਮੈਨੂੰ ਏਥੇ ਚੰਗੀ ਲਗਦੀ ਸੀ ਜੋ ਹੌਲੀ-ਹੌਲੀ ਆਉਂਦੀ ਤੇ ਜਿਸਨੇ ਇਸ ਸਟੇਸ਼ਨ ਉਤੇ ਆ ਕੇ ਰੁਕਣਾ ਹੁੰਦਾ ਸੀ, ਮੇਲਾਂ-ਐਕਸਪ੍ਰੈਸਾਂ ਨਹੀਂ। ਉਹ ਤਾਂ ਝੱਟ ਹੀ ਆਉਂਦੀਆਂ ਤੇ ਫਟਾਫਟ ਲੰਘ ਜਾਂਦੀਆਂ। ਇਹ ਗੱਡੀਆਂ, ਹੌਲੀ-ਹੌਲੀ, ਠੁਮਕ ਠੁਮਕ ਆਉਂਦੀਆਂ ਤੇ ਫੇਰ ਸਟੇਸ਼ਨ

ਉਤੇ ਜਿਵੇਂ ਨਾਜ਼ ਨਾਲ ਖਲੋਂਦੀਆਂ। ਥੋੜਾ ਚਿਰ ਖਲੋਂਦੀਆਂ ਤੇ ਫੇਰ ਚੱਲਣ ਲਗਦੀਆਂ। ਮੈਨੂੰ ਉਹਨਾਂ ਦਾ ਠਮਕ ਠਮਕ ਆਉਣਾ ਬੜਾ ਹੀ ਚੰਗਾ ਲਗਦਾ।

ਜਿਸ ਸਮੇਂ ਮੈਂ ਇਸ ਦ੍ਰਿਸ਼ ਨੂੰ ਬਾਰੀ ਵਿਚੋਂ ਦੇਖਦਾ ਤਾਂ ਸੱਧਰ ਜਿਹੀ ਜਾਗਦੀ ਕਿ ਇਹ ਦ੍ਰਿਸ਼ ਮੇਰੀ ਕਿਸੇ ਕਹਾਣੀ ਵਿਚ ਆਉਣਾ ਚਾਹੀਦਾ ਹੈ। ਲਾਲ-ਲਾਲ ਡੱਬੇ ਤੇ ਹਰੀਆਂ-ਹਰੀਆਂ ਟਾਹਲੀਆਂ। ਬਹੁਤ ਯਤਨ ਕੀਤਾ, ਪਰ ਇਹ ਦ੍ਰਿਸ਼ ਫੜ ਨਾ ਹੋਇਆ। ਕਲਮ ਹੀ ਨਾ ਉੱਠੀ ਕਦੇ ਇਸ ਦ੍ਰਿਸ਼ ਨੂੰ ਫੜਨ ਲਈ। ਕਲਮ ਤਦ ਉੱਠਦੀ ਜੇ ਕੋਈ ਗੱਲ ਸੁੱਝੀ ਹੁੰਦੀ। ਕੇਵਲ ਇਕ ਦ੍ਰਿਸ਼ ਲਈ ਹੀ ਕਲਮ ਕਿਵੇਂ ਉੱਠ ਸਕਦੀ ਸੀ?

ਇਕ ਦਿਨ ਕੁਰਸੀ ਉਤੇ ਚੁੱਪ-ਚਾਪ ਜਿਹਾ ਬੈਠਾ ਸਾਂ। ਕੋਈ ਤਾਂਗੇ ਵਾਲਾ ਮੈਨੂੰ ਵਾਜਾਂ ਮਾਰਦਾ ਸੁਣਨ ਲੱਗਾ। "ਇਕ ਸਵਾਰ... ...ਇਕ ਸਵਾਰ......ਜਾਂਦਾ ਕੋਈ ਇਕ ਸਵਾਰ......" ਸੱਚੀਂ ਨਹੀਂ, ਕਲਪਣਾ ਵਿਚ। ਕਦੇ ਕਿਸੇ ਤਾਂਗੇ ਵਾਲੇ ਨੇ "ਦੋ ਸਵਾਰ" ਨਹੀਂ ਆਖਿਆ। ਜਦੋਂ ਵੀ ਉਹ ਆਖੇਗਾ, "ਇਕ ਸਵਾਰ" ਹੀ ਆਖੇਗਾ, ਭਾਵੇਂ ਵੱਧ ਚਾਹੀਦੇ ਹੋਣ। ਮੈਨੂੰ ਗੱਲ ਫੁਰ ਗਈ। ਕਹਾਣੀ ਲਿਖਣੀ ਚਾਹੀ ਮੈਂ। ਮੈਂ ਇਸ "ਇਕ" ਉਤੇ ਹੀ ਗੱਲ ਕਰਨੀ ਚਾਹੁੰਦਾ ਸਾਂ। 'ਤਾਂਗੇ ਵਾਲੇ ਰੱਜਦੇ ਨਹੀਂ', ਭਾਵੇਂ ਤਾਂਗਾ ਭਰਿਆ ਹੋਵੇ, ਇਕ ਹੋਰ ਸਵਾਰ ਲਈ ਉਹ ਵਾਜ਼ਾਂ ਦਿੰਦੇ ਹੀ ਰਹਿੰਦੇ ਹਨ। ਜੇ ਮੈਂ ਇਹੀਓ ਲਿਖਦਾ ਤਾਂ ਗੱਲ ਗਲਤ ਹੋ ਜਾਣੀ ਸੀ। ਤਾਂਗੇ ਵਾਲਾ ਇਕ ਗਰੀਬ, ਮਿਹਨਤਕਸ਼ ਮਜ਼ਦੂਰ ਸੀ। ਇਕ ਸਵਾਰੀ ਚਾਹੁੰਦੇ ਜਾਣਾ ਉਸਦੀ ਆਰਥਿਕ ਲੋੜ ਸੀ। ਪਰ ਮੈਂ ਉਸ ਨੂੰ ਲਾਲਚੀ-ਬੇਸਬਰਾ ਪੇਸ਼ ਕਰ ਦੇਣਾ ਸੀ। ਕਹਾਣੀ ਉਸਦੇ ਵਿਰੁੱਧ ਹੁੰਦੀ। ਇਸ ਤਰ੍ਹਾਂ ਇਹ ਮਿਹਨਤਕਸ਼ ਤਬਕੇ ਦੇ ਹੀ ਵਿਰੁੱਧ ਹੁੰਦੀ। ਇਸ ਲਈ ਇਹ ਗਲਤ ਹੁੰਦੀ। ਥੋੜੀ ਨਹੀਂ, ਬਹੁਤ ਗਲਤ। ਅੱਜ ਇਹ ਸ਼ਾਹਕਾਰ ਹੈ, ਫੇਰ ਇਹ ਮਾਮੂਲੀ ਜਿਹੇ ਦਰਜੇ ਦੀ ਰਹਿ ਗਈ ਹੁੰਦੀ, ਸਗੋਂ ਪਿੱਛੇ-ਖਿੱਚੂ ਹੁੰਦੀ। ਠੀਕ ਅੰਤ ਨੇ ਇਸ ਕਹਾਣੀ ਨੂੰ ਸਹੀ ਕਹਾਣੀ ਬਣਨ ਦਿੱਤਾ। ਭਾਵੇਂ ਇਸਦਾ ਸ਼ੁਰੂ ਅਤੇ ਬਾਕੀ ਦਾ ਨਿਭਾ ਵੀ ਸਾਰਾ ਇਸ ਕਹਾਣੀ ਦੇ ਸਹੀ ਕਹਾਣੀ ਬਣਨ ਵਿਚ ਹਿੱਸਾ ਪਾਉਂਦੇ ਹਨ।

ਸ਼ੁਰੂ ਬਹੁਤ ਚੰਗਾ ਹੋਇਆ। ਸੂਰਜ ਦੀ ਟਿੱਕੀ ਨਾਲ ਤਾਂਗਾ ਜੋੜਕੇ ਅੱਡੇ ਵਿਚ ਆਉਣਾ। ਇਸੇ ਤਰ੍ਹਾਂ ਬਾਕੀ ਦੀ ਉਸਾਰੀ ਠੀਕ ਹੁੰਦੀ ਗਈ। ਕਹਾਣੀ ਆਪਣੇ ਆਪ ਆਪਣੇ ਟੀਚੇ ਵੱਲ ਨੂੰ ਵਧਦੀ ਗਈ। ਲੋੜ ਅਨੁਸਾਰ ਨਿੱਕੀਆਂ ਘਟਨਾਵਾਂ ਆਪੇ ਆਉਂਦੀਆਂ ਗਈਆਂ। ਮੁੱਖ ਪਾਤਰ 'ਬਾਰੂ' ਆਇਆ। ਜਿਹੋ ਜਿਹਾ ਚਾਹੀਦਾ ਸੀ। ਉਹੋ ਜਿਹਾ ਆਪੇ ਆਇਆ। ਗਲਪ ਵਿਚ, ਆਮ ਕਰਕੇ, ਅਸਲੀ ਨਾਂ ਨਹੀਂ ਰੱਖੇ ਜਾਂਦੇ। ਪਰ ਇਹ "ਬਾਰੂ" ਆਪਣੇ ਅਸਲੀ ਨਾਂ ਨਾਲ ਹੀ ਆਉਣਾ ਚਾਹਿਆ। ਬਥੇਰੀ ਕੋਸ਼ਿਸ਼ ਕੀਤੀ ਮੈਂ ਨਾਂ ਨੂੰ ਬਦਲ ਦੇਣ ਦੀ, ਪਰ ਕਹਾਣੀ ਮੰਨੀ ਨਹੀਂ। ਕਿਉਂਕਿ ਅਸਲੀ ਨਾਂ ਤੋਂ ਬਿਨਾਂ ਜਾਨ ਨਹੀਂ ਸੀ ਪੈਂਦੀ ਉਸ ਵਿਚ। ਗੋਬਿੰਦਗੜ੍ਹ ਵਿਚ ਬਾਰੂ ਦਾ ਤਾਂਗਾ ਸਭ ਤੋਂ ਉਤੇ ਹੁੰਦਾ ਸੀ। ਇਹ ਉੱਚਤਾ ਬਚਪਨ ਤੋਂ ਮੈਂ ਬਾਰੂ ਦੀ ਦੇਖਦਾ ਆਉਂਦਾ ਸਾਂ। ਇਸ ਲਈ ਅਸਲੀ ਨਾਂ ਨਾਲ ਹੀ ਮੈਂ ਇਹ ਕਹਾਣੀ ਲਿਖ ਸਕਦਾ ਸਾਂ। ਕਿਉਂਕਿ "ਬਾਰੂ" ਨਾਂ ਦੇ ਅਰਥ



ਮੇਰੇ ਅੰਤਹਕਰਣ ਵਿਚ ਧੁਰ ਤੱਕ ਰਚੇ ਹੋਏ ਸਨ ਤੇ "ਬਾਰੂ" ਲਿਖਣ ਨਾਲ ਹੀ ਉਹ ਅਭਿਵਿਅਕਤ ਹੋ ਸਕਦੇ ਸਨ। ਇਹ ਬਾਰੂ ਦਾ ਤਕਾਜ਼ਾ ਵੀ ਸੀ ਤੇ ਮੇਰੇ ਆਪਣੇ ਮਨ ਦਾ ਵੀ! ਕਹਾਣੀ ਦਾ ਤਕਾਜ਼ਾ ਆਪਣੇ ਆਪ ਹੀ ਬਣ ਜਾਂਦਾ ਸੀ।

ਇਕ ਪਾਤਰ ਕੁੰਦਨ ਹੈ ਜੋ ਬਾਰੂ ਨਾਲ ਭਿੜ ਪੈਂਦਾ ਹੈ। ਇਹ ਬਨਾਉਟੀ ਨਾਂ ਹੈ। ਇਹ ਕੋਈ ਇਕ ਬੰਦਾ ਵੀ ਨਹੀਂ। ਇਹ ਪ੍ਰਤਿਨਿਧ ਤਾਂਗੇ ਵਾਲਾ ਹੈ ਜੋ ਬਾਕੀ ਤਾਂਗੇ ਵਾਲਿਆਂ ਵਿਚੋਂ ਉੱਭਰ ਕੇ ਅੱਗੇ ਆ ਗਿਆ ਹੈ। ਇਹ ਵੀ ਬਹੁਤ ਤਕੜਾ ਹੈ, ਪਰ ਬਾਰੂ ਦੇ ਇਸਪਾਤ ਦੇ ਅੱਗੇ ਇਸਨੂੰ ਲਿਫਣਾ ਪੈਂਦਾ ਹੈ। ਕਿਉਂਕਿ ਬਾਰੂ ਸਮੇਂ ਨੂੰ ਅੱਗੇ ਤੋਰਨ ਵਾਲਾ ਪਾਤਰ ਹੈ।

ਕਹਾਣੀ ਦਾ ਸਥਾਨ ਮੰਡੀ ਗੋਬਿੰਦਗੜ੍ਹ ਦਾ ਅੱਡਾ ਹੈ। ਹੁਣ ਇਸ ਅੱਡੇ ਦੀ ਸ਼ਕਲ ਬਿਲਕੁਲ "ਵਿਗੜ" ਚੁੱਕੀ ਹੈ। ਗੋਲ ਚੱਕਰ ਬਣ ਗਿਆ ਹੈ। ਭੀੜ ਭਾੜ ਵੀ ਬਹੁਤ ਹੈ। ਉਦੋਂ ਅੱਡਾ ਸ਼ਾਂਤ ਸੀ। ਹੁਣ ਤਾਂ ਬਹੁਤ ਹੀ ਗਾਹੜ ਹੈ। ਇਹੋ ਜਿਹੇ ਗਾਹੜ ਵਿਚ ਕਿਸੇ ਤਾਂਗੇ ਵਾਲੇ ਦੀਆਂ ਆਵਾਜ਼ਾਂ ਕਿਥੇ ਸੁਣਦੀਆਂ ਹਨ—ਭਾਵੇਂ ਉਹ ਬਾਰੂ ਹੀ ਕਿਉਂ ਨਾ ਹੋਵੇ? ਹੁਣ ਤਾਂ ਤਾਂਗੇ ਵਾਲਿਆਂ ਨੂੰ ਇਸ ਗਾਹੜ ਨੇ ਹੂੰਝ ਹਾਂਝ ਕੇ ਸੜਕ ਤੋਂ ਥੱਲੇ ਲਾਹ ਦਿੱਤਾ ਹੈ। ਨਾ ਬਾਰੂ ਹੈ, ਨਾ ਉਸਦਾ ਤਾਂਗਾ। ਬਾਰੂ ਗੁਜ਼ਰ ਚੁੱਕਾ ਹੈ। ਹਾਂ, ਮੇਰੀ ਕਹਾਣੀ ਵਿਚ ਉਹ ਸਦਾ ਹੀ ਜਿੰਦਾ ਰਹੇਗਾ। ਬਾਰੂ ਵੀ ਤੇ ਬਾਰੂ ਤਾਂਗੇ ਵਾਲੇ ਦਾ ਜ਼ਮਾਨਾ ਵੀ।

ਗੋਬਿੰਦਗੜ੍ਹ ਦੀ ਮੰਡੀ ਵੀ ਹੁਣ ਪਹਿਲਾਂ ਵਾਲੀ ਨਹੀਂ ਰਹੀ। ਕਹਾਣੀ ਵਿਚ ਜੋ ਮੰਡੀ ਹੈ, ਉਹ ਤਾਂ ਲਿਖਣ ਵੇਲੇ ਤੋਂ ਵੀ ਕਾਫੀ ਪਹਿਲਾਂ ਦੀ ਮੰਡੀ ਹੈ। ਉਦੋਂ ਲੋਹੇ ਦਾ ਕਾਰੋਬਾਰ ਇਸ ਮੰਡੀ ਵਿਚ ਨਹੀਂ ਹੁੰਦਾ ਸੀ। ਆਬਾਦੀ ਵੀ ਬਹੁਤ ਥੋੜ੍ਹੀ ਸੀ। ਜਿਥੇ ਹੁਣ ਬਸਤੀਆਂ ਹਨ, ਉਥੇ ਖ਼ਾਲੀ ਮੈਦਾਨ ਜਾਂ ਹਰੇ ਖੇਤ ਹੁੰਦੇ ਸਨ। ਸੂਰਜ ਦੀ ਲਾਲ ਟਿੱਕੀ ਉਦੋਂ ਹੀ ਪੂਰੀ ਦਿਸਦੀ ਹੁੰਦੀ ਸੀ, ਬਾਰੂ ਦੇ ਇਸ ਅੱਡੇ ਵਿਚ। ਹੁਣ ਕਾਹਨੂੰ ਦਿਸਦੀਆਂ ਹਨ, ਉਦੋਂ ਵਾਂਗੂੰ, ਲਾਲ ਟਿੱਕੀਆਂ। ਹੁਣ ਤਾਂ ਸ਼ੋਰ ਪੈਂਦੇ ਤੇ ਧੂੜਾਂ ਉੱਡ ਰਹੀਆਂ ਹਨ। ਇਹਨਾਂ ਸ਼ੋਰਾਂ ਤੋਂ ਬਚਣ ਲਈ ਹੀ, ਮੈਨੂੰ ਇਸ ਕਹਾਣੀ ਲਈ, ਕੁਝ ਕੁ ਪਿਛਲੇ ਸਮੇਂ ਵੱਲ ਜਾਣਾ ਪਿਆ। ਬਾਰੂ ਦੇ ਆਪਣੇ ਸਮੇਂ ਵੱਲ। ਬੱਸਾਂ ਉਸ ਸਮੇਂ ਵਿਚ ਜ਼ਰੂਰ ਚੱਲਣ ਲੱਗ ਪਈਆਂ ਸਨ।

ਕਹਾਣੀ ਸਾਰੀ ਲਿਖੀ ਗਈ। ਅੰਤ ਕਰਨਾ ਰਹਿੰਦਾ ਸੀ। ਬਲਵੰਤ ਗਾਰਗੀ ਦਿੱਲੀ ਤੋਂ ਜਲੰਧਰ ਵੱਲ ਜਾ ਰਿਹਾ ਸੀ। ਗੋਬਿੰਦਗੜ੍ਹ ਉੱਤਰਿਆ। ਉਹਨੂੰ ਮੈਂ ਕਹਾਣੀ ਸੁਣਾਈ—ਜਿੰਨੀ ਵੀ ਇਹ ਲਿਖੀ ਸੀ, ਬਿਨਾਂ ਅੰਤ ਵਾਲੀ ਹੀ—ਅੰਤ ਬਾਰੇ ਆਖਿਆ ਕਿ ਇਉਂ ਅੰਤ ਕਰਾਂਗਾ। ਉਸ ਆਖਿਆ, ਨਹੀਂ, ਇਹ ਗ਼ਲਤ ਅੰਤ ਹੋਵੇਗਾ। ਜਿਹੜਾ ਅੰਤ ਅੱਜ ਹੈ, ਉਸ ਆਖਿਆ, ਇਹੋ ਜਿਹਾ ਅੰਤ ਹੋਣਾ ਚਾਹੀਦਾ ਹੈ। ਗੱਲ ਬੜੀ ਮਾਅਕੂਲ ਸੀ। ਉਹੀਓ ਅੰਤ ਕੀਤਾ ਗਿਆ। ਤਾਂਗਾ ਜਦੋਂ ਭਰਦਾ ਤੇ ਤੁਰਨ ਲਈ ਤਿਆਰ ਹੈ, ਪਿੱਛੋਂ ਬੱਸ ਆਉਂਦੀ ਹੈ ਤੇ ਤਾਂਗੇ ਦੀਆਂ ਸਭ ਸਵਾਰੀਆਂ ਉਸ ਵਿਚ ਬੈਠ ਜਾਂਦੀਆਂ ਹਨ। ਇਸ ਅੰਤ ਨੂੰ ਹੋਰ ਅੱਗੇ ਤੋਰਨ ਦੀ ਮੈਨੂੰ ਲੋੜ ਪਈ। ਛਾਂਟਾ ਉੱਚਾ ਕਰਕੇ ਬਾਰੂ ਦਾ ਫੇਰ ਸਵਾਰ ਲਈ ਹੋਕਾ ਦੇਣਾ। ਕਿਉਂਕਿ ਇਹ ਬਾਰੂ ਦੇ ਕਿਰਦਾਰ ਦਾ ਤਕਾਜ਼ਾ ਵੀ

ਸੀ ਤੇ ਮੇਰੇ ਦ੍ਰਿਸ਼ਟੀਕੋਣ ਦਾ ਵੀ। ਸੱਚ ਦਾ ਤਕਾਜ਼ਾ ਵੀ ਸੀ। ਜੀਵਨ-ਸੱਚ ਇਹੀਓ ਹੈ। ਮੈਂ ਤਾਂ ਕੇਵਲ ਇਸ ਸੱਚ ਨੂੰ ਹੋਰ ਕੁਰੇਦ ਕੇ ਫੜਿਆ ਹੈ।

ਇਹ ਕਹਾਣੀ ਛਪੀ ਤਾਂ ਇਸਦੀ ਬੜੀ ਤਾਰੀਫ਼ ਹੋਈ। ਹਰ ਪਾਸਿਓਂ ਮਾਨਤਾ ਮਿਲੀ। ਕਿਸੇ ਇਸ ਵਿਚ ਤਿੰਨ-ਏਕਤਾ (**Three-Unity**) ਹੋਣ ਦੀ ਤਾਰੀਫ਼ ਕੀਤੀ, ਕਿਸੇ ਇਸਦੇ ਫ਼ਲਸਫ਼ੇ, ਮਨੁੱਖ ਦੇ ਹਾਰ ਨਾ ਮੰਨਣ, ਦੀ। ਕਿਸੇ ਨੇ ਇਕ ਹੋਰ ਹੀ ਬੜੇ ਚੰਗੇ ਅਰਥ ਕੱਢੇ ਸਨ : ਮਨੁੱਖ ਜਦੋਂ ਹਾਰਦਾ ਹੈ, ਆਪਣੀ ਕਿਸੇ ਅੰਦਰਲੀ ਕਮਜ਼ੋਰੀ ਕਾਰਨ ਹਾਰਦਾ ਹੈ (ਇਸੇ ਕਾਰਨ ਕੌਮਾਂ ਅਤੇ ਮੁਲਕ ਵੀ ਹਾਰ ਜਾਂਦੇ ਹਨ)। ਕੈਂਚੀ ਦੀ ਸਿਗਰਟ ਦੀ ਲਾਲਸਾ ਕਰਨੀ ਬਾਰੂ ਦੀ ਕਮਜ਼ੋਰੀ ਸੀ। ਉਹ ਸਿਗਰਟ ਲੈਣ ਗਿਆ ਕਿ ਪਿਛੋਂ ਬੱਸ ਆ ਗਈ। ਗੱਲਾਂ ਸਭ ਹੀ ਠੀਕ ਹਨ। ਪਰ ਇਹ ਗੱਲਾਂ ਜਾਣ-ਬੁੱਝਕੇ ਨਹੀਂ ਪਾਈਆਂ ਗਈਆਂ ਸਨ। ਮੇਰੇ ਤਾਂ ਇਹ ਗੱਲਾਂ ਸਗੋਂ ਖ਼ਾਬ-ਖ਼ਿਆਲ ਵੀ ਨਹੀਂ ਸਨ। ਇਹ ਤਾਂ ਜੀਵਨ ਵਿਚ ਸਨ। ਮੈਂ ਤਾਂ ਜੀਵਨ ਲਿਖਿਆ ਹੈ। ਜੀਵਨ ਅਰਥਾਂ-ਭਰਿਆ ਹੈ। ਜੀਵਨ ਲਿਖਿਆ ਜਾਵੇ ਤਾਂ ਫ਼ਲਸਫ਼ਿਆਂ ਦੇ ਸੋਮੇ ਆਪਣੇ ਆਪ ਫੁੱਟ ਪੈਂਦੇ ਹਨ। ਕਿਉਂਕਿ ਜੀਵਨ ਵਿਚੋਂ ਹੀ ਸਭ ਫ਼ਲਸਫ਼ੇ ਪੈਦਾ ਹੁੰਦੇ ਹਨ।

ਪਹਿਲਾਂ ਪਹਿਲਾਂ ਕੁਝ ਲੋਕ ਸਵਾਲ ਕਰਦੇ ਹੁੰਦੇ ਸਨ : "ਕੀ ਇਹ ਕਹਾਣੀ ਮਸ਼ੀਨ ਦੇ ਖ਼ਿਲਾਫ਼ ਨਹੀਂ ?" ਮੇਰਾ ਉੱਤਰ "ਨਹੀਂ" ਹੁੰਦਾ। ਕਿਉਂਕਿ ਇਹ ਕਹਾਣੀ ਮਸ਼ੀਨ ਦੇ ਖ਼ਿਲਾਫ਼ ਨਹੀਂ, ਉਸ ਨਿਜ਼ਾਮ ਦੇ ਵਿਰੁੱਧ ਹੈ ਜਿਸ ਵਿਚ ਮਸ਼ੀਨ ਮਿਹਨਤਕਸ਼ਾਂ ਦੇ ਵਿਰੁੱਧ ਜਾਂਦੀ ਹੈ। ਰੇਲ ਜਾਂ ਬੱਸ ਚੱਲੇ, ਪਰ ਬਾਰੂ ਤਾਂਗੇ ਵਾਲੇ ਨੂੰ ਲਿਤਾੜ ਕੇ ਨਾ ਚੱਲੇ, ਸਗੋਂ ਉਸਦੀ ਬਣਕੇ ਚੱਲੇ। ਫੇਰ ਉਸਨੂੰ ਉਹਨਾਂ ਬਾਰੇ ਕੋਈ ਇਤਰਾਜ਼ ਨਹੀਂ ਹੋਵੇਗਾ।

ਇਹ ਕਹਾਣੀ ਮੇਰੇ ਪਾਤਰ ਬਾਰੂ ਤੱਕ ਵੀ ਪਹੁੰਚ ਗਈ। ਜਨਵਰੀ 55 ਵਿਚ ਮੈਂ ਇਹ ਕਹਾਣੀ ਆਲ ਇੰਡੀਆ ਰੇਡੀਓ ਤੋਂ ਬੋਲੀ ਸੀ। ਬਾਰੂ ਨੇ ਵੀ ਸੁਣ ਲਈ। ਬਹੁਤ ਖ਼ੁਸ਼ ਹੋਇਆ ਕਰੇ। ਲੋਕੀ ਉਹਨੂੰ ਛੇੜਿਆ ਕਰਨ : "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ...!" ਬਾਰੂ ਅੱਗੋਂ ਹੱਸਿਆ ਕਰੇ। "ਹਾਂ, ਸਰਦਾਰ ਨੇ ਲਿਖੀ ਐ ਇਹ—ਸਾਡੇ ਧੀਰ ਸਾਹਿਬ ਨੇ।" ਉਹਦੀਆਂ ਅੱਖਾਂ ਸੂਰਜ ਜਿਹੀ ਚਮਕ ਨਾਲ ਭਰ ਜਾਂਦੀਆਂ ਸਨ। ਮੇਰੇ ਨਾਲ ਪਰ ਇਸ ਬਾਰੇ ਉਸ ਕਦੇ ਵੀ ਜ਼ਿਕਰ ਕੀਤਾ ਨਹੀਂ। ਨਾ ਹੀ ਮੈਂ ਹੀ ਆਖਿਆ ਕੁਝ। ਉਂਜ ਅਸੀਂ ਇਕ ਦੂਜੇ ਨੂੰ ਕਾਫ਼ੀ ਆਪਣਾ ਸਮਝਦੇ। ਮਨਾਂ ਮਨਾਂ ਵਿਚ ਹੀ। ਉਹਨੇ ਇਸ ਕਹਾਣੀ ਲਈ ਮੈਨੂੰ ਆਪਣੇ ਜੀਵਨ ਦੀ ਸਾਮੱਗਰੀ ਪੇਸ਼ ਕੀਤੀ ਸੀ। ਮੈਂ ਇਸ ਸਾਮੱਗਰੀ ਵਿਚੋਂ, ਚੰਗੀ ਤਰ੍ਹਾਂ ਗੋ-ਸੁਆਰ ਕੇ, ਉਸਦੇ ਸੁੰਦਰ ਚਿੱਤਰ ਦਾ ਨਿਰਮਾਣ ਕੀਤਾ ਹੋਇਆ ਸੀ। ਸਾਡੇ ਵਿਚ ਇਕ ਬੜੀ ਹੀ ਚੰਗੀ ਸਮਝ ਪੈਦਾ ਹੋ ਚੁੱਕੀ ਸੀ।

ਇਕੱਲੇ ਬਾਰੂ ਦੇ ਜੀਵਨ ਨਾਲ ਹੀ ਮੈਂ ਇਹ ਪਾਤਰ ਨਹੀਂ ਸਾਜਿਆ, ਹਜ਼ਾਰਾਂ ਬਾਰੂਆਂ ਵਿਚੋਂ ਇਹ ਬਾਰੂ ਸਾਜਿਆ ਗਿਆ ਹੈ। ਤਾਂ ਵੀ, ਇਹ ਹਜ਼ਾਰਾਂ ਨਾਲੋਂ ਵੱਖਰਾ ਇਕੋ ਬਾਰੂ ਹੈ। ਇਸ ਜਿਹਾ ਕੋਈ ਹੋਰ ਨਹੀਂ। □

[689, ਫੇਜ਼ 10, ਮੋਹਾਲੀ-160061]



## ਮਹਿਲ ਮਰਿਆਦਾ ਸਿਮਰਨ

ਗੁਰਚਰਨ ਰਾਮਪੁਰੀ

ਮਚਲੀ ਰਾਣੀ ਚਾਤਰ ਡਾਢੀ
ਸੁਣਕੇ ਸਭ ਦੀ ਕਰੇ ਅਣਸੁਣੀ
ਸੁਾਂਗੀ ਬੋਲ਼ੀ ਨੂੰ ਦੁੱਖ ਦੱਸਦੇ ਲੋਕੀ ਥੱਕੇ।

ਜੀਅ ਕੀਤਾ ਮੈਂ ਰਾਜ-ਗੁਰੂ ਨੂੰ ਆਖਾਂ
ਕਿ ਉਹ ਰਾਣੀ ਨੂੰ ਸਮਝਾਵੇ :
ਲੋਕਾਂ ਦੀ ਸੇਵਾ ਦਾ ਉਸਨੂੰ
ਮਿਲਿਆ ਹੈ ਇਤਿਹਾਸਿਕ ਅਵਸਰ
ਅਦਲ ਕਰੇ ਆਪਣਾ ਨਾਂ ਅਮਰ ਬਣਾਵੇ
ਫਿਰ ਉਸਨੂੰ ਲੋਕਾਂ ਦੇ ਦਿਲ ਦਾ ਸਵਰਗ ਮਿਲੇਗਾ।

ਰਾਜ-ਗੁਰੂ ਗੱਲ ਸੁਣਕੇ ਬੋਲੇ :
ਅੱਜ ਕੱਲ੍ਹ ਉਪਦੇਸ਼ਾਂ ਲਈ ਸਮਾਂ ਨਹੀਂ ਹੈ
ਮੈਂ ਤਾਂ ਸਾਰਾ ਦਿਨ ਰਾਣੀ ਦੇ
ਸਵਿਸ-ਖਾਤੇ ਦੇ ਗੁਪਤੀ-ਨੰਬਰ-ਜਮ੍ਹਾਂ ਖਰਚ ਦੇ
ਸਿਮਰਨ ਵਿਚ ਹੀ ਆਪਣੀ ਸੁਰਤ ਟਿਕਾਈ ਰੱਖਦਾਂ
ਇਸ ਵਿਚ ਹੀ ਸਾਡੀ ਕਲਿਆਣ
ਮਰਿਆਦਾ ਜਾਨਣ ਦੀ ਅੱਜ ਦੇ ਮਹਿਲਾਂ ਨੂੰ ਨਹੀਂ ਬਾਣ।

[1714, Draycott Road, North Vancouver, B.C., Canada]

□

## ਪੰਜਾਬ : ਤਿੰਨ ਪ੍ਰਭਾਵ-ਸਕੇਪ/ਰਵਿੰਦਰ ਰਵੀ

1

ਗੀਤ ਬਣਨ ਵਾਲੇ ਬੋਲ, ਗੋਲੀ ਬਣ ਰਹੇ ਹਨ !
ਹੋਠ ਸੁੰਨੇ ਸਨ, ਜ਼ਿਹਨ ਵਿਚ ਵਾਵਰੋਲੇ
ਤੇ ਦਿਲ ਨੂੰ, ਵੰਝਲੀ ਦੀ ਇਕ ਉਦਾਸ, ਸੋਗੀ ਧੁਨ
ਥਿਰ ਮੌਨ ਮੁਦਰਾ 'ਚ, ਚਿਪਕ ਕੇ ਰਹਿ ਗਈ ਹੈ !

2

ਗਮਲੇ 'ਚੋਂ ਫੁੱਲਾਂ ਦੀ ਥਾਂ, ਵਿਸਫੋਟ ਫੁੱਲ ਰਿਹਾ ਹੈ
ਤ੍ਰਿੰਜਣਾਂ 'ਚ ਸਹਿਮ
ਗਿੱਧੇ, ਭੰਗੜੇ ਥਿਰ...ਤੇ...ਘੋੜੀਆਂ, ਸਿਹਰੇ ਖ਼ਾਮੋਸ਼ !
ਘਰਾਂ ਦੇ ਸੰਸਕ੍ਰਿਤਕ ਜੰਗਲ 'ਚ, ਰੁੱਖ ਬਣਿਆਂ ਮਨੁੱਖ
ਆਪਣੇ ਹੀ ਸਾਏ ਤੋਂ ਤ੍ਰਹਿੰਦਾ, ਪਛਾਣ ਨਹੀਂ ਕਰ ਪਾਉਂਦਾ
ਆਪਣੇ ਹੀ ਚਿਹਰੇ 'ਚੋਂ, ਵਿਗਸ ਰਿਹਾ ਆਤੰਕ !

3

ਸ਼ਖ਼ਸੀਅਤ ਪ੍ਰਫੁੱਲਤ ਕਰਨ ਵਾਲੇ ਖਿਡੌਣੇ
ਹੱਥਿਆਰ ਬਣ ਰਹੇ ਹਨ !

ਚੇਤਨਾ ਦੇ ਵਿਕਾਸ ਤੋਂ ਪਹਿਲਾਂ ਹੀ ਬੱਚੇ
ਤ੍ਰਿਸ਼ੂਲ ਤੇ ਕਿਰਪਾਨ ਵੇਖਦੇ ਹਨ
ਤੇ ਵੇਖਦੇ ਹਨ : ਏ. ਕੇ. ਫੋਰਟੀ ਸੈਵਨ ਅਸਾਲਟ ਰਾਈਫਲ,
ਮਸ਼ੀਨ ਗੰਨ, ਮਿਸਲਾਂ, ਟੈਂਕ, ਤੇ ਹੋਰ ਕਈ ਕੁਝ
ਪਲਾਸਟਿਕ ਦੀ ਬਿਜਲਾਣੂੰ ਖੇਡਸ਼ਾਲਾ 'ਚ ਢਲ ਰਿਹਾ
ਉਨ੍ਹਾਂ ਦਾ ਕੋਰਾ ਮਨ
ਸੁਰਖ ਖ਼ੂਨ ਤੇ ਲਾਲ ਰੰਗ ਦਾ, ਅੰਤਰ ਨਹੀਂ ਕਰ ਪਾਉਂਦਾ !
ਲੋਰੀ 'ਚੋਂ ਉੱਠ ਰਹੀ ਹੈ, ਅੰਦਰ ਹੀ, ਅੰਦਰ ਚੁੱਪ ਚਾਪ—
ਸੈਨਾ ਦੇ ਆਕ੍ਰਮਣ-ਗੀਤ ਦੀ ਧੁਨ !
ਵਡਾਰੂਆਂ ਦੇ ਮਾਡਲ 'ਚੋਂ ਵਧ, ਵਿਗਸ ਰਿਹਾ
ਆਉਣ-ਸਮੇਂ ਦੀ ਜੀਵਨ-ਸ਼ੈਲੀ ਦਾ
ਕਿਹਾ ਗੰਭੀਰ ਸੰਕਟ ??? □

[New Aiyansh, B.C , Canada]



## ਉਡੀਕ ਕਰੋ/ਸੁਖਿੰਦਰ

ਉਹ, ਆਉਣ ਹੀ ਵਾਲਾ ਹੈ !

ਜੇਕਰ ਕਿਸੀ ਪੱਤਰਕਾ ਦਾ ਸੰਪਾਦਕ ਹੋਇਆ
ਤਾਂ ਇਸ ਘੜੀ, ਕਿਸੀ ਸੰਸਥਾ ਦੇ ਬੂਹੇ ਅੱਗੇ ਖੜ੍ਹਾ
ਪੂਛ ਹਿਲਾ ਰਿਹਾ ਹੋਵੇਗਾ :
ਸੱਜੇ, ਖੱਬੇ ਜਾਂ ਮਧਿਆਂਤਰ ਦਿਸ਼ਾ ਵਿਚ ।

ਤਲਖੀ ਭਰੀਆਂ, ਉਡੀਕ ਦੀਆਂ ਅਜਿਹੀਆਂ ਘੜੀਆਂ ਵਿਚ
ਉਹ ਜਦ ਪੂਛ ਨੂੰ ਖੱਬੇ ਪਾਸੇ ਵੱਲ ਹਿਲਾ ਰਿਹਾ ਹੁੰਦਾ ਹੈ
ਤਾਂ ਮੌਸਮੀ ਦਿਸ਼ਾ-ਸੂਚਕ ਯੰਤਰ ਦੀ ਸੂਈ, ਅਚਾਨਕ
ਸੱਜੇ ਪਾਸੇ ਵੱਲ ਨੂੰ ਮੁੜਨ ਲੱਗਦੀ ਹੈ
ਜਦੋਂ ਉਹ ਪੂਛ ਨੂੰ ਮੁੜ ਸੱਜੇ ਪਾਸੇ ਵੱਲ ਮੋੜਾ ਦਿੰਦਾ ਹੈ
ਤਾਂ ਉਸ ਸਮੇਂ ਤੀਕ ਮੌਸਮੀ ਹਵਾ ਦਾ ਫ਼ੌਂਕਾ, ਫਿਰ
ਖੱਬੇ ਪਾਸੇ ਵੱਲ ਨੂੰ ਮੋੜਾ ਕੱਟ ਜਾਂਦਾ ਹੈ
ਮੌਸਮੀ ਹਵਾਵਾਂ ਦੇ ਇੰਜ ਤੇਜ਼ੀ ਨਾਲ ਦਿਸ਼ਾਵਾਂ ਬਦਲਦੇ ਰਹਿਣ ਦੀ
ਕਦੀ ਵੀ ਨਾ ਖਤਮ ਹੋਣ ਵਾਲੀ ਇਸ ਅੰਨ੍ਹੀ ਦੌੜ ਦੀ
ਕਸ਼ਮਕਸ਼ ਵਿਚ ਗਵਾਚਾ, ਉਹ ਜਦੋਂ ਕੋਈ ਵੀ ਸਹੀ
ਨਿਰਣਾ ਕਰਨ ਦੇ ਕਾਬਲ ਨਹੀਂ ਰਹਿ ਜਾਂਦਾ, ਤਾਂ ਪੂਛ
ਅਚਾਨਕ ਮਧਿਆਂਤਰ ਦਿਸ਼ਾ ਵਿਚ ਆ ਕੇ ਖੜ੍ਹ ਜਾਂਦੀ ਹੈ ।

ਪੂਛਾਂ ਦੇ ਅਜਿਹੇ ਤਮਾਸ਼ਿਆਂ ਦੇ ਮੂਕ ਦਰਸ਼ਕ ਬਣੇ
ਤੁਸੀਂ, ਸ਼ਾਇਦ, ਆਖ ਵੀ ਦੇਵੋ :
ਪੂਛਾਂ ਦਾ ਇਸ ਤਰ੍ਹਾਂ ਤੇਜ਼ੀ ਨਾਲ ਦਿਸ਼ਾਵਾਂ ਬਦਲਦੇ ਰਹਿਣਾ ਤਾਂ
ਸੱਤਾ ਦੀਆਂ ਕੁਰਸੀਆਂ ਉੱਤੇ ਬਿਰਾਜਮਾਨ, ਗਿਰਗਟਾਂ ਵਾਂਗ
ਨਿੱਤ ਆਪਣੇ ਚਿਹਰਿਆਂ ਦੇ ਰੰਗ ਬਦਲਣ ਵਾਲੇ
ਜਾਦੂਗਰਾਂ ਦੀਆਂ ਅਦਾਵਾਂ ਉੱਤੇ ਹੀ ਨਿਰਭਰ ਕਰਦਾ ਹੈ
ਜਿਨ੍ਹਾਂ ਦੀਆਂ ਮੁੱਠਾਂ ਵਿਚ ਮੌਸਮੀ ਹਵਾਵਾਂ ਦੀਆਂ ਦਿਸ਼ਾਵਾਂ ਕੈਦ ਹਨ

ਪਰ ਜੇਕਰ, ਇਸ ਪਲ
ਕਿਸੀ ਕਸ਼ਮਕਸ਼ ਵਿਚ ਉਲਝੀ ਹੋਈ ਤੁਹਾਡੀ ਸੋਚ ਵੀ
ਕੋਈ ਵੀ ਸਹੀ ਨਿਰਣਾ ਨਾ ਕਰਨ ਦੀ ਹਾਲਤ ਵਿਚ
ਮਧਿਆਂਤਰ ਦਿਸ਼ਾ ਵਿਚ ਆ ਕੇ ਖੜ੍ਹ ਗਈ ਹੈ

ਤਾਂ ਜ਼ਿੰਦਗੀ ਦਾ ਇਹੀ ਉਹ ਮਹੱਤਵ-ਪੂਰਨ ਸਮਾਂ ਹੈ, ਜਦੋਂ
ਤੁਸੀਂ ਆਪਣੇ ਆਪ ਤੋਂ ਪੁੱਛ ਸਕਦੇ ਹੋ :

ਈਥੋਪੀਆ ਵਿਚ ਏਨੇ ਵਰ੍ਹਿਆਂ ਤੋਂ
ਕਾਲ ਕਿਉਂ ਪੈ ਰਿਹਾ ਹੈ ?
ਐਸਿਡ ਰੇਨ ਦਾ ਮਸਲਾ ਸਾਡੇ ਲਈ
ਅੱਜ ਏਨਾ ਕਿਉਂ ਮਹੱਤਵ-ਪੂਰਨ ਬਣਦਾ ਜਾ ਰਿਹਾ ਹੈ ?
ਨੈਲਸਨ ਮੰਡੇਲਾ ਵੀਹ ਵਰ੍ਹਿਆਂ ਤੋਂ ਵੀ ਵੱਧ ਸਮੇਂ ਤਕ
ਸਾਊਥ ਅਫਰੀਕਾ ਦੀਆਂ ਜੇਲ੍ਹਾਂ ਵਿਚ ਕਿਉਂ ਸੜਦਾ ਰਿਹਾ ਹੈ ?
ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਕੋਈ ਸਜ਼ਾ
ਕਿਉਂ ਨਹੀਂ ਦਿੱਤੀ ਜਾ ਰਹੀ ?
ਪੋਪ ਪੋਲੈਂਡ ਵਿਚ ਜਾ ਕੇ ਹੀ, ਮਜ਼ਦੂਰਾਂ ਦੀ
ਆਜ਼ਾਦੀ ਦੀ ਗੱਲ ਕਿਉਂ ਕਰਦਾ ਹੈ ?
ਉਹ ਕਿਹੜੇ ਲੋਕ ਹਨ, ਜੋ ਵਿਸ਼ਵ ਭਰ ਵਿਚ
ਥਾਂ, ਥਾਂ ਜੰਗਾਂ ਲਗਾਈ ਰੱਖਣਾ ਚਾਹੁੰਦੇ ਹਨ ?
ਪੰਜਾਬ ਦੇ ਯੁਵਕਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ, ਬਣਾ
ਕਤਲ ਕੀਤੇ ਜਾਣ ਦੀ ਕਿਹੋ ਜਿਹੇ ਲੋਕ ਹਮਾਇਤ ਕਰਦੇ ਹਨ ?
ਭਾਈ ਵੀਰ ਸਿੰਘ ਦੀ ਕਵਿਤਾ ਦੇ ਸ਼ਰਧਾਲੂ
ਪ੍ਰਗਤੀਵਾਦੀ ਵਿਚਾਰਾਂ ਵਾਲੀ ਸ਼ਾਇਰੀ ਦੀ ਕਿਉਂ ਵਿਰੋਧਤਾ ਕਰਦੇ ਹਨ ?
ਟਰਾਂਟੋ ਸਿਖਰ ਸੰਮੇਲਨ ਤੋਂ ਬਾਹਦ, ਫੂਡ ਬੈਂਕਾਂ ਵਿਚ
ਭੋਜਨ ਵੰਡਣ ਦੇ ਕੀ ਅਰਥ ਹਨ ?
ਫਲਸਤੀਨੀ ਗੁਰੀਲੇ ਇਜ਼ਰਾਈਲੀ ਮਸ਼ੀਨ-ਗੰਨਾਂ ਦਾ ਮੁਕਾਬਲਾ
ਪੱਥਰਾਂ ਨਾਲ ਕਿਵੇਂ ਕਰਦੇ ਹਨ ?
ਆਮ ਲੋਕਾਂ ਨੂੰ ਧਾਰਮਿਕ ਮਸਲਿਆਂ ਵਿਚ ਉਲਝਾਈ ਰੱਖਣਾ
ਕਿਹੋ ਜਿਹੇ ਲੋਕਾਂ ਲਈ ਲਾਹੇਵੰਦ ਹੁੰਦਾ ਹੈ ?

ਉਡੀਕ ਕਰੋ—
ਪਰ ਅਜਿਹੀਆਂ ਸੰਕਟ ਭਰੀਆਂ ਘੜੀਆਂ ਵਿਚ, ਆਉਣ ਵਾਲਾ
'ਉਹ' ਸੈਂਕੜੇ ਚਿਹਰਿਆਂ ਵਾਲਾ ਜਾਦੂਗਰ :
ਕੋਈ ਲੇਖਕ, ਚਿੱਤਰਕਾਰ, ਧਾਰਮਿਕ ਨੇਤਾ, ਵਿਉਪਾਰੀ,
ਦਾਰਸ਼ਨਿਕ, ਜਾਂ ਰਾਜਨੀਤੀਵਾਨ ਵੀ ਹੋ ਸਕਦਾ ਹੈ ? □

[233 Cascade Ave. Apt. 107, London, Ontario, Canada, NSV IA6]





## 1 ਪਾਸ਼ ਦੇ ਨਾਂਅ

ਤੇਰੀ ਕਵਿਤਾ ਪੜ੍ਹਦਿਆਂ
ਮੇਰੀਆਂ ਅੱਖਾਂ ਵਿਚ, ਹੰਝੂ ਆ ਗਏ ਨੇ
ਪਰ ਮੈਂ ਇਹ, ਵਿਅਰਥ ਨਹੀਂ ਡੋਲ੍ਹਾਂਗੀ
ਮੈਂ ਇਨ੍ਹਾਂ ਨਾਲ, ਉਹ ਬੂਟਾ ਸਿੰਜਾਂਗੀ
ਜਿਦੇ ਲਹੂ ਤੇ ਮੁੜ੍ਹਕੇ ਨਾਲ
ਉੱਗਣ ਦੀ ਤੂੰ...ਗੱਲ ਕੀਤੀ ਸੀ।

## 2 ਮੈਂ

ਫੁੱਲਾਂ ਦੀ ਮਹਿਕ ਮੈਂ, ਹਵਾਵਾਂ ਦੀ ਮੌਜ ਮੈਂ
ਪੰਛੀਆਂ ਦੀ ਉਡਾਣ ਮੈਂ, ਲਹਿਰਾਂ ਦਾ ਜੋਸ਼ ਮੈਂ
ਚਿੰਤਾਤੁਰ ਹੋ ਉਨ੍ਹਾਂ, ਤਸ਼ਤਰੀ 'ਚ ਸਜਾ
ਇੱਜ਼ਤ ਤੇ ਸ਼ਰਾਫਤ ਦੀ ਬਰਫ਼ੀ, ਮੈਨੂੰ ਖਾਣ ਨੂੰ ਦਿੱਤੀ
ਮੈਂ ਉਹ ਡੱਬੂ ਕੱਤੇ ਨੂੰ ਖੁਆ,
ਅਲੋਪ ਹੋ ਗਈ
ਉਹ ਦੰਦ ਪੀਸਦੇ ਰਹਿ ਗਏ।

## 3 ਸੋਚਾਂ ਦੇ ਫ਼ਾਸਲੇ

ਤੈਨੂੰ ਲੱਗੇ ਲੱਖ ਉਹ, ਤਵੇ ਦਾ ਪੁੱਠਾ ਪਾਸਾ
ਮੈਨੂੰ ਤਾਂ ਉਹ, ਕੌਫ਼ੀ ਬੀਨਜ਼ ਜਿਹਾ ਮਹਿਕਿਆ ਲਗਦਾ ਹੈ।
ਕਹਿੰਦਾ ਫਿਰੇ ਕੋਈ, ਉਹਦੇ ਹਾਸੇ ਨੂੰ
"ਚਿੱਕੜ 'ਚ ਡੁੱਲ੍ਹਿਆ ਦੁੱਧ"
ਮੈਨੂੰ ਤਾਂ ਹੱਸਦਾ ਉਹ, ਖਿੜੇ ਨਰਮੇ ਜਿਹਾ ਜਾਪਦਾ ਹੈ।
ਤੇਰੇ ਲਈ ਹੋਣਗੇ, ਸਵਾਹ ਲਿੱਪੇ ਉਹਦੇ ਹੋਂਠ
ਮੈਨੂੰ ਤਾਂ ਉਹ, ਪੱਕੀਆਂ ਸ਼ਹਿਤੂਤੀਆਂ ਜਿਹੇ ਲਗਦੇ ਨੇ।
ਜੇ ਮੈਂ ਤੇਰੀ ਗਲੀ-ਸੜੀ, ਸੋਚ ਬਦਲਣੋਂ ਅਸਮਰਥ ਹਾਂ
ਤਾਂ ਵੀ ਮੈਂ ਇਹਦੇ 'ਤੇ, ਕਿੰਤੂ ਤਾਂ ਕਰ ਸਕਦੀ ਹਾਂ
ਤੇ ਫ਼ਿਲਹਾਲ, ਸ਼ਾਇਦ ਏਨਾ ਹੀ ਕਾਫ਼ੀ ਹੈ। □

[781, Acacia Walk No F., Goleta, CA 93117, U,S.A.]

# ਭਾਰਤ ਵਿਚ ਸਮਾਜ, ਭਾਸ਼ਾ ਅਤੇ ਸਾਹਿਤ ਦਾ ਵਿਕਾਸ

ਈ. ਐਮ. ਐਸ. ਨੰਬੂਦਰੀਪਾਦ

ਕਾਰਲ ਮਾਰਕਸ ਉਹਨਾਂ ਅਰਥਾਂ ਵਿਚ ਇਕ ਭਾਰਤ-ਵਿਦ ਜਾਂ ਭਾਰਤ-ਸ਼ਾਸਤਰੀ (**Indologist**) ਨਹੀਂ ਸੀ ਜਿਨ੍ਹਾਂ ਅਰਥਾਂ ਵਿਚ ਭਾਰਤ-ਵਿਦ ਸ਼ਬਦ ਦੀ ਵਰਤੋਂ ਅੱਜ ਕੀਤੀ ਜਾ ਰਹੀ ਹੈ । ਉਸਨੇ ਭਾਰਤੀ ਜੀਵਨ ਦੇ ਕਿਸੇ ਪਹਿਲੂ, ਉਸਦੇ ਇਤਿਹਾਸ, ਅਰਥ-ਵਿਵਸਥਾ, ਉਸਦੀ ਰਾਜਨੀਤੀ ਜਾਂ ਸਭਿਆਚਾਰ ਦਾ ਕੋਈ ਖਾਸ ਅਧਿਐਨ ਪੇਸ਼ ਨਹੀਂ ਕੀਤਾ । ਫਿਰ ਵੀ, ਉਨੀਵੀਂ ਸਦੀ ਦੇ ਛੇਵੇਂ ਦਹਾਕੇ ਵਿਚ, ਇਕ ਅਮਰੀਕੀ ਅਖਬਾਰ ਵਿਚ ਭਾਰਤ ਬਾਰੇ ਉਸ ਦੇ ਲੇਖ ਛਪੇ ਸਨ, ਜੋ ਹੁਣ ਬਹੁਤ ਪ੍ਰਸਿੱਧ ਹੋ ਚੁਕੇ ਹਨ । ਉਪਰੰਤ ਉਸ ਦੀਆਂ ਰਚਨਾਵਾਂ ਵਿਚ ਅੰਗਰੇਜ਼ਾਂ ਤੋਂ ਪਹਿਲੇ ਭਾਰਤੀ ਸਮਾਜ ਬਾਰੇ ਜਿਹੜੀਆਂ ਟਿੱਪਣੀਆਂ ਅਤੇ ਵਿਚਾਰ ਖਿੰਡੇ ਪਏ ਹਨ, ਉਹ ਉਸ ਸਮਾਜਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਪਿਛੋਕੜ ਦਾ ਡੂੰਘਾ ਵਿਸ਼ਲੇਸ਼ਣ ਪੇਸ਼ ਕਰਦੇ ਹਨ ਜਿਸ ਵਿਚ ਭਾਰਤੀ ਜਨਤਾ ਨੇ "ਆਪਣੀ ਪੁਰਾਣੀ ਦੁਨੀਆਂ ਖੋ ਦਿੱਤੀ ਸੀ ਪਰ ਨਵੀਂ ਦੁਨੀਆਂ ਹਾਸਲ ਨਹੀਂ ਕੀਤੀ ਸੀ ।"

ਆਧੁਨਿਕ ਭਾਰਤ-ਵਿਦ ਲਈ ਮਾਰਕਸ ਵੱਲੋਂ ਭਾਰਤ ਬਾਰੇ ਲਿਖੇ ਗਏ ਲੇਖ ਪ੍ਰਾਚੀਨ ਭਾਰਤੀ ਸਮਾਜ ਪ੍ਰਤੀ ਅੰਤਰ-ਦ੍ਰਿਸ਼ਟੀ ਦੇਣ ਵਾਲਾ ਬਹੁਮੁੱਲਾ ਖਜ਼ਾਨਾ ਸਾਬਤ ਹੋਣਗੇ । ਪਰ, ਉਸਨੂੰ ਉਹਨਾਂ ਮੁਸ਼ਕਲ ਸੀਮਾਵਾਂ ਨੂੰ ਵੀ ਧਿਆਨ ਵਿਚ ਰੱਖਣਾ ਹੋਵੇਗਾ ਜਿਨ੍ਹਾਂ ਵਿਚ ਮਾਰਕਸ ਨੂੰ ਅੰਗਰੇਜ਼ਾਂ ਤੋਂ ਪਹਿਲੇ ਭਾਰਤ ਦਾ ਅਤੇ ਇਸ ਸਮਾਜ ਵਿਚ ਅੰਗ-ਰੇਜ਼ਾਂ ਵੱਲੋਂ ਕੀਤੀਆਂ ਜਾ ਰਹੀਆਂ ਇਨਕਲਾਬੀ ਤਬਦੀਲੀਆਂ ਦਾ ਵਿਸ਼ਲੇਸ਼ਣ ਕਰਨਾ ਪਿਆ ਸੀ । ਇਹ ਸੀਮਾਵਾਂ ਖਾਸ ਤੌਰ ਉੱਤੇ, ਤਿੰਨ ਸਨ :

(1) ਕਿਉਂਕਿ ਮਾਰਕਸ ਦੇ ਅਧਿਐਨ ਦਾ ਮੁੱਖ ਵਿਸ਼ਾ ਵਿਸ਼ਵ ਪੂੰਜੀਵਾਦ ਸੀ, ਇਸ ਲਈ ਮਾਰਕਸ ਨੇ ਭਾਰਤ ਦੇ ਅਤੀਤ, ਵਰਤਮਾਨ ਅਤੇ ਭਵਿੱਖ ਦਾ ਠੋਸ ਅਧਿਐਨ ਪੇਸ਼ ਨਹੀਂ ਕੀਤਾ । ਲੋੜ ਅਨੁਸਾਰ ਭਾਰਤ ਉਸ ਦੇ ਅਧਿਐਨ ਦਾ ਵਿਸ਼ਾ ਮੁੱਖ ਰੂਪ ਵਿਚ ਇਸ ਕਰਕੇ ਬਣਿਆ ਕਿ ਭਾਰਤ ਉਸ ਪਹਿਲੇ ਦੇਸ਼ ਯਾਨੀ ਇੰਗਲੈਂਡ ਦੀ ਸਭ ਤੋਂ ਵੱਡੀ ਬਸਤੀ ਬਣ ਗਿਆ ਸੀ ਜਿੱਥੇ ਪੂੰਜੀਵਾਦ ਅਨੇਕਾਂ ਰੂਪਾਂ ਵਿਚ ਵਿਕਸਤ ਹੋ ਰਿਹਾ ਸੀ । ਪ੍ਰਾਚੀਨ ਅਤੇ ਮੱਧ-ਕਾਲੀਨ ਭਾਰਤ ਉਸ ਸੀਮਾ ਤੱਕ ਉਸਦੇ ਧਿਆਨ ਵਿਚ ਆਇਆ ਜਿਥੋਂ ਤੱਕ ਅੰਗਰੇਜ਼ ਬਸਤੀਵਾਦੀਆਂ ਨੂੰ ਆਪਣੇ ਦੇਸ਼ ਵਿਚ ਪੂੰਜੀਵਾਦ ਦੇ ਵਿਕਾਸ ਲਈ ਇਥੋਂ ਦੇ ਸਾਧਨਾਂ ਨੂੰ ਹਥਿਆਣ ਅਤੇ ਉਹਨਾਂ ਦੀ ਵਰਤੋਂ ਕਰਨ ਅਤੇ ਪੂਰੇ ਸੰਸਾਰ ਵਿਚ ਉਸਦੇ ਪਸਾਰ ਦੀ ਉਸਨੇ ਸਹੂਲਤ ਮੁਹੱਈਆ ਕੀਤੀ ।

(2) ਜਿਸ ਮੂਲ ਸਮੱਗਰੀ ਉਤੇ ਉਸਨੂੰ ਨਿਰਭਰ ਰਹਿਣਾ ਪਿਆ ਸੀ, ਉਹ ਗੁਲਾਮ ਦੇਸ਼ ਦੀ ਸ਼ੋਸ਼ਕ-ਸ਼ਾਸਕ ਜਮਾਤ ਵਿਚੋਂ ਆਏ ਵਿਦਵਾਨਾਂ, ਪ੍ਰਬੰਧਕਾਂ ਅਤੇ ਪ੍ਰਚਾਰਕਾਂ ਦੀਆ



ਰਚਨਾਵਾਂ ਵਿਚੋਂ ਹੀ ਮੁੱਖ ਰੂਪ ਵਿਚ ਮਿਲੀ ਸੀ । ਇਹ ਠੀਕ ਹੈ ਕਿ ਇਕ ਇਨਕਲਾਬੀ ਹੋਣ ਦੇ ਨਾਤੇ ਉਹ ਇਸ ਸਮੱਗਰੀ ਉਤੇ ਸ਼ੋਸ਼ਕ-ਸ਼ਾਸਕ ਜਮਾਤ ਦੀ ਜਮਾਤੀ ਰੰਗਤ ਨੂੰ ਦੇਖ ਸਕਣ ਵਿਚ ਅਤੇ ਉਹਨਾਂ ਵਿਦਵਾਨਾਂ, ਪ੍ਰਬੰਧਕਾਂ ਅਤੇ ਪ੍ਰਚਾਰਕਾਂ ਦੀ ਖੋਜ ਪਿੱਛੇ ਛੁਪੇ ਉਹਨਾਂ ਦੇ ਜਮਾਤੀ ਹਿਤਾਂ ਨੂੰ ਉਜਾਗਰ ਕਰਨ ਦੇ ਸਮਰੱਥ ਸੀ । ਫਿਰ ਵੀ ਉਹ ਇਸ ਗੱਲ ਤੋਂ ਬੇਬਸ ਤਾਂ ਮਹਿਸੂਸ ਕਰ ਹੀ ਰਿਹਾ ਸੀ ਕਿ ਹੋਰ ਕੋਈ ਸਮੱਗਰੀ ਉਸ ਨੂੰ ਮਿਲੀ ਨਹੀਂ ਸੀ ।

(3) ਉਪਰਲੀ ਦੂਜੀ ਗੱਲ ਵਿਚੋਂ ਇਹ ਗੱਲ ਵੀ ਨਿਕਲਦੀ ਹੈ ਕਿ ਉਸ ਨੇ ਭਾਰਤ ਨੂੰ ਇਕ ਦੇਸ਼ ਦੇ ਰੂਪ ਵਿਚ ਅਤੇ ਇਕ ਹੀ ਸਮਾਜਕ ਪ੍ਰਬੰਧ ਦੇ ਰੂਪ ਵਿਚ ਦੇਖਿਆ, ਇਹੋ ਜਿਹੇ ਬਹੁਜਾਤੀ ਦੇਸ਼ ਦੇ ਰੂਪ ਵਿਚ ਨਹੀਂ ਜਿਸਨੂੰ ਅੱਜ ਅਸੀਂ ਲੈਨਿਨ, ਸਤਾਲਨ ਅਤੇ ਉਹਨਾਂ ਦੇ ਵਾਰਸਾਂ ਵੱਲੋਂ ਵਿਕਸਤ ਕੀਤੀ ਗਈ ਮਾਰਕਸਵਾਦੀ ਧਾਰਨਾ ਦੀ ਵਰਤੋਂ ਕਰਕੇ ਵੱਧ ਸਪੱਸ਼ਟਤਾ ਨਾਲ ਦੇਖ ਸਕਦੇ ਹਾਂ ।

ਭਾਰਤ ਬਾਰੇ ਮਾਰਕਸ ਵੱਲੋਂ ਲਿਖੇ ਗਏ ਲੇਖਾਂ ਨੂੰ ਗਿਆਨ ਦਾ ਇਹੋ ਜਿਹਾ ਅੰਤਮ ਵਾਕ ਮੰਨਣਾ ਇਸ ਦੇਸ਼ ਦੇ ਭਾਰਤਵਿਦਾਂ ਲਈ ਠੀਕ ਨਹੀਂ ਹੋਵੇਗਾ ਜਿਸ ਨੂੰ ਭਾਰਤ ਬਾਰੇ ਇਤਿਹਾਸਕ ਪਦਾਰਥਵਾਦੀ ਦ੍ਰਿਸ਼ਟੀ ਨੇ ਲਿਖ ਦਿੱਤਾ ਹੈ । ਇਸ ਲਈ ਇਤਿਹਾਸਕ ਭੌਤਿਕ-ਵਾਦ ਨੂੰ ਆਧਾਰ ਮੰਨ ਕੇ ਚੱਲਣ ਵਾਲੇ ਸਾਰੇ ਭਾਰਤ-ਵਿਦਾਂ ਦਾ ਇਹ ਪਰਮ ਕਰੱਤਵ ਹੈ ਕਿ ਉਹ ਉਸ ਵਿਸ਼ਾਲ ਸਮੱਗਰੀ ਦਾ ਪੂਰੀ ਮਿਹਨਤ ਨਾਲ ਅਧਿਐਨ ਕਰਨ ਜਿਸ ਨੂੰ ਭਾਰਤ ਅਤੇ ਹੋਰ ਦੇਸ਼ਾਂ ਦੇ ਅਨੇਕ ਵਿਦਵਾਨਾਂ, ਪ੍ਰਬੰਧਕਾਂ ਅਤੇ ਪ੍ਰਚਾਰਕਾਂ ਨੇ ਮਾਰਕਸ ਦੀਆਂ ਪ੍ਰਸਿੱਧ ਰਚਨਾਵਾਂ ਤੋਂ ਬਾਅਦ ਇਨ੍ਹਾਂ ਸਵਾ ਸੌ ਸਾਲਾਂ ਦੌਰਾਨ ਇਕੱਠਾ ਕੀਤਾ ਹੈ । ਇਸ ਤਰ੍ਹਾਂ ਦੀ ਸਮੱਗਰੀ ਵੱਡੀ ਮਾਤਰਾ ਵਿਚ ਅੱਜ ਵੀ ਇਕੱਠੀ ਕੀਤੀ ਜਾ ਰਹੀ ਹੈ ਅਤੇ ਇਸ ਵਿਚ ਸ਼ੱਕ ਨਹੀਂ ਕਿ ਭਵਿੱਖ ਵਿਚ ਵੀ ਕੀਤੀ ਜਾਵੇਗੀ । ਗਿਆਨ ਦੇ ਇਸ ਅਪਾਰ ਭੰਡਾਰ ਨੂੰ ਅਣਦੇਖਿਆ ਕਰਨਾ ਮਾਰਕਸਵਾਦ ਦੀ ਮੂਲ ਭਾਵਨਾ ਦੇ ਵਿਰੁੱਧ ਹੋਵੇਗਾ । ਇਹ ਮੰਨਣਾ ਠੀਕ ਨਹੀਂ ਹੋਵੇਗਾ ਕਿ ਅੱਜ ਦੇ ਭਾਰਤ-ਵਿਦ ਮਾਰਕਸ ਦੀਆਂ ਰਚਨਾਵਾਂ ਤੱਕ ਹੀ ਆਪਣੇ ਆਪ ਨੂੰ ਸੀਮਤ ਰੱਖਕੇ ਨਿਸ਼ਚਿੰਤ ਹੋ ਸਕਦੇ ਹਨ । ਫਿਰ ਵੀ ਇਸ ਸਭ ਕੁਝ ਨਾਲ ਉਹਨਾਂ ਪ੍ਰਸਿੱਧ ਲੇਖਾਂ ਵਿਚ ਉਜਾਗਰ ਭਾਰਤੀ ਸਮਾਜ ਬਾਰੇ ਸੱਚ ਦਾ ਸਾਰ ਅਰਥਹੀਣ ਨਹੀਂ ਹੋ ਜਾਵੇਗਾ ਜਿਹੜਾ ਅਮਰੀਕੀ ਅਖਬਾਰ ਵਿਚ ਛਪਿਆ ਸੀ । ਇਸ ਸੱਚ ਦੇ ਸਾਰ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ ।

(1) ਭਾਰਤੀ ਸਮਾਜ ਅਨੇਕ ਸਦੀਆਂ ਤੱਕ ਖੜੋਤ ਅਤੇ ਪਤਨ ਦੇ ਕਾਲ ਵਿਚ ਰਿਹਾ ਅਤੇ ਉਸ ਦਾ ਵਿਨਾਸ਼ ਸਮੇਂ ਦੀ ਲੋੜ ਦੇ ਮੁਤਾਬਕ ਹੋਇਆ । ਪਰ, ਕਿਉਂਕਿ ਉਸ ਖੜੋਤ ਗ੍ਰਸਤ ਅਤੇ ਪਤਨਸ਼ੀਲ ਪੁਰਾਣੇ ਸਮਾਜ ਨੂੰ ਨਾਸ਼ ਕਰ ਦੇਣ ਵਾਲੀ ਕੋਈ ਅੰਦਰੂਨੀ ਤਾਕਤ ਮੌਜੂਦ ਨਹੀਂ ਸੀ, ਇਸ ਲਈ ਜਿਹੜੀ ਬਾਹਰੀ ਤਾਕਤ ਯੂਰਪ ਦੀ ਉਸ ਵਪਾਰੀ ਪੂੰਜੀਪਤੀ ਜਮਾਤ ਦੇ ਰੂਪ ਵਿਚ ਸਾਹਮਣੇ ਆਈ ਜੋ ਭਾਰਤ ਵਿਚ ਪੰਦਰਵੀਂ ਅਤੇ ਸੋਲਵੀਂ ਸਦੀ ਵਿਚ ਆਈ ਸੀ ਅਤੇ ਖਾਸ ਕਰ ਜਿਸ ਵਿਚ ਬਰਤਾਨੀਆ ਦੀ ਵਪਾਰੀ ਅਤੇ ਉਦਯੋਗਿਕ ਪੂੰਜੀਪਤੀ ਜਮਾਤ ਸਭ ਤੋਂ ਵੱਧ ਆਧੁਨਿਕ ਅਤੇ ਸ਼ਕਤੀਸ਼ਾਲੀ ਸੀ, ਉਹ

ਤਾਕਤ ਹੀ 'ਇਤਿਹਾਸ ਦੇ ਅਚੇਤ ਹਥਿਆਰ' ਬਣ ਗਈ। ਇਕ ਇਨਕਲਾਬੀ ਦੇ ਰੂਪ ਵਿਚ, ਮਾਰਕਸ ਨੇ ਇਸ ਵਿਨਾਸ਼ ਉਤੇ ਇਕ ਹੰਝੂ ਵੀ ਨਹੀਂ ਡੋਲ੍ਹਿਆ, ਹਾਲਾਂਕਿ ਆਪਣੇ ਪੱਕੇ ਮਾਨਵਵਾਦ ਅਤੇ ਜਨਤਾ ਵੱਲ ਗੂੜ੍ਹੇ ਪ੍ਰੇਮ ਕਾਰਨ ਉਹ ਉਹਨਾਂ ਭਾਰਤੀ ਲੋਕਾਂ ਨਾਲ ਪੂਰੀ ਹਮਦਰਦੀ ਰੱਖਦਾ ਸੀ ਜਿਹੜੇ ਭਿਅੰਕਰ ਤਕਲੀਫ਼ਾਂ ਦੇ ਦੌਰ ਵਿਚੋਂ ਗੁਜ਼ਰ ਰਹੇ ਸਨ। ਉਹ ਅੰਗਰੇਜ਼ਾਂ ਨੂੰ ਨਫਰਤ ਕਰ ਰਿਹਾ ਸੀ ਜਿਹੜੇ ਉਹਨਾਂ ਉਤੇ ਜ਼ੁਲਮ ਕਰ ਰਹੇ ਸਨ। 1857 ਦੇ ਵਿਦਰੋਹ ਬਾਰੇ ਉਸਦਾ ਹਮਦਰਦੀ ਭਰਿਆ ਰਵਈਆ ਇਸ ਗੱਲ ਦਾ ਪ੍ਰਮਾਣ ਹੈ।

(2) ਪੁਰਾਣੇ ਸਮਾਜ ਦਾ ਵਿਨਾਸ਼, ਜਿਹੜਾ ਹੋਣਾ ਹੀ ਸੀ ਅਤੇ ਜਿਸਨੂੰ ਬਦੇਸ਼ੀ ਸ਼ਾਸਕਾਂ ਨੇ ਸ਼ੁਰੂ ਕੀਤਾ ਹੋਇਆ ਸੀ, ਨਿਸ਼ਚਤ ਰੂਪ ਵਿਚ ਹੀ ਨਵੇਂ ਸਮਾਜ ਦੇ ਨਿਰਮਾਣ ਨੂੰ ਸ਼ੁਰੂ ਕਰਨ ਵਾਲਾ ਸੀ। ਇਕ ਇਨਕਲਾਬੀ ਦੇ ਰੂਪ ਵਿਚ ਮਾਰਕਸ ਨੇ ਦੇਖ ਲਿਆ ਸੀ ਕਿ ਜਨਮ ਲੈ ਰਹੇ ਨਵੇਂ ਭਾਰਤੀ ਸਮਾਜ ਦਾ ਸੁਖ ਇਸ ਦੇਸ਼ ਦੀ ਜਨਤਾ ਉਦੋਂ ਤੱਕ ਮਾਣ ਨਹੀਂ ਸਕੇਗੀ ਜਦੋਂ ਤੱਕ ਉਹ ਗੁਲਾਮ ਦੇਸ਼ ਤੋਂ ਪੂੰਜੀਪਤੀਆਂ ਦੇ ਰਾਜ ਨੂੰ ਖਤਮ ਕਰਕੇ ਮਜ਼ਦੂਰ ਜਮਾਤ ਦਾ ਰਾਜ ਜਾਂ ਆਪਣੇ ਸੰਘਰਸ਼ ਨਾਲ ਭਾਰਤੀ ਲੋਕਾਂ ਦਾ ਰਾਜ ਕਾਇਮ ਕਰਕੇ ਆਪਣੀ ਤਕਦੀਰ ਦੀ ਮਾਲਕ ਖੁਦ ਨਹੀਂ ਬਣ ਜਾਂਦੀ।

ਇਹ ਦੂਹਰਾ ਸੱਚ ਕਦੇ ਪੁਰਾਣਾ ਨਹੀਂ ਹੋਇਆ ਅਤੇ ਮਗਰਲੇ ਵਿਦਵਾਨਾਂ, ਪ੍ਰਬੰਧਕਾਂ ਅਤੇ ਪ੍ਰਚਾਰਕਾਂ ਦੀਆਂ ਪੀੜ੍ਹੀਆਂ ਵੱਲੋਂ ਇਕੱਠੀ ਕੀਤੀ ਗਈ ਢੇਰਾਂ ਸਮੱਗਰੀ ਦੇ ਬਾਵਜੂਦ ਇਹ ਸੱਚ ਕਦੇ ਪੁਰਾਣਾ ਨਹੀਂ ਹੋਵੇਗਾ। ਭਾਰਤੀ ਸਮਾਜ ਅਤੇ ਸਭਿਆਚਾਰ ਦੇ ਅਧਿਐਨ ਦੇ ਵਿਸ਼ੇ ਵਿਚ ਮਾਰਕਸਵਾਦ ਦਾ ਸਾਰਤੱਤ ਇਹ ਹੀ ਹੈ। ਇਸ ਲਈ ਭਾਰਤ-ਵਿਦਾਂ ਨੂੰ ਭਾਰਤੀ ਸਮਾਜ ਅਤੇ ਸਭਿਆਚਾਰ ਦੇ ਅਧਿਐਨ ਵਿਚਲੇ ਦੋ ਰੁਝਾਨਾਂ ਤੋਂ ਸਾਵਧਾਨ ਰਹਿਣਾ ਹੋਵੇਗਾ। ਪਹਿਲਾ ਰੁਝਾਨ ਉਸ 'ਸੁਨਹਿਰੀ ਅਤੀਤ' ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਣ ਦਾ ਹੈ ਜਿਸ ਨੂੰ 'ਪੁਨਰਸੁਰਜੀਤ' ਕਰਨਾ ਕੁੱਝ ਜਥੇਬੰਦਕ ਸਮੂਹਾਂ ਦਾ ਰਾਜਨੀਤਕ ਉਦੇਸ਼ ਬਣ ਗਿਆ ਹੈ ਅਤੇ ਲੋਕਾਂ ਦੇ ਬਹੁਤ ਵੱਡੇ ਹਿੱਸੇ ਦੀ ਕਲਪਨਾ ਨੂੰ ਜਕੜ ਚੁੱਕਾ ਹੈ। ਇਸ ਨੂੰ ਅਪਨਾਉਣ ਵਾਲੇ ਵਿਦਵਾਨਾਂ ਨੂੰ ਇਹ ਰੁਝਾਨ ਇਸ ਸਚਾਈ ਬਾਰੇ ਅੰਨ੍ਹਾ ਕਰ ਦੇਂਦਾ ਹੈ ਕਿ ਭਾਰਤੀ ਸਮਾਜ ਬਹੁਤ ਦੇਰ ਪਹਿਲੇ ਖੜੋਤ ਅਤੇ ਪਤਨਸ਼ੀਲਤਾ ਦਾ ਸ਼ਿਕਾਰ ਹੋਣ ਲੱਗਿਆ ਸੀ ਅਤੇ ਬਦੇਸ਼ੀ ਸ਼ਾਸਕਾਂ ਲਈ ਜ਼ਮੀਨ ਤਿਆਰ ਕਰ ਰਿਹਾ ਸੀ। ਇਸ ਲਈ ਬਦੇਸ਼ੀ ਸ਼ਾਸਨ ਤੋਂ ਇਸ ਦੇਸ਼ ਦੀ ਰਾਜਨੀਤਕ ਮੁਕਤੀ ਦਾ ਸੰਘਰਸ਼ (ਅਤੇ ਹੁਣ ਉਸ ਅਜ਼ਾਦੀ ਨੂੰ ਕਾਇਮ ਰੱਖਣਾ ਅਤੇ ਅੰਦਰੂਨੀ ਜਮਹੂਰੀਅਤ ਨੂੰ ਵਿਕਸਤ ਕਰਨਾ) ਅਭਿੰਨ ਰੂਪ ਵਿਚ ਇਸ ਸਮਾਜ ਦੇ ਸਮਾਜਕ ਸਭਿਆਚਾਰਕ ਪੁਨਰਗਠਨ ਨਾਲ ਜੁੜਿਆ ਹੋਇਆ ਹੈ।

ਇੰਨਾ ਹੀ ਖਤਰਨਾਕ ਦੂਸਰਾ ਰੁਝਾਨ ਸਮੁੱਚੇ ਅਤੀਤ ਦੀ ਨਿੰਦਾ ਕਰਨ ਦਾ ਅਤੇ ਉਸ ਸਮਾਜ ਵੱਲੋਂ ਪੈਦਾ ਕੀਤੇ ਗਏ ਸਭਿਆਚਾਰ ਦੀ ਮਹਾਨਤਾ ਨੂੰ ਅਣਦੇਖਿਆਂ ਕਰਨ ਦਾ ਰਿਹਾ ਹੈ ਜਿਹੜਾ ਆਪਣੇ ਅੰਦਰੂਨੀ ਅੰਤਰਵਿਰੋਧ ਕਾਰਨ ਬਾਅਦ ਵਿਚ ਖੜੋਤ ਅਤੇ



ਪਤਨ ਦੀ ਸਥਿਤੀ ਵਿਚ ਪਹੁੰਚ ਗਿਆ ਸੀ, ਅਤੇ ਇੱਥੇ ਉਸ ਤਰ੍ਹਾਂ ਇਨਕਲਾਬੀ ਬਦਲ ਨੇ ਥਾਂ ਨਹੀਂ ਲਿਆ, ਜਿਸ ਤਰ੍ਹਾਂ ਕਿ ਹੋਰ ਜਮਾਤੀ ਪ੍ਰਬੰਧ ਤੋਂ ਬਾਅਦ, ਜਿਵੇਂ ਦਾਸ ਪ੍ਰਥਾ ਤੋਂ ਬਾਦ ਜਾਂ ਯੂਰਪ ਵਿਚ ਜਗੀਰਦਾਰੀ ਪ੍ਰਬੰਧ ਤੋਂ ਬਾਦ ਲਿਆ ਸੀ। ਇਹ ਰੁਝਾਨ, ਦੂਜੇ ਸ਼ਬਦਾਂ ਵਿਚ, ਇਸ ਸਭਿਆਚਾਰ ਦੀ ਰਚਨਾ ਕਰਨ ਵਾਲੀ ਜਨਤਾ ਦੀ ਭੂਮਿਕਾ ਨੂੰ ਅਣਡਿੱਠਾ ਕਰਦਾ ਹੈ, ਹਾਲਾਂਕਿ ਇਸ ਸਭਿਆਚਾਰ ਨੂੰ ਸਮਾਜ ਦੇ ਉੱਚੇ ਤਬਕਿਆਂ ਨੇ ਹਥਿਆ ਲਿਆ ਅਤੇ ਇਸਦੀ ਗਲਤ ਵਰਤੋਂ ਕੀਤੀ। ਵਿਦਵਾਨਾਂ,ਪ੍ਰਬੰਧਕਾਂ ਅਤੇ ਰਾਜਨੀਤੀਵਾਨਾਂ ਨੂੰ ਇਹ ਰੁਝਾਨ ਭਾਰਤੀ ਸਮਾਜ ਤੋਂ ਅਤੇ ਸਮਾਜਕ ਸਭਿਆਚਾਰਕ ਪਰਿਵੇਸ਼ ਤੋਂ ਨਿਖੇੜਦਾ ਹੈ।

ਇਨ੍ਹਾਂ ਖਤਰਿਆਂ ਤੋਂ ਸਾਵਧਾਨ ਰਹਿਕੇ ਭਾਰਤ-ਵਿਦਾਂ ਨੂੰ ਭਾਰਤ ਦੇ ਅਤੀਤ ਦਾ ਅਧਿਐਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਕਿ ਉਹ ਇਸਦੇ ਵਰਤਮਾਨ ਨੂੰ ਸਮਝ ਸਕਣ ਅਤੇ ਇਸ ਦੇ ਭਵਿੱਖ ਨੂੰ ਇਕ ਨਵਾਂ ਮੋੜ ਦੇ ਸਕਣ। ਉਨ੍ਹਾਂ ਨੂੰ ਅਤੀਤ ਦੇ ਉਨ੍ਹਾਂ ਸਾਕਾਰਾਤਮਕ ਤੱਤਾਂ ਦਾ ਠੀਕ ਢੰਗ ਨਾਲ ਜਾਇਜ਼ਾ ਲੈਣਾ ਚਾਹੀਦਾ ਹੈ, ਜਿਨ੍ਹਾਂ ਨੇ ਭਾਰਤੀ ਲੋਕਾਂ ਨੂੰ ਇਕ ਇਹੋ ਜਿਹੀ ਸਭਿਅਤਾ ਦਾ ਨਿਰਮਾਣ ਕਰਨ ਦੇ ਯੋਗ ਬਣਾਇਆ ਜਿਹੜੀ ਉਸਦੇ ਸਮਕਾਲੀ ਵਿਸ਼ਵ ਮਾਨਵ ਸਮਾਜ ਦੇ ਹੋਰ ਅਨੇਕ ਹਿੱਸਿਆਂ ਦੀ ਸਭਿਅਤਾ ਦੇ ਮੁਕਾਬਲੇ ਵਿਚ ਕਿਤੇ ਵੱਧ ਸ੍ਰੇਸ਼ਟ ਸੀ। ਨਾਲ ਹੀ ਉਨ੍ਹਾਂ ਨੂੰ ਉਸ ਸਭਿਅਤਾ ਦੇ ਉਨ੍ਹਾਂ ਨਾਕਾਰਾਤਮਕ ਪਹਿਲੂਆਂ ਦਾ ਵੀ ਪਤਾ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਉਸ ਸਭਿਅਤਾ ਨੂੰ ਖੜੋਤ ਅਤੇ ਪਤਨ ਦੇ ਕੰਢੇ ਉੱਤੇ ਲਿਆ ਖੜ੍ਹਾ ਕਰ ਦਿੱਤਾ। ਦੂਜੇ ਸ਼ਬਦਾਂ ਵਿਚ, ਭਾਰਤ-ਵਿਦਾਂ ਨੂੰ ਇਹ ਸੱਚ ਉਜਾਗਰ ਕਰਨਾ ਹੋਵੇਗਾ ਕਿ ਇਕ ਇਹੋ ਜਿਹਾ ਅਤੀਤ ਵੀ ਸੀ ਜਿਸ ਉੱਤੇ ਮਾਣ ਕੀਤਾ ਜਾ ਸਕਦਾ ਹੈ। ਜਿੱਥੇ ਅੱਜ ਸਾਨੂੰ ਇਸ ਅਤੀਤ ਦੇ ਸਾਕਾਰਾਤਮਕ ਤੱਤਾਂ ਨੂੰ ਅਪਨਾਉਣਾ ਅਤੇ ਉਨ੍ਹਾਂ ਦਾ ਵਿਕਾਸ ਕਰਨਾ ਚਾਹੀਦਾ ਹੈ, ਉਥੇ ਉਸੇ ਅਤੀਤ ਦੇ ਤਮਾਮ ਦੁਸ਼ਪਰਿਣਾਮਾਂ ਨੂੰ ਖਤਮ ਕਰਨ ਦਾ ਕੰਮ ਵੀ ਸਾਨੂੰ ਸੰਭਾਲਣਾ ਚਾਹੀਦਾ ਹੈ।

ਇਹ ਉਹ ਹੀ ਨਜ਼ਰੀਆ ਹੈ ਜਿਸ ਨਾਲ ਉਨ੍ਹਾਂ ਲੋਕਾਂ ਦੇ ਦਾਅਵਿਆਂ ਉਤੇ ਵਿਚਾਰ ਕਰਨਾ ਹੋਵੇਗਾ ਜਿਹੜੇ ਆਮ ਤੌਰ ਉਤੇ ਅਤੀਤ ਦੀ ਤਾਰੀਫ ਕਰਦੇ ਹਨ ਅਤੇ ਕਹਿੰਦੇ ਹਨ ਕਿ ਬਹੁਜਾਤੀ, ਬਹੁ-ਭਾਸ਼ਾ ਅਤੇ ਸਭਿਆਚਾਰਕ ਅਨੇਕਤਾ ਅਤੇ ਭਿੰਨਤਾ ਦੇ ਬਾਵਜੂਦ ਆਜ਼ਾਦੀ ਤੋਂ ਪਹਿਲਾਂ ਦੇ ਭਾਰਤ (ਜਿਹੜਾ ਅੱਜ ਭਾਰਤ, ਪਾਕਿਸਤਾਨ ਅਤੇ ਬੰਗਲਾ ਦੇਸ਼ ਵਿਚ ਵੰਡਿਆ ਗਿਆ ਹੈ) ਵਿਚ ਅਤੇ ਇਸ ਦੇ ਲੋਕਾਂ ਵਿਚ ਬੁਨਿਆਦੀ ਸਾਂਝ ਸੀ ਜਿਹੜੀ ਉਨ੍ਹਾਂ ਨੂੰ ਭਾਰਤੀ ਬਣਾਉਂਦੀ ਸੀ। ਇਹੋ ਜਿਹੇ ਦਾਅਵੇ ਕਰਨ ਵਾਲਿਆਂ ਵਿਚੋਂ ਕੁਝ ਲੋਕ ਹੋਰ ਵੀ ਅੱਗੇ ਵਧ ਕੇ ਇਥੋਂ ਤਕ ਕਹਿਣ ਲਗਦੇ ਹਨ ਕਿ ਭਾਰਤ ਦੇ ਉਸ 'ਸੁਨਹਿਰੀ ਅਤੀਤ' ਵਿਚ ਸਿਰਫ ਅੱਜ ਦੇ ਭਾਰਤ, ਪਾਕਿਸਤਾਨ ਅਤੇ ਬੰਗਲਾ ਦੇਸ਼ ਦੀ ਹੀ ਭੂਮੀ ਸਾਂਝੀ ਨਹੀਂ ਸੀ, ਬਲਕਿ ਪੱਛਮ ਵਿਚ (ਬਹੁਤਾ ਦੂਰ ਨਾ ਜਾਈਏ ਤਾਂ) ਅਫਗਾਨਿਸਤਾਨ ਤੋਂ ਲੈ ਕੇ ਪੂਰਬ ਵਿਚ ਬਰਮਾ, ਇੰਡੋਨੇਸ਼ੀਆ, ਮਲੇਸ਼ੀਆ ਅਤੇ ਕੰਪੂਚੀਆ ਤਕ ਅਨੇਕ ਦੇਸ਼ ਇਸ ਦੇ ਹਿੱਸੇ ਸਨ। ਜਦੋਂ ਇਹ ਲੋਕ 'ਸੁਨਹਿਰੀ ਅਤੀਤ' ਨੂੰ ਪੁਨਰਸੁਰਜੀਤ ਕਰਨ ਦੀ ਗੱਲ ਕਰਦੇ ਹਨ ਉਦੋਂ ਇਸ 'ਅਤੀਤ ਦੇ ਭਾਰਤ' ਦੀ ਦੁਬਾਰਾ ਸਥਾਪਤੀ ਹੀ ਉਨ੍ਹਾਂ ਦੇ ਦਿਮਾਗ ਵਿਚ ਹੁੰਦੀ ਹੈ।

ਸਾਨੂੰ ਇਹ ਸਪੱਸ਼ਟ ਰੂਪ ਵਿਚ ਸਮਝ ਲੈਣਾ ਚਾਹੀਦਾ ਹੈ ਕਿ 'ਸੁਨਹਿਰੀ ਅਤੀਤ' ਵਾਲਾ ਭਾਰਤ ਤਾਂ ਹਮੇਸ਼ਾਂ-ਹਮੇਸ਼ਾਂ ਲਈ ਬੀਤ ਗਏ ਜ਼ਮਾਨੇ ਦੀ ਚੀਜ਼ ਹੋ ਗਿਆ ਹੈ। ਕੋਈ ਵੀ ਸਮਝਦਾਰ ਪ੍ਰਾਣੀ ਅੱਜ ਇਹੋ ਜਿਹੇ ਅਖੰਡ ਸੰਘੀ ਰਾਜ ਦੀ ਕਲਪਨਾ ਨਹੀਂ ਕਰ ਸਕਦਾ ਜਿਸ ਵਿਚ ਅੱਜ ਦੇ ਅਫਗਾਨਿਸਤਾਨ ਤੋਂ ਲੈ ਕੇ ਇੰਡੋਨੇਸ਼ੀਆ ਤੱਕ ਦੇ ਸਾਰੇ ਦੇਸ਼ ਸ਼ਾਮਲ ਹੋਣ। ਦਰਅਸਲ 'ਅਖੰਡ ਭਾਰਤ' ਦੇ ਝੰਡਾਬਰਦਾਰਾਂ ਦਾ ਉਦੇਸ਼ ਤਾਂ ਮੁਕਾਬਲਤਨ ਕਾਫੀ ਸੰਤੁਲਿਤ ਸੀ, ਅਥਵਾ ਉਹ ਤਾਂ ਸਿਰਫ ਬਰਤਾਨਵੀ ਰਾਜ ਵਿਚ ਭਾਰਤ ਦੇ ਟੋਟੇ ਅਥਵਾ ਭਾਰਤ ਤੇ ਪਾਕਿਸਤਾਨ ਬਣਨ ਨੂੰ ਰੋਕਣਾ ਚਾਹੁੰਦੇ ਸਨ ਪਰ ਇਹ ਛੋਟਾ ਜਿਹਾ ਉਦੇਸ਼ ਵੀ ਪੂਰਾ ਨਾ ਹੋ ਸਕਣ ਵਾਲਾ ਸਾਬਤ ਹੋਇਆ।

ਭਾਰਤ ਦੇ ਦੋ ਟੋਟੇ ਹੋ ਜਾਣ ਤੋਂ ਬਾਅਦ, ਅਥਵਾ ਭਾਰਤੀ ਸੰਘ ਅਤੇ ਪਾਕਿਸਤਾਨ ਵਿਚ ਵੰਡ ਹੋ ਜਾਣ ਤੋਂ ਬਾਅਦ, ਪਾਕਿਸਤਾਨ ਵੀ ਦੋ ਹਿੱਸਿਆਂ ਵਿਚ, ਪਾਕਿਸਤਾਨ ਅਤੇ ਬੰਗਲਾ ਦੇਸ਼ ਵਿਚ ਵੰਡ ਹੋ ਗਿਆ। ਭਾਰਤੀ ਸੰਘ ਵਿਚ ਵੀ ਵੰਡ ਪੈਦਾ ਕਰਨ ਵਾਲੀਆਂ ਸ਼ਕਤੀਆਂ ਸਰਗਰਮ ਹਨ ਅਤੇ ਪੂਰਾ ਜ਼ੋਰ ਲਾ ਰਹੀਆਂ ਹਨ। ਇਹ ਸਥਿਤੀ ਦੇਸ਼ ਦੇ ਉੱਤਰ ਪੂਰਬੀ ਖੇਤਰ ਵਿਚ ਸਭ ਤੋਂ ਵੱਧ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ। ਇਸ ਸਥਿਤੀ ਨਾਲ ਜੇਕਰ ਸਮੇਂ ਸਿਰ ਨਾ ਨਜਿੱਠਿਆ ਗਿਆ ਤਾਂ ਆਪਣੇ ਤਮਾਮ ਭੈੜੇ ਪਰਿਣਾਮਾਂ ਨਾਲ 1947 ਦੀ ਵੰਡ ਵਰਗਾ ਹਾਦਸਾ ਫਿਰ ਤੋਂ ਹੋ ਸਕਦਾ ਹੈ।

ਇਹ ਸਥਿਤੀ ਸਾਨੂੰ ਭਾਰਤੀ ਸਮਾਜ ਦੇ ਸਦੀਆਂ ਪੁਰਾਣੇ, ਇਥੋਂ ਤਕ ਕਿ ਜੁਗਾਂ ਪੁਰਾਣੇ ਵੇਲੇ ਤੋਂ ਲੈ ਕੇ ਅੱਜ ਤੱਕ ਦੇ ਵਿਕਾਸ ਦਾ ਗੰਭੀਰਤਾ ਨਾਲ ਅਧਿਐਨ ਕਰਨ ਲਈ ਮਜਬੂਰ ਕਰਦੀ ਹੈ। ਪੂਰਵ-ਇਤਿਹਾਸਕ ਕਬਾਇਲੀ ਸਮਾਜ ਦਾ ਟੁੱਟਣਾ ਅਤੇ ਉਸ ਨਵੇਂ ਸਮਾਜ ਵਿਚ ਉਸ ਦਾ ਮਿਲਣਾ ਜਿਸਨੂੰ ਆਮ ਤੌਰ ਉਤੇ ਆਰੀਆ ਸਮਾਜ ਅਤੇ ਸਭਿਆਚਾਰ ਕਿਹਾ ਜਾਂਦਾ ਹੈ, ਇਕ ਸਮਾਨੰਤਰ ਤਾਮਿਲ ਸਮਾਜ ਦਾ ਜਨਮ ਜਿਸ ਨੂੰ ਸੰਘਮ ਸਾਹਿਤ ਦੇ ਗੌਰਵ-ਗ੍ਰੰਥਾਂ ਨੇ ਅਮਰ ਬਣਾ ਦਿੱਤਾ ਹੈ; ਉੱਤਰ ਵਿਚਲੇ ਆਰੀਆ ਸਮਾਜ ਅਤੇ ਦੱਖਣ ਦੇ ਤਮਿਲ ਸਮਾਜ ਵਿਚਕਾਰ ਫੌਜੀ ਅਤੇ ਸਭਿਆਚਾਰਕ ਝੜੱਪਾਂ—ਇਹ ਸਾਰੇ ਤੱਥ ਇਹੋ ਜਿਹੀਆਂ ਬਹੁਤ ਸਮੱਸਿਆਵਾਂ ਖੜੀਆਂ ਕਰ ਦੇਂਦੇ ਹਨ ਜਿਨ੍ਹਾਂ ਉਤੇ ਭਾਰਤ-ਵਿਦਾਂ ਨੂੰ ਆਪਣਾ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਇਸ ਪ੍ਰਕਿਰਿਆ ਵਿਚੋਂ ਲੰਘ ਕੇ ਭਾਰਤ ਵਿਚ ਜਿਹੜਾ ਜਮਾਤੀ ਸਮਾਜ ਪੈਦਾ ਹੋਇਆ ਅਰਥਾਤ ਪੁਰਾਣੇ ਕਬਾਇਲੀ ਸਮਾਜ ਦੇ ਟੁੱਟਣ ਤੋਂ ਬਾਅਦ ਜਿਹੜਾ ਸਮਾਜ ਹੋਂਦ ਵਿਚ ਆਇਆ ਉਸਨੇ ਭਾਰਤ ਵਿਚ ਉਸ ਦਾਸ ਪ੍ਰਬੰਧ ਵਾਲੇ ਅੱਤ ਪ੍ਰਾਚੀਨ ਜਮਾਤੀ ਸਮਾਜ ਤੋਂ ਭਿੰਨ ਸਰੂਪ ਧਾਰਨ ਕੀਤਾ ਜਿਸ ਸਮਾਜ ਨੇ ਯੂਨਾਨੀ ਕਲਾ, ਸਭਿਆਚਾਰ ਅਤੇ ਰੋਮਨ ਸਾਮਰਾਜ ਨੂੰ ਜਨਮ ਦਿੱਤਾ ਸੀ। (ਵੇਖੋ ਮਾਨਵ ਵਿਕਾਸ ਵਿਚ ਦਾਸ ਪ੍ਰਥਾ ਦੇ ਸਥਾਨ ਬਾਰੇ ਏਂਗਲਜ਼ ਦੀਆਂ ਰਚਨਾਵਾਂ)

ਭਾਰਤ ਵਿਚ ਜਮਾਤੀ ਸਮਾਜ ਦੇ ਵਿਕਾਸ ਦਾ ਪੈਟਰਨ ਯੂਰਪ ਵਿਚ ਜਮਾਤੀ ਸਮਾਜ ਦੇ ਵਿਕਾਸ ਤੋਂ ਭਿੰਨ ਕਿਉਂ ਰਿਹਾ? ਪੂਰਵ-ਇਤਿਹਾਸਕ ਭਾਰਤ ਦੇ ਯੋਧਿਆਂ ਅਤੇ ਜੇਤੂਆਂ ਨੇ ਹਾਰਿਆਂ ਹੋਇਆਂ ਨੂੰ ਆਪਣਾ ਗੁਲਾਮ ਕਿਉਂ ਨਹੀਂ ਬਣਾਇਆ (ਜਿਵੇਂ ਕਿ ਯੂਨਾਨ ਅਤੇ ਰੋਮ ਦੇ ਯੋਧਿਆਂ ਅਤੇ ਜੇਤੂਆਂ ਨੇ ਬਣਾਇਆ ਸੀ।) ਬਲਕਿ ਉਹਨਾਂ ਨੂੰ



ਪਹਿਲਾਂ ਸ਼ੂਦਰਾਂ ਦੀ ਆਮ ਜਾਤ ਵਿਚ ਰੱਖਿਆ ਅਤੇ ਬਾਅਦ ਵਿਚ ਅਨੇਕ ਉਤਪੀੜਤ ਜਾਤਾਂ ਅਤੇ ਉਪ-ਜਾਤਾਂ ਵਿਚ ਉਹਨਾਂ ਨੂੰ ਤਬਦੀਲ ਕਰ ਦਿੱਤਾ? ਭਾਰਤ ਦੇ ਉਸ ਜਮਾਤੀ ਸਮਾਜ ਅੰਦਰਲੇ ਸੰਘਰਸ਼ਾਂ ਅਤੇ ਅੰਤਰਵਿਰੋਧਾਂ ਨੇ (ਜਾਤ-ਪਾਤ ਤੋਂ ਤੰਗ ਹੋਣ ਦੇ ਰੂਪ ਵਿਚ ਜਮਾਤੀ ਤੰਗੀ ਨੇ) ਉਹਨਾਂ ਵਿਦਰੋਹਾਂ ਨੂੰ ਜਨਮ ਕਿਉਂ ਨਹੀਂ ਦਿੱਤਾ ਜਿਨ੍ਹਾਂ ਦੇ ਸਿੱਟੇ ਵਜੋਂ ਦਾਸ ਸਮਾਜ ਨੂੰ ਤੋੜ ਕੇ ਭੂ-ਦਾਸ ਸਮਾਜ ਬਣਦਾ, ਜਿਵੇਂ ਕਿ ਯੂਰਪ ਦੇ ਸਮਾਜਕ ਵਿਕਾਸ ਦੇ ਉਸ ਕਾਲ ਵਿਚ ਹੋਇਆ ਸੀ। ਉਹ ਕਿਹੜੀ ਸ਼ਕਤੀ ਸੀ ਜਿਸਨੇ ਜਾਤਾਂ ਵਿਚ ਵੰਡੇ ਇਸ ਸਮਾਜ ਦੇ ਉਹਨਾਂ ਭਾਰੂ ਸਮੂਹਾਂ ਨੂੰ ਅੰਦਰ ਤੋਂ ਬੁੱਧ ਮੱਤ ਅਤੇ ਜੈਨ ਮੱਤ ਦੇ ਹਮ-ਲਿਆਂ ਤੋਂ ਅਤੇ ਬਾਹਰ ਤੋਂ ਹੋਣ ਵਾਲੇ ਇਸਲਾਮੀ ਹਮਲਿਆਂ ਤੋਂ ਬਚਾ ਕੇ ਜਿਉਂਦਾ ਰੱਖਿਆ, ਜਿਨ੍ਹਾਂ ਨੇ ਮੱਧਯੁਗ ਦੇ ਹਿੰਦੂ ਸਮਾਜ ਵਿਚ ਆਪਣੀ ਸਥਿਤੀ ਮਜ਼ਬੂਤ ਕਰ ਲਈ ਸੀ ਅਤੇ ਜਿਹੜੇ ਮੁਸਲਮ ਸ਼ਾਸਕਾਂ ਦੇ ਸਾਮਰਾਜ ਅਤੇ ਸਲਤਨਤ ਵਿਚ ਵੀ ਉਹਨਾਂ ਦੇ ਨਾਲ ਹੋਂਦਸ਼ੀਲ ਸਨ? ਭਾਰਤੀ ਸਮਾਜ ਵਿਚ ਵਿਕਸਤ ਹੋਈਆਂ ਉਹ ਕਿਹੜੀਆਂ ਪੈਦਾਵਾਰੀ ਸ਼ਕਤੀਆਂ ਸਨ ਜਿਨ੍ਹਾਂ ਨੇ ਜਾਤ-ਪਾਤ ਉੱਤੇ ਆਧਾਰਿਤ ਹਿੰਦੂ ਸਮਾਜ ਨੂੰ ਮੁਸਲਮ ਸ਼ਾਸਕਾਂ ਦੇ ਨਾਲ ਨਾਲ ਦੇਸ਼ ਦੀ ਰਾਜਨੀਤਕ ਅਤੇ ਪ੍ਰਬੰਧਕੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਹਿੱਸੇਦਾਰੀ ਪ੍ਰਦਾਨ ਕਰਵਾਈ ਜਦੋਂ ਕਿ ਉੱਚੀਆਂ ਜਾਤੀਆਂ ਹਿੰਦੂਆਂ ਦੇ ਸਭਿਆਚਾਰਕ ਜੀਵਨ ਉੱਤੇ ਭਾਰੂ ਰਹੀਆਂ?

ਇਹ ਹੀ ਕੁੱਝ ਇਹੋ ਜਿਹੇ ਸਵਾਲ ਹਨ ਜਿਨ੍ਹਾਂ ਦਾ ਜਵਾਬ ਉਨ੍ਹਾਂ ਵਿਦਵਾਨਾਂ ਨੂੰ ਲੱਭਣਾ ਪਏਗਾ ਜਿਹੜੇ ਭਾਰਤ ਦੇ ਅਨੇਕ ਖੇਤਰਾਂ ਵਿਚ ਖੋਜ-ਕਾਰਜ ਕਰ ਰਹੇ ਹਨ। ਪਰ ਇਨ੍ਹਾਂ ਸਵਾਲਾਂ ਦੀ ਪੇਚੀਦਗੀ ਵੱਲ ਧਿਆਨ ਦਵਾਉਣਾ ਵੀ ਜ਼ਰੂਰੀ ਹੈ ਜਿਹੜੀ ਸਮਕਾ-ਲੀਨ ਭਾਰਤ ਵਿਚ ਭਾਸ਼ਾਵਾਂ, ਸਾਹਿਤਾਂ ਅਤੇ ਸਭਿਆਚਾਰਾਂ ਦੀ ਅਭੇਦਤਾ ਅਤੇ ਭਿੰਨਤਾ ਕਾਰਨ ਪੈਦਾ ਹੁੰਦੀ ਹੈ। ਇਹ ਸੱਭ ਕੁੱਝ ਉਸ ਰਾਜਨੀਤਕ ਸਮੱਸਿਆ ਉੱਤੇ ਬਹਿਸ ਲਈ ਵੀ ਪ੍ਰਸੰਗਕ ਹੋਵੇਗਾ ਜਿਹੜੀ ਲੋਕਾਂ ਅਤੇ ਸਰਕਾਰਾਂ ਸਾਹਮਣੇ ਅੱਜ ਮੂੰਹ ਅੱਡੀ ਖੜੀ ਹੈ। ਭਾਸ਼ਾਵਾਂ ਦਾ ਜਨਮ ਅਤੇ ਵਿਕਾਸ ਸਮਾਜ ਅਤੇ ਰਾਜਨੀਤਕ ਸੰਸਥਾਵਾਂ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ। ਇਹ ਗੱਲ ਭਾਰਤ ਉੱਤੇ ਹੀ ਨਹੀਂ, ਸਮੁੱਚੇ ਸੰਸਾਰ ਉੱਤੇ ਲਾਗੂ ਹੁੰਦੀ ਹੈ।

ਹੁਣ ਤੱਕ ਦੇ ਗਿਆਤ ਇਤਿਹਾਸਕ ਤੱਥਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਉੱਤਰ ਵਿਚ ਉੱਚੀਆਂ ਜਮਾਤਾਂ ਦੀ ਭਾਸ਼ਾ ਦੇ ਰੂਪ ਵਿਚ ਸੰਸਕ੍ਰਿਤ ਦਾ ਅਤੇ ਦੱਖਣੀ ਭਾਰਤ ਵਿਚ ਸ਼ੇਨਤਮਿਲ ਦਾ ਜਨਮ ਹੋਇਆ, ਜਿਸ ਵਿਚ ਸੰਘਮ ਦੇ ਗੌਰਵ ਗ੍ਰੰਥਾਂ ਦੀ ਰਚਨਾ ਹੋਈ। ਇਹ ਤੱਥ ਇਸ ਗੱਲ ਦਾ ਸੰਕੇਤ ਦੇਂਦੇ ਹਨ ਕਿ ਉੱਤਰ ਭਾਰਤ ਦੇ ਤਥਾਕਥਿਤ ਆਰੀਆ ਰਾਜ ਦੀ ਵਿਰੋਧੀ ਰਾਜਨੀਤਕ ਸ਼ਕਤੀ ਦੱਖਣ ਵਿਚ ਪੈਦਾ ਹੋਈ ਹੋਵੇਗੀ। ਪ੍ਰਾਚੀਨ ਭਾਰਤ ਦੇ ਇਨ੍ਹਾਂ ਦੋਹਾਂ ਹਿੱਸਿਆਂ ਵਿਚੋਂ ਮਿਲੀ ਸਾਹਿਤਕ ਸਮੱਗਰੀ ਦੀ ਗੁਣਾਤਮਕ ਤੇ ਗਿਣਨਾਤਮਕ ਤੁਲਨਾ ਕਰਨ ਉੱਤੇ ਪਤਾ ਲੱਗਦਾ ਹੈ ਕਿ ਉਤਰ ਵਿਚ ਸੰਸਕ੍ਰਿਤ ਐਨੀ ਸ਼ਕਤੀਸ਼ਾਲੀ ਸੀ ਕਿ ਉਸਦਾ ਪ੍ਰਭਾਵ ਦੱਖਣੀ ਭਾਰਤ ਉੱਤੇ ਪਏ ਬਿਨਾਂ ਨਹੀਂ ਰਿਹਾ। ਸ਼ੇਤਨਮਿਲ ਦੇ ਪ੍ਰਾਚੀਨ ਸਾਹਿਤ ਦੇ ਨਾਲ-ਨਾਲ ਭਾਸ਼ਾ ਅਤੇ ਸਾਹਿਤ ਦੇ ਕੁੱਝ ਹੋਰ ਰੂਪ ਵਿਕਸਤ ਹੋਣ ਲੱਗੇ

ਜਿਹੜੇ ਸ਼ੁਰੂ ਵਿਚ ਦੋਹਾਂ ਵਿਕਸਤ ਭਾਸ਼ਾਵਾਂ (ਸੰਸਕ੍ਰਿਤ ਅਤੇ ਸ਼ੈਨਤਮਿਲ) ਅਤੇ ਵਿਸ਼ੇਸ਼ ਖੇਤਰਾਂ ਦੀ ਬੋਲਚਾਲ ਦੀ ਕਿਸੇ ਨਾ ਕਿਸੇ ਭਾਸ਼ਾ ਦੇ ਮਿਸ਼ਰਣ ਸਨ।

ਦੱਖਣੀ ਭਾਰਤ ਦੀਆਂ ਹੋਰ ਭਾਸ਼ਾਵਾਂ ਦਾ ਹਵਾਲਾ ਦਿੱਤੇ ਬਗ਼ੈਰ ਇਹ ਕਿਹਾ ਜਾ ਸਕਦਾ ਹੈ ਕਿ ਮਲਿਆਲਮ ਭਾਸ਼ਾ ਅਤੇ ਸਾਹਿਤ ਦਾ ਜਨਮ ਇਸੇ ਤਰ੍ਹਾਂ ਹੋਇਆ ਸੀ। ਮਲਿਆਲਮ ਭਾਸ਼ਾ ਅਤੇ ਸਾਹਿਤ ਦੇ ਇਤਿਹਾਸਕਾਰ ਇਸ ਦੇ ਮੁਢਲੇ ਕਾਲ ਨੂੰ ਤਿੰਨ ਭਾਗਾਂ ਵਿਚ ਵੰਡਦੇ ਹਨ: ਸ਼ੁੱਧ ਭਾਗ, ਸੰਸਕ੍ਰਿਤ ਦੇ ਪ੍ਰਭਾਵ ਵਾਲਾ ਭਾਗ, ਅਤੇ ਤਮਿਲ ਪ੍ਰਭਾਵ ਵਾਲਾ ਭਾਗ। ਇਨ੍ਹਾਂ ਤਿੰਨ ਭਾਗਾਂ ਨੂੰ ਨਾਲ-ਨਾਲ ਵਿਕਾਸ ਕਰਨ ਵਿਚ ਅਨੇਕ ਸਦੀਆਂ ਲੱਗੀਆਂ ਹੋਣਗੀਆਂ ਅਤੇ ਇਸ ਪ੍ਰਕਿਰਿਆ ਵਿਚੋਂ ਇਕ ਨਵੀਂ ਸਾਹਿਤਕ ਭਾਸ਼ਾ ਨੇ ਜਨਮ ਲਿਆ ਜਿਸਨੇ ਤਿੰਨਾਂ ਵਿਚੋਂ ਬਹੁਤ ਕੁੱਝ ਜਜ਼ਬ ਕਰ ਲਿਆ ਅਤੇ ਫਿਰ ਵੀ ਉਹ ਤਿੰਨਾਂ ਤੋਂ ਅਲੱਗ ਇਕ ਵੱਖਰੀ ਭਾਸ਼ਾ ਰਹੀ। ਇਸ ਤਰ੍ਹਾਂ ਲੱਗਦਾ ਹੈ ਕਿ ਇਹੋ ਪ੍ਰਕਿਰਿਆ ਦੱਖਣੀ ਭਾਰਤ ਦੇ ਹੋਰ ਹਿੱਸਿਆਂ ਵਿਚ ਵੀ ਹੋਈ ਹੋਵੇਗੀ। ਆਧੁਨਿਕ ਤਮਿਲ, ਤੇਲਗੂ ਅਤੇ ਕੰਨੜ ਭਾਸ਼ਾਵਾਂ ਦਾ ਜਨਮ ਲਗਪਗ ਉਸ ਜੁਗ ਵਿਚ ਹੋਇਆ ਜਿਸ ਵਿਚ ਮਲਿਆਲਮ ਦਾ ਹੋਇਆ।

ਮਹਾਰਾਸ਼ਟਰ, ਗੁਜਰਾਤ ਅਤੇ ਸਮੁੱਚੇ ਉੱਤਰੀ ਭਾਰਤ ਵਿਚ ਵੀ ਇਸ ਤਰ੍ਹਾਂ ਦਾ ਘਟਨਾਕ੍ਰਮ ਉਸੇ ਜੁਗ ਵਿਚ ਘਟਿਆ। ਦੂਸਰੇ ਸ਼ਬਦਾਂ ਵਿਚ ਭਾਰਤ ਦੀਆਂ ਲਗਪਗ ਸਾਰੀਆਂ ਆਧੁਨਿਕ ਭਾਸ਼ਾਵਾਂ ਦਾ ਜਨਮ ਇਤਿਹਾਸ ਦੇ ਲਗਪਗ ਇਕੋ ਹੀ ਜੁੱਗ ਵਿਚ ਹੋਇਆ। ਪੈਦਾਵਾਰ ਦੀਆਂ ਉਨ੍ਹਾਂ ਸ਼ਕਤੀਆਂ ਦੇ ਵਿਕਾਸ ਦਾ ਹੋਰ ਡੂੰਘਾਈ ਵਿਚ ਅਧਿਐਨ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਭਾਰਤ ਦੇ ਵਿਭਿੰਨ ਹਿੱਸਿਆਂ ਵਿਚ ਇਕੋ ਵੇਲੇ ਇਹ ਭਾਸ਼ਾਈ ਵਿਕਾਸ ਸੰਭਵ ਬਣਾਇਆ। ਇਸ ਨਾਲ ਭਾਰਤੀ ਸਮਾਜ ਦਾ, ਵਿਭਿੰਨ ਭਾਸ਼ਾਈ-ਸਭਿਆਚਾਰਕ ਸਮੂਹਾਂ ਜਾਂ ਕੌਮੀਅਤਾਂ ਵਿਚ ਉਸਦੀ ਵੰਡ ਅਤੇ ਸੁਦ੍ਰਿੜੀਕਰਨ ਦਾ ਵਿਗਿਆਨਕ ਆਧਾਰ ਉੱਤੇ ਵਿਸ਼ਲੇਸ਼ਣ ਅਤੇ ਮੁਲੰਕਣ ਕੀਤਾ ਜਾ ਸਕੇਗਾ।

ਇਕ ਗੱਲ ਹੋਰ, ਲਗਪਗ ਇਨ੍ਹਾਂ ਸਾਰੀਆਂ ਭਾਸ਼ਾਵਾਂ ਦੇ ਸਾਹਿਤ ਦਾ ਵਿਚਾਰਧਾਰਾਤਮਕ ਵਿਸ਼ਾ-ਵਸਤੂ ਕਰੀਬ ਇਕ ਹੀ ਹੈ ਜਿਹੜੀਆਂ ਸੁਤੰਤਰ ਭਾਸ਼ਾਵਾਂ ਦੇ ਰੂਪ ਵਿਚ ਵਿਕਸਤ ਹੋ ਰਹੀਆਂ ਸਨ। ਸਾਰੀਆਂ ਦਾ ਵਿਸ਼ਾ-ਵਸਤੂ ਸੰਸਕ੍ਰਿਤ ਦੇ ਪ੍ਰਾਚੀਨ ਗ੍ਰੰਥਾਂ ਦੇ ਵਿਚਾਰਾਂ ਨੂੰ ਪੇਸ਼ ਕਰਨ ਲਈ ਵਿਭਿੰਨ ਬੋਲਚਾਲ ਦੀਆਂ ਭਾਸ਼ਾਵਾਂ ਦੀ ਵਰਤੋਂ ਅਤੇ ਵਿਕਾਸ ਰਾਹੀਂ ਹਿੰਦੂ ਧਾਰਮਿਕ ਗ੍ਰੰਥਾਂ ਨੂੰ ਹਰਮਨ ਪਿਆਰਾ ਬਣਾਉਣ ਦਾ ਸੀ। ਇਹ ਬਹੁਤ ਮਹੱਤਵਪੂਰਨ ਗੱਲ ਸੀ ਕਿ ਉਸ ਨਵੇਂ ਸਾਹਿਤ ਦੇ (ਜਿਸਨੂੰ ਭਗਤੀ ਸਾਹਿਤ ਕਿਹਾ ਜਾਂਦਾ ਹੈ) ਰਚਨਹਾਰਿਆਂ ਦੇ ਰੂਪ ਵਿਚ ਅੱਜ ਜਿਨ੍ਹਾਂ ਨੂੰ ਪੂਜਿਆਂ ਜਾਂਦਾ ਹੈ ਉਨ੍ਹਾਂ ਵਿਚੋਂ ਅਨੇਕ ਔਰਤ-ਮਰਦ ਦਬੀਆਂ ਜਾਤੀਆਂ ਵਿਚੋਂ ਆਏ ਸਨ। ਇਸ ਲਈ ਉਸ ਵੇਲੇ ਦੇ ਸਮਾਜਕ ਵਿਕਾਸ ਦੀਆਂ ਦੋ ਵਿਸ਼ੇਸ਼ਤਾਵਾਂ ਉਭਰਕੇ ਸਾਹਮਣੇ ਆਉਂਦੀਆਂ ਹਨ—ਪਹਿਲੀ ਵਿਸ਼ੇਸ਼ਤਾ ਤਾਂ ਇਹ ਦਿਖਦੀ ਹੈ ਕਿ ਸਮਾਜ ਦੇ ਉਨ੍ਹਾਂ ਦੱਬੇ ਹਿੱਸਿਆਂ ਵਿਚੋਂ ਇਕ ਨਵਾਂ ਤਬਕਾ ਜਨਮ ਲੈ ਰਿਹਾ ਸੀ ਜਿਸਨੇ ਕਿਸੇ ਤਰ੍ਹਾਂ ਸਭਿਆਚਾਰਕ ਪੱਧਰ ਉੱਤੇ ਅੱਗੇ ਵਧੇ ਹੋਏ ਉਚੇ



ਹਿੰਦੂ ਸਮਾਜ ਵਿਚ ਬਰਾਬਰੀ ਦਾ ਦਰਜਾ ਹਾਸਲ ਕਰ ਲਿਆ ਸੀ; ਦੂਸਰੀ ਵਿਸ਼ੇਸ਼ਤਾ ਇਹ ਸੀ ਕਿ ਪਹਿਲੀ ਵਾਰ ਇਹੋ ਜਿਹਾ ਸਾਹਿਤ ਉਭਰਕੇ ਆ ਰਿਹਾ ਸੀ ਜਿਹੜਾ ਸਮਾਜ ਦੇ ਉੱਚੇ ਤਬਕੇ ਅਤੇ ਆਮ ਜਨਤਾ ਦੋਹਾਂ ਦੀ ਹੀ ਪਹੁੰਚ ਵਿਚ ਸੀ।

ਇਸ ਵਿਚ ਸ਼ੱਕ ਨਹੀਂ ਕਿ ਪਰੰਪਰਕ ਜਾਤੀਵਾਦੀ ਹਿੰਦੂ ਸਮਾਜ ਦੇ ਵਿਕਾਸ ਵਿਚ ਇਹ ਕਾਫ਼ੀ ਵਿਕਸਤ ਕਾਲ ਸੀ। ਪਰ ਇਸਦੀ ਇਕ ਸੀਮਾ ਵੀ ਸੀ, ਉਹ ਇਹ ਕਿ ਇਸ ਵਿਚ ਮੁੱਖ ਰੂਪ ਵਿਚ ਹਿੰਦੂ ਸਾਹਿਤ ਅਤੇ ਸਭਿਆਚਾਰ ਦਾ ਹੀ ਵਿਕਾਸ ਹੋਇਆ, ਹਾਲਾਂਕਿ ਇਸ ਨੇ ਆਪਣੇ ਘੇਰੇ ਵਿਚ ਗੈਰਹਿੰਦੂ ਸਮੂਹਾਂ ਅਤੇ ਇਥੋਂ ਤੱਕ ਕਿ ਸਭ ਤੋਂ ਪਿਛੜੀਆਂ ਹੋਈਆਂ ਗੈਰਹਿੰਦੂ ਜਾਤੀਆਂ ਤੱਕ ਨੂੰ ਸਮੇਟ ਲਿਆ ਸੀ, ਜਿਵੇਂ ਕਿ ਕਬੀਰ ਅਤੇ ਰਵੀਦਾਸ ਦੇ ਮਾਮਲੇ ਤੋਂ ਸਪੱਸ਼ਟ ਹੁੰਦਾ ਹੈ। ਨਾਲ ਹੀ, ਰਾਮਾਇਣ ਵਰਗੇ ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥਾਂ ਦਾ ਆਮ ਲੋਕਾਂ ਦੀਆਂ ਭਾਸ਼ਾਵਾਂ ਵਿਚ ਅਨੁਵਾਦ ਵੀ ਹੋਇਆ ਜਦੋਂ ਕਿ ਸੰਸਕ੍ਰਿਤ ਵਿਚ ਪੜ੍ਹੇ-ਲਿਖੇ ਉਚੇ ਤਬਕਿਆਂ ਨੇ ਇਸਦਾ ਵਿਰੋਧ ਕੀਤਾ ਸੀ।

ਆਮ ਤੌਰ ਉੱਤੇ ਭਗਤੀ ਸਾਹਿਤ ਦੇ ਨਾਂ ਨਾਲ ਜਾਣੇ ਗਏ ਸਾਹਿਤ ਦੇ ਇਸ ਬੁਨਿਆਦੀ ਦੋਸ਼ ਨੂੰ ਦੂਰ ਕਰਨ ਦੀ ਇਤਿਹਾਸਕ ਭੂਮਿਕਾ ਪੂੰਜੀਵਾਦੀ ਤਬਦੀਲੀਆਂ ਨੇ ਨਿਭਾਈ। ਇਹ ਤਬਦੀਲੀਆਂ ਉਨ੍ਹਾਂ ਬਦੇਸ਼ੀ ਜੇਤੂਆਂ ਰਾਹੀਂ ਸੰਪੂਰਨ ਹੋਈਆਂ ਸਨ ਜਿਨ੍ਹਾਂ ਨੇ ਦੇਸ਼ ਉੱਤੇ ਆਰਥਿਕ ਅਤੇ ਰਾਜਨੀਤਕ ਗ਼ਲਬਾ ਕਾਇਮ ਕਰਨ ਲਈ ਸਭਿਆਚਾਰ ਨੂੰ ਹਥਿਆਰ ਵਾਂਗ ਵਰਤਿਆ। ਯੂਰਪ ਦੇ ਵਪਾਰੀ ਤਬਕੇ ਨੇ ਸ਼ੁਰੂ ਵਿਚ ਇਸਾਈ ਮੱਤ ਨੂੰ ਹਰਮਨ ਪਿਆਰਾ ਬਣਾਉਣ ਲਈ ਜਿਹੜੇ ਯਤਨ ਕੀਤੇ ਸਨ ਅਤੇ ਬਾਅਦ ਵਿਚ ਬਰਤਾਨਵੀ ਸ਼ਾਸਕਾਂ ਵਿਦਿਅਕ ਸੰਸਥਾਵਾਂ ਖੋਲ੍ਹਕੇ ਜਿਹੜੇ ਕਦਮ ਉਠਾਏ ਸਨ (ਕੰਪਨੀ ਲਈ ਪੜ੍ਹੇ-ਲਿਖੇ ਕਰਮਚਾਰੀਆਂ ਦਾ ਇਕ ਤਬਕਾ ਤਿਆਰ ਕਰਨ ਲਈ) ਉਹ ਇਕ ਇਹੋ ਜਿਹੀ ਭਾਸ਼ਾ ਅਤੇ ਇਹੋ ਜਿਹੇ ਸਾਹਿਤ ਦੇ ਵਿਕਾਸ ਵਿਚ ਮਦਦਗਾਰ ਸਾਬਤ ਹੋਏ ਜਿਹੜਾ ਸ਼ੈਲੀ ਵਿਚ ਤਾਂ ਪਹਿਲਾਂ ਵਾਲੇ ਭਗਤੀ ਸਾਹਿਤ ਵਾਂਗ ਹੀ ਹਰਮਨ ਪਿਆਰਾ ਹੋਇਆ। ਪਰ ਉਨ੍ਹਾਂ ਦੋਸ਼ਾਂ ਤੋਂ ਮੁਕਤ ਰਿਹਾ ਜਿਹੜੇ ਉਸ ਭਗਤੀ ਸਾਹਿਤ ਵਿਚ ਸਨ ਜਿਹੜਾ ਕੁਲ ਮਿਲਾਕੇ ਹਿੰਦੂ ਸਮਾਜ ਅਤੇ ਸਭਿਆਚਾਰ ਦੇ ਘੇਰੇ ਵਿਚ ਹੀ ਸੀਮਤ ਰਹਿ ਗਿਆ ਸੀ। ਇਸ ਤੋਂ ਬਾਅਦ ਆਧੁਨਿਕ ਵਿਦਿਆ ਅਤੇ ਪਰੈਸ ਦੀ ਸਥਾਪਨਾ ਨੇ ਭਾਰਤ ਦੀਆਂ ਭਾਸ਼ਾਵਾਂ ਦੇ ਸਾਹਿਤ ਦੇ ਵਿਸ਼ੈ-ਵਸਤੂ ਵਿਚ ਮਾਤਰਾ ਅਤੇ ਗੁਣ ਪੱਖੋਂ ਬਹੁਤ ਵਾਧਾ ਕਰਨ ਵਿਚ ਮਦਦ ਦਿੱਤੀ।

ਭਾਰਤੀ ਭਾਸ਼ਾਵਾਂ ਅਤੇ ਉਨ੍ਹਾਂ ਦੇ ਸਾਹਿਤ ਵਿਚ ਇਹ ਪ੍ਰਗਤੀ ਅੱਜ ਦੇ ਹੀ ਜੁੱਗ ਵਿਚ ਹੋਈ ਕਿਉਂਕਿ ਭਾਰਤ ਦੇ ਆਰਥਿਕ ਪ੍ਰਬੰਧ ਵਿਚ ਯੂਰਪ ਦੇ ਪੂੰਜੀਪਤੀਆਂ ਦੇ ਦਾਖਲੇ ਅਤੇ ਉਨ੍ਹਾਂ ਵਿਚੋਂ ਸੱਭ ਤੋਂ ਵੱਧ ਸ਼ਕਤੀਸ਼ਾਲੀ ਬਰਤਾਨਵੀ ਪੂੰਜੀਪਤੀਆਂ ਵੱਲੋਂ ਭਾਰਤੀ ਸ਼ਾਸਕਾਂ ਉੱਤੇ ਅੰਤਿਮ ਜਿੱਤ ਦੇ ਨਾਲ ਹੀ ਭਾਰਤੀ ਅਰਥ-ਵਿਵਸਥਾ ਉਹੋ ਜਿਹੀ ਆਤਮ-ਨਿਰਭਰ ਪੇਂਡੂ ਅਰਥ-ਵਿਵਸਥਾ ਨਹੀਂ ਸੀ ਰਹੀ ਜਿਹੋ ਜਿਹੀ ਸਦੀਆਂ ਤੋਂ ਚੱਲੀ ਆ ਰਹੀ ਸੀ। ਵਿਸ਼ਵ ਮੰਡੀ ਦੇ ਵਿਕਾਸ ਨੇ ਅਤੇ ਭਾਰਤੀ ਪੇਂਡੂ ਸਮਾਜ ਦੇ ਵਿਸ਼ਵ ਮੰਡੀ ਵਿਚ ਹੌਲੀ-ਹੌਲੀ ਪਰ ਨਿਸ਼ਚਤ ਰੂਪ ਵਿਚ ਸ਼ਾਮਲ ਹੋਣ ਨੇ ਭਾਰਤੀ ਪੇਂਡੂ ਸਮਾਜ ਦੇ ਆਤਮ-ਨਿਰਭਰ ਖਾਸੇ ਨੂੰ ਨਸ਼ਟ ਕਰ ਦਿੱਤਾ ਸੀ ਜਿਹੜਾ ਉਸ ਵੇਲੇ ਵਿਕਸਤ ਹੋ ਰਹੇ

ਵਿਸ਼ਵਪੂੰਜੀਵਾਦੀ ਸਮਾਜ ਦਾ ਇਕ ਹਿੱਸਾ ਬਣਦਾ ਜਾ ਰਿਹਾ ਸੀ ।

ਇਸ ਸਭ ਕੁਝ ਦਾ ਸਾਹਿਤ ਵਿਚ ਪ੍ਰਤੀਬਿੰਬਤ ਹੋਣਾ ਸੁਭਾਵਕ ਹੀ ਸੀ । ਤੇਜ਼ੀ ਨਾਲ ਵਿਕਸਤ ਹੋ ਰਹੇ ਵਿਸ਼ਵ ਪੂੰਜੀਵਾਦੀ ਸਮਾਜ ਦੀਆਂ ਸਾਰੀਆਂ ਭਾਸ਼ਾਵਾਂ ਦੇ ਪ੍ਰਮੁੱਖ ਲੇਖਕ ਦੀਆਂ ਰਚਨਾਵਾਂ ਨੂੰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ । ਉਨ੍ਹਾਂ ਲੇਖਕਾਂ ਨੇ ਭਾਰਤੀ ਲੇਖਕਾਂ ਦੀ ਨਵੀਂ ਪੀੜ੍ਹੀ ਨੂੰ ਪ੍ਰਭਾਵਤ ਕੀਤਾ । ਭਾਰਤੀ ਸਾਹਿਤ ਦੀ ਦੁਨੀਆਂ ਨੇ ਜਾਤਪਾਤ ਉੱਤੇ ਆਧਾਰਿਤ ਹਿੰਦੂ ਸਮਾਜ ਅਤੇ ਉਸਦੇ ਸਭਿਆਚਾਰ ਤੋਂ ਉਦੋਂ ਹੀ ਛੁਟ-ਕਾਰਾ ਪਾਇਆ ਜਦੋਂ ਉਸਦਾ ਆਰਥਿਕ ਆਧਾਰ—ਕੁਦਰਤੀ ਅਰਥਤੰਤਰ ਦੇ ਨਾਲ ਨਾਲ ਆਤਮ-ਨਿਰਭਰ ਪੇਂਡੂ ਅਰਥ-ਵਿਵਸਥਾ—ਬਦੇਸ਼ੀ ਪੂੰਜੀਵਾਦ ਦੇ ਹਮਲੇ ਨਾਲ ਤਹਿਸ ਨਹਿਸ ਹੋ ਗਿਆ ।

ਕਿਉਂਕਿ ਸਾਹਿਤ ਅਤੇ ਸਭਿਆਚਾਰ ਦੇ ਹੋਰ ਖੇਤਰਾਂ ਵਿਚ ਆਏ ਅਨੇਕ ਉਭਾਰਾਂ ਦੇ ਪਿੱਛੇ ਬਦੇਸ਼ੀ ਪੂੰਜੀਵਾਦ ਹੀ ਚਾਲਕ ਸ਼ਕਤੀ ਦੇ ਰੂਪ ਵਿਚ ਸੀ, ਇਸ ਲਈ ਭਾਰਤ ਵਿਚ ਨਵਾਂ ਸਾਹਿਤ ਅਤੇ ਸਭਿਆਚਾਰ ਉਸ ਤਰ੍ਹਾਂ ਪ੍ਰਗਤੀਸ਼ੀਲ ਨਹੀਂ ਰਹਿ ਸਕਿਆ ਜਿਸ ਤਰ੍ਹਾਂ ਉਭਰਦੇ ਹੋਏ ਪੂੰਜੀਵਾਦੀ ਸਮਾਜ ਵਾਲੇ ਦੇਸ਼ਾਂ ਦਾ ਆਪਣਾ ਸਾਹਿਤ ਅਤੇ ਸਭਿਆ-ਚਾਰ ਪ੍ਰਗਤੀਸ਼ੀਲ ਸੀ । ਭਾਰਤ ਵਿਚ ਨਵੇਂ ਪੂੰਜੀਵਾਦੀ ਸਾਹਿਤ ਅਤੇ ਸਭਿਆਚਾਰ ਪਿੱਛੇ ਬਦੇਸ਼ੀ ਜਾਂ ਬਦੇਸ਼ ਵਿਚ ਸਿਖਿਆ ਪ੍ਰਾਪਤ ਬੁੱਧੀਜੀਵੀ ਹੀ ਮੁੱਖ ਸ਼ਕਤੀ ਸਨ । ਇਸ ਲਈ ਉਹ ਉਸ ਸਭ ਕੁਝ ਦੀ ਨਿੰਦਾ ਕਰਨ ਵਿਚ ਜ਼ਿਆਦਾ ਦਿਲਚਸਪੀ ਰੱਖਦੇ ਸਨ ਜੋ ਕੁੱਝ ਭਾਰਤੀ ਸੀ, ਉਸਨੂੰ ਉਹ 'ਜਾਂਗਲੀ' ਜਾਂ 'ਅਸੱਭਿਆ' ਕਹਿਕੇ ਛੁਟਿਆਂਦੇ ਸਨ । ਉਹ ਸਦੀਆਂ ਤੋਂ ਭਾਰਤ ਦੇ ਲੋਕਾਂ ਵੱਲੋਂ ਦਿੱਤੇ ਗਏ ਮਹਾਨ ਯੋਗਦਾਨ ਨੂੰ ਅਣਡਿੱਠ ਕਰਨ ਦੀ ਕੋਸ਼ਿਸ਼ ਕਰਦੇ ਸਨ ਅਤੇ ਸਾਮਰਾਜਵਾਦ ਦੀ ਵਿਚਾਰਧਾਰਾ ਨੂੰ 'ਜਾਂਗਲੀਪੁਣੇ' ਤੋਂ ਭਾਰਤ ਨੂੰ 'ਮੁਕਤ ਕਰਵਾਉਣ ਵਾਲੀ' ਕਰਾਰ ਦੇਂਦੇ ਸਨ ।

ਇਸਦੇ ਦੂਜੇ ਪਹਿਲੂ ਦਾ ਅਰਥਾਤ ਉਸ ਝੂਠੇ 'ਰਾਸ਼ਟਰਵਾਦ' ਦਾ ਹੋਂਦ ਵਿਚ ਆਉਣਾ ਸੁਭਾਵਕ ਹੀ ਸੀ, ਜਿਹੜਾ, ਜਿਸ ਤਰ੍ਹਾਂ ਪਹਿਲਾਂ ਕਿਹਾ ਵੀ ਜਾ ਚੁੱਕਾ ਹੈ, ਖੜੋਤ-ਗ੍ਰਸਤ ਅਤੇ ਪਤਨਸ਼ੀਲ ਤੱਤਾਂ ਵੱਲੋਂ ਕੀਤੇ ਗਏ ਨੁਕਸਾਨ ਨੂੰ ਦੇਖ ਸਕਣ ਵਿਚ ਅਸਫਲ ਰਿਹਾ । ਜਿਹੜੇ 'ਸੁਨਹਿਰੀ' ਭਾਰਤੀ ਸਭਿਆਚਾਰ ਦੇ ਅੰਦਰ ਪੈਦਾ ਹੋ ਗਏ ਸਨ । ਸੰਖੇਪ ਵਿਚ, ਇਹ ਉਹ ਹੀ 'ਰਾਸ਼ਟਰਵਾਦ' ਸੀ ਜਿਹੜਾ ਉਨ੍ਹਾਂ ਸਾਮਰਾਜਵਾਦੀ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੀਆਂ ਰਚਨਾਵਾਂ ਤੋਂ ਜਨਮਿਆਂ ਸੀ ਜਿਨ੍ਹਾਂ ਨੇ ਨਾ ਕੇਵਲ ਪ੍ਰਾਚੀਨ ਹਿੰਦੂ ਸਮਾਜ ਦਾ ਆਦਰਸ਼ੀਕਰਨ ਹੀ ਕੀਤਾ ਸੀ ਬਲਕਿ ਜਿਨ੍ਹਾਂ ਨੇ ਹਿੰਦੂ, ਮੁਸਲਿਮ ਅਤੇ ਬਰ-ਤਾਨਵੀ, ਭਾਰਤ ਵਰਗੇ ਨਕਲੀ ਤਿੰਨ ਜੁਗਾਂ ਦੀ ਸਿਰਜਣਾ ਵੀ ਕੀਤੀ, ਉਸਨੂੰ ਪੂਰਵ ਪੂੰਜੀਵਾਦੀ ਕਾਲਾਂ ਦੇ ਰੂਪ ਵਿਚ ਨਹੀਂ ਵੰਡਿਆ ।

ਇਸ ਦੌਰਾਨ; ਇਕ ਇਹੋ ਜਿਹੀ ਵਿਚਾਰਧਾਰਾਤਮਕ ਸ਼ਕਤੀ ਨੇ ਵੀ ਜਨਮ ਲੈ ਲਿਆ ਜਿਹੜੀ ਇਨ੍ਹਾਂ ਦੋਹਾਂ ਰੁਝਾਨਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਿਬੜਣ ਦੇ ਯੋਗ ਸੀ । ਇਹ ਸ਼ਕਤੀ ਅੰਤਰਰਾਸ਼ਟਰੀ ਮਜ਼ਦੂਰ ਜਮਾਤ ਦੀ ਉਸ ਵਿਚਾਰਧਾਰਾ ਦੀ ਸ਼ਕਤੀ ਸੀ ਜਿਸਨੂੰ ਮਾਰਕਸ ਅਤੇ ਏਂਗਲਜ਼ ਨੇ ਸਿਰਜਿਆ ਸੀ, ਲੈਨਿਨ ਅਤੇ ਉਸ ਦੇ ਵਾਰਿਸਾਂ ਨੇ ਵਿਕਸਤ



ਕੀਤਾ ਸੀ । ਬਾਅਦ ਵਿਚ ਭਾਰਤ ਵਿਚ ਪੂੰਜੀਵਾਦ ਦੇ ਹੋਰ ਵਿਕਾਸ ਨਾਲ ਹੀ ਮਜ਼ਦੂਰ ਜਮਾਤ ਵੀ ਤੇਜ਼ੀ ਨਾਲ ਵਧੀ, ਇਸ ਲਈ ਇਸ ਦੇ ਅਨੁਸਾਰ ਬੁੱਧੀਜੀਵੀ ਉਚ ਤਬਕੇ ਵਿਚ ਮਾਰਕਸਵਾਦ-ਲੈਨਿਨਵਾਦ ਦੀ ਵਿਚਾਰਧਾਰਾ ਦਾ ਪਸਾਰ ਵੀ ਹੋਇਆ । ਦੂਜੇ ਸ਼ਬਦਾਂ ਵਿਚ, ਵੀਹਵੀਂ ਸਦੀ ਵਿਚ ਦੋ ਸਮਾਨੰਤਰ ਪਰ ਇਕ ਦੂਜੇ ਉੱਤੇ ਨਿਰਭਰ ਸ਼ਕਤੀਆਂ ਦਾ ਵਿਕਾਸ ਵੇਖਣ ਨੂੰ ਮਿਲਦਾ ਹੈ : (1) ਗਿਣਤੀ ਵਿਚ ਵਧਦੀ ਹੋਈ ਅਤੇ ਜਥੇਬੰਦਕ ਰੂਪ ਵਿਚ ਇਕਮੁੱਠ ਹੁੰਦੀ ਹੋਈ ਮਜ਼ਦੂਰ ਜਮਾਤ, (2) ਲੋਕਾਂ ਦੇ ਵਿਭਿੰਨ ਹਿੱਸਿਆਂ ਵਿਚ ਮਾਰਕਸ-ਵਾਦ-ਲੈਨਿਨਵਾਦ ਦੀ ਵਿਚਾਰਧਾਰਾ ਦਾ ਵਧਦਾ ਹੋਇਆ ਪ੍ਰਭਾਵ, ਜਿਹੜਾ ਵਿਸ਼ਵ ਵਿਚ, ਖਾਸ ਕਰਕੇ ਸਾਡੀ ਸਰਹੱਦ ਨਾਲ ਲਗਦੇ ਦੇਸ਼ਾਂ ਵਿਚ, ਸਮਾਜਵਾਦ ਦੀਆਂ ਮਹਾਨ ਜਿੱਤਾਂ ਅਤੇ ਨਾਲ ਹੀ ਭਾਰਤ ਵਿਚ ਖੱਬੇਪੱਖੀ ਜਮਹੂਰੀ ਸ਼ਕਤੀਆਂ ਦੇ ਚੋਣਾਂ ਵਿਚ ਜਿੱਤਣ ਤੋਂ ਹੋਰ ਵੱਧ ਵਧਿਆ ਹੈ ।

ਇਸ ਸੱਚ ਵਿਚ ਉਸ ਖੜੋਤ ਅਤੇ ਪਤਨਸ਼ੀਲ ਸਮਾਜ ਅਤੇ ਸਭਿਆਚਾਰ ਦੇ ਅੰਤਿਮ ਵਿਨਾਸ਼ ਲਈ ਬਾਹਰਮੁਖੀ ਅਤੇ ਅੰਤਰਮੁਖੀ ਪੂਰਵ-ਸਥਿਤੀਆਂ ਮੌਜੂਦ ਹਨ ਜਿਨ੍ਹਾਂ ਨੂੰ ਭਾਰਤੀ ਲੋਕਾਂ ਨੇ ਹਜ਼ਾਰਾਂ ਸਦੀਆਂ ਪੁਰਾਣੇ ਉਸ ਸਮਾਜਕ ਵਿਕਾਸ ਤੋਂ ਲੈ ਕੇ ਹੁਣ ਤੱਕ ਵਿਰਾਸਤ ਵਿਚ ਹਾਸਲ ਕੀਤਾ ਹੈ ਜਿਹੜੀਆਂ ਪੂਰਵ-ਇਤਿਹਾਸਕ ਕਬਾਇਲੀ ਸਮਾਜਾਂ ਦੇ ਖਤਮ ਹੋਣ ਅਤੇ ਜਾਤ ਉੱਤੇ ਆਧਾਰਿਤ ਸਮਾਜ-ਵਿਵਸਥਾ ਦੀ ਆੜ ਵਿਚ ਬਣੇ ਜਮਾਤੀ ਸਮਾਜ ਦੇ ਬਣਨ ਨਾਲ ਸ਼ੁਰੂ ਹੋਈਆਂ ਸਨ । □

[ਪੰਜਾਬੀ ਅਨੁਵਾਦ : ਗੁਰਨਾਇਬ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ]

### ਖ਼ਤਰਾ/ਸ਼ਿਵਨਾਥ

ਇਉਂ ਲਗਦਾ ਹੈ, ਹੁਣ ਤਾਂ ਸਾਨੂੰ, ਸਦੀਆਂ ਬੀਤ ਗਈਆਂ ਨੇ ਹੱਸਿਆਂ !
ਸਦੀਆਂ ਬੀਤ ਗਈਆਂ, ਦਿਲ ਦੀ, ਇਕ ਦੂਜੇ ਨੂੰ ਗੱਲ ਸੁਣਾਇਆਂ ।
ਕੱਠੇ ਬਹਿ ਕੇ ਮਨ ਪਰਚਾਇਆਂ, ਇਕ ਦੂਜੇ ਦੀ ਪੀੜ ਵੰਡਾਇਆਂ !
ਹੱਸਦੇ ਹਾਂ ਪਰ ਇਉਂ ਲਗਦਾ ਹੈ
ਜਿਵੇਂ ਅਸਾਡੀ ਆਪਣੀ ਹਰਕਤ ਹੈ ਸਾਡੇ ਸੰਗ ਝੂਠ ਬੋਲਦੀ !
ਇਕ ਦੂਜੇ ਤੋਂ ਓਹਲਾ ਕਰ-ਕੇ, ਸਭ ਕੁਝ ਦਸਦੇ, ਮਨ ਪਰਚਾਂਦੇ ।
ਇਕ ਦੂਜੇ ਤੋਂ ਪੀੜ ਛੁਪਾਂਦੇ ।
ਇਉਂ ਲਗਦਾ ਹੈ ਹੁਣ ਤਾਂ ਸਾਨੂੰ ਸਦੀਆਂ ਬੀਤ ਗਈਆਂ ਨੇ,
ਆਪਣੇ ਅੰਦਰ ਤੱਕਿਆਂ, ਚਾਨਣ ਦੇ ਸੰਗ ਅੱਖ ਮਿਲਾਇਆਂ ।
ਆਪਣੇ ਦਿਲ ਦੀ ਗੱਲ ਸੁਣਾਇਆਂ ।
ਸੋਚ ਰਿਹਾ ਹਾਂ ਇਸ ਉਲਝਣ 'ਚੋਂ, ਜੇ ਕਰ ਬਾਹਰ ਅਸੀਂ ਨਾ ਆਏ
ਜੀਵਨ ਜਾਚ ਭੁਲਾ ਬੈਠਾਂਗੇ ! ਆਪਣੀ ਹੋਂਦ ਗਵਾ ਬੈਠਾਂਗੇ !! □

[327, ਫੇਜ਼-6, ਮੁਹਾਲੀ]

# ਪੰਜਾਬੀ ਨਾਟਕ ਦੇ ਕਾਵਿ-ਸ਼ਾਸਤਰ ਦੀ ਤਲਾਸ਼

ਸਤੀਸ਼ ਕੁਮਾਰ ਵਰਮਾ

ਪੰਜਾਬੀ ਨਾਟਕ ਦੇ ਕਾਵਿ-ਸ਼ਾਸਤਰ ਨੂੰ ਜਾਨਣ-ਸਮਝਣ ਦਾ ਉਪਕ੍ਰਮ ਅਜੋਕੀ ਨਾਟ-ਸਮੀਖਿਆ-ਚੇਤਨਾ ਦੇ ਪ੍ਰਸੰਗ ਵਿਚ ਮਹੱਤਵਪੂਰਨ ਹੈ। ਪਿਛਲੇ ਸਮੇਂ ਦੌਰਾਨ ਜਿਥੇ ਪੰਜਾਬੀ ਜਗਤ ਵਿਚ ਨਾਟ-ਰਚਨਾ ਦੇ ਖੇਤਰ ਵਿਚ ਗਤੀਸ਼ੀਲਤਾ ਆਈ ਹੈ ਅਤੇ ਪੰਜਾਬ ਵਿਚ ਥੀਏਟਰ-ਲਹਿਰ ਉਸਰਨ ਨਾਲ ਪੰਜਾਬੀ ਨਾਟਕਕਾਰੀ ਕਿਸੇ ਨਵੀਂ ਖੜੋਤ ਦੀ ਸੰਭਾਵਨਾ ਤੋਂ ਮੁਕਤ ਹੋਈ ਹੈ ਉਥੇ ਨਾਟ-ਸਮੀਖਿਆ ਦੇ ਪ੍ਰਸੰਗ ਵਿਚ ਹਾਲੇ ਚੇਤਨਾ ਦਾ ਮੁੱਢਲਾ ਪੜਾਅ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਪੰਜਾਬੀ ਵਿਚ ਨਾਟ-ਸਮੀਖਿਆ ਨੂੰ ਗੰਭੀਰਤਾ ਨਾਲ ਸਵੀਕਾਰਨ ਅਤੇ ਨਾਟਕ ਦੇ ਰੰਗਮੰਚੀ ਸਰੋਕਾਰਾਂ ਨੂੰ ਪਛਾਣਨ ਹਿਤ ਸੂਤਰਬੱਧ ਪਰੰਪਰਾ ਦੀ ਅਣਹੋਂਦ ਕਾਰਨ ਹੀ ਪੰਜਾਬੀ ਨਾਟਕ ਦੇ ਕਾਵਿ-ਸ਼ਾਸਤਰ ਦੀ ਤਲਾਸ਼ ਵਰਗੇ ਅਹਿਮ ਮਸਲੇ ਹਾਲੇ ਵੀ ਅਣਸੁਲਝੇ ਪਏ ਹਨ। ਇਹੀ ਕਾਰਨ ਹੈ ਕਿ ਕੁਝ ਇਕ ਅਪਵਾਦ ਛੱਡਕੇ ਪੰਜਾਬੀ ਵਿਚ ਨਾਟ-ਸਮੀਖਿਆ ਦੇ ਪ੍ਰਸੰਗ ਵਿਚ ਸਾਰਥਿਕ ਸਿੱਟਿਆਂ ਦੀ ਪ੍ਰਾਪਤੀ ਦੀ ਮਾਤਰਾ ਘੱਟ ਹੈ ਅਤੇ ਪੰਜਾਬੀ ਨਾਟ-ਸਮੀਖਿਆ ਦਾ ਨਿਵੇਕਲਾ ਮੁਹਾਂਦਰਾ ਸਪਸ਼ਟ ਨਹੀਂ ਹੋ ਸਕਿਆ ਇਸ ਦੇ ਸਿੱਟੇ ਵਜੋਂ ਪੰਜਾਬੀ ਨਾਟਕ ਦੀ ਵਿਲੱਖਣਤਾ, ਸਥਿਤੀ, ਸਮੱਸਿਆਵਾਂ, ਸੀਮਾਵਾਂ ਅਤੇ ਸੰਭਾਵਨਾਵਾਂ ਦਾ ਜਾਇਜ਼ਾ ਲੈਣ ਹਿਤ ਪੰਜਾਬੀ ਨਾਟਕ ਦੀ ਨਿਰੋਲ 'ਆਪਣੀ' ਪਛਾਣ ਵੀ ਸਥਾਪਿਤ ਨਹੀਂ ਹੋ ਸਕੀ। ਪੰਜਾਬੀ ਨਾਟਕ ਦਾ ਕਾਵਿ-ਸ਼ਾਸਤਰ ਅਜਿਹੀ ਪਛਾਣ ਦੀ ਤਲਾਸ਼ ਵਿਚ ਹੀ ਨਿਹਿਤ ਹੈ।

'ਕਿਸੇ ਰਚਨਾ ਦਾ ਕਾਵਿ-ਸ਼ਾਸਤਰ ਲੱਭਣ ਦਾ ਅਰਥ ਹੈ ਉਸਦੇ ਰਚਨਾ-ਸੰਗਠਨ ਵਿਚ ਕਾਰਜਸ਼ੀਲ ਨੇਮਾਂ ਅਤੇ ਸੰਗਠਨ-ਸਿਧਾਂਤਾਂ ਨੂੰ ਖੋਜਣਾ ਅਤੇ ਉਨ੍ਹਾਂ ਨੂੰ ਇਕ ਨਿਆਇਯੁਕਤ ਪ੍ਰਬੰਧ ਵਿਚ ਪੇਸ਼ ਕਰਨਾ'। ਪੰਜਾਬੀ ਨਾਟਕ ਦੇ ਪ੍ਰਸੰਗ ਵਿਚ ਅਜਿਹੀ ਖੋਜ ਅਤੇ ਪੇਸ਼ਕਾਰੀ ਦੀ ਪ੍ਰਾਸੰਗਿਕਤਾ ਅਤੇ ਸਾਰਥਿਕਤਾ ਦੀ ਤਲਾਸ਼ ਵਿਚ ਸਭ ਤੋਂ ਪਹਿਲਾ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਪੰਜਾਬੀ ਨਾਟਕ ਦਾ ਆਪਣਾ ਪਿਛੋਕੜ ਕੀ ਹੈ? ਜਾਂ ਉਹ ਕਿਹੜੀਆਂ ਵਿਧੀਆਂ ਅਤੇ ਰੂਪ ਹੋ ਸਕਦੇ ਹਨ ਜਿਨ੍ਹਾਂ ਵਿਚਲੇ ਨਾਟਕੀ ਤੱਤਾਂ ਨੂੰ ਪੰਜਾਬੀ ਨਾਟਕ ਦੇ ਬੀਜ ਰੂਪ ਵਿਚ ਪਛਾਣਿਆ ਜਾ ਸਕਦਾ ਹੈ। ਅਜਿਹੇ ਤਿੰਨ ਪੱਖ ਵਿਚਾਰੇ ਜਾ ਸਕਦੇ ਹਨ:

1 ਲੋਕ ਨਾਟ-ਰੂਪ (ਨਕਲ, ਰਾਸ, ਰਾਮ ਲੀਲ੍ਹਾ, ਪੁਤਲੀ ਨਾਟ, ਸਾਂਗ, ਤਮਾਸ਼ਾ ਆਦਿ।)

2 ਲੋਕ ਪ੍ਰਸਿੱਧ ਕਾਵਿ-ਰੂਪ—ਝਗੜੇ ਜਾਂ ਜੰਝਾਂ

3 ਵਾਰ

ਇਨ੍ਹਾਂ ਤਿੰਨਾਂ ਨੂੰ ਪਰੰਪਰਾ ਦੇ ਰੂਪ ਵਿਚ ਲੜੀਵਾਰ ਸਵੀਕਾਰਦਿਆਂ ਸਭ ਤੋਂ ਪਹਿਲਾਂ ਲੋਕ ਨਾਟ-ਰੂਪਾਂ ਨੂੰ ਲਿਆ ਜਾ ਸਕਦਾ ਹੈ ਜਿਹੜੇ ਪੰਜਾਬ ਵਿਚ ਪ੍ਰਚਲਿਤ ਰਹੇ



ਹਨ। ਨਕਲਾਂ ਦੀ ਇਕ ਭਰਵੀਂ ਪਰੰਪਰਾ, ਵਿਸ਼ੇਸ਼ ਕਰ 1947 ਤੋਂ ਪਹਿਲਾਂ ਪੰਜਾਬ, ਵਿਚ ਵਿਦਮਾਨ ਰਹੀ (ਭਾਵੇਂ ਅੰਸ਼ਕ ਰੂਪ ਵਿਚ ਦੁਆਬੇ ਵਿਚ ਹੁਣ ਵੀ ਹੈ)। ਰਾਮ ਲੀਲਾ ਦਾ ਮਾਧਿਅਮ ਭਾਵੇਂ ਹਿੰਦੀ/ਹਿੰਦੁਸਤਾਨੀ ਭਾਸ਼ਾ ਹੈ ਤੇ ਸ਼ੈਲੀ ਪੱਖੋਂ ਵੀ ਇਹ ਪਾਰਸੀ ਥੀਏਟਰ ਦੀ ਹੀ ਪ੍ਰਤੀਰੂਪ ਹੈ, ਪਰੰਤੂ ਇਕ ਖਾਸ ਕਿਸਮ ਦੇ ਰੈਗੂਲਰ-ਥੀਏਟਰ ਦੇ ਰੂਪ ਵਿਚ ਇਸ ਨੂੰ ਪਛਾਣਿਆ ਜਾ ਸਕਦਾ ਹੈ। ਇਵੇਂ ਤਰ੍ਹਾਂ ਰਾਸ, ਪੁਤਲੀ ਨਾਟ, ਤਮਾਸ਼ਾ, ਸਾਂਗ ਤੇ ਹੋਰ ਕਈ ਰੂਪ ਪੰਜਾਬ ਦੇ ਜਨਜੀਵਨ ਦਾ ਹਿੱਸਾ ਰਹੇ ਹਨ। ਦੂਜੇ ਪਾਸੇ ਲੋਕ ਪ੍ਰਸਿੱਧ ਕਾਵਿ-ਰੂਪ ਜੰਝਾਂ ਜਾਂ ਝਗੜੇ ਹਨ ਜਿੰਨ੍ਹਾਂ ਵਿਚ ਪੰਜਾਬੀ ਨਾਟਕ ਦੀ 'ਫਾਰਮ' ਦੇ ਤੱਤ ਲੁਕੇ ਹੋਏ ਹਨ। ਇਸੇ ਪ੍ਰਸੰਗ ਵਿਚ ਮਧਕਾਲੀਨ ਕਾਵਿ-ਰੂਪ 'ਵਾਰ' ਨੂੰ ਵੀ ਵਿਚਾਰਿਆ ਜਾ ਸਕਦਾ ਹੈ ਜਿਸਦੇ ਕਾਵਿ-ਸੰਗਠਨ ਦੇ ਤੱਤਾਂ (ਮੰਗਲਾਚਰਣ, ਸ਼ੰਕਾ ਪੱਖ, ਸੰਘਰਸ਼ ਪੱਖ, ਸਮਾਧਾਨ ਪੱਖ, ਮਹਾਤਮ) ਨੂੰ ਇਕ ਨਾਟਕੀ ਰੂਪਾਕਾਰ ਦੇ ਜੁਜ਼ਾਂ ਦੇ ਤੌਰ 'ਤੇ ਵਿਚਾਰਿਆ/ਸਵੀਕਾਰਿਆ ਜਾ ਸਕਦਾ ਹੈ।

ਵੇਖਣ ਵਾਲੀ ਗੱਲ ਇਹ ਹੈ ਕਿ ਕੀ ਉਪਰੋਕਤ ਰੂਪਾਂ ਵਿਚਲੇ ਨਾਟਕੀ ਵਿਰਸੇ ਦੀ ਆਧੁਨਿਕ ਪੰਜਾਬੀ ਨਾਟਕ ਦੇ ਨਿਕਾਸ ਤੇ ਵਿਕਾਸ ਵਿਚ ਕੋਈ ਭੂਮਿਕਾ ਹੈ? ਕੀ ਪੰਜਾਬੀ ਨਾਟਕ ਪਰੰਪਰਾ ਵਿਚ ਪਈਆਂ ਇਨ੍ਹਾਂ ਨਾਟਕੀ ਰੁੜ੍ਹੀਆਂ ਨੂੰ ਅੰਗੀਕਾਰ ਕਰਕੇ ਹੋਂਦਸ਼ੀਲ ਹੁੰਦਾ ਹੈ ਜਾਂ ਕਿਸੇ ਹੋਰ ਵਿਧਾ/ਸ਼ੈਲੀ ਦੇ ਪ੍ਰਤਿਰੂਪ ਵਜੋਂ ਉਭਰਦਾ ਹੈ! ਹੁਣ ਤਕ ਦੀ ਪਛਾਣਨਯੋਗ ਪ੍ਰਚਲਿਤ ਸਮੀਖਿਆ ਦੇ ਆਧਾਰ 'ਤੇ ਇਹ ਸਿੱਟਾ ਅਸੀਂ ਮੰਨ ਚੁੱਕੇ ਹਾਂ ਕਿ ਆਧੁਨਿਕ ਪੰਜਾਬੀ ਨਾਟਕ ਦਾ ਪ੍ਰਚਲਨ ਹੋਰ ਨਵੇਂ ਸਾਹਿਤ-ਰੂਪਾਂ ਦੇ ਸਮਾਨਾਂਤਰ ਪੱਛਮੀ ਪ੍ਰਭਾਵ ਅਧੀਨ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਨੋਰ੍ਹਾ ਰਿਚਰਡਜ਼ ਦੀ ਪ੍ਰੇਰਨਾ ਨਾਲ ਆਈ. ਸੀ. ਨੰਦਾ ਦੇ ਨਾਟਕ (ਇਕਾਂਗੀ) 'ਦੁਲਹਨ' (ਸੁਹਾਗ) ਨਾਲ ਹੋਇਆ। ਇਸ ਦੇ ਨਾਲ ਹੀ ਪੰਜਾਬੀ ਵਿਚ ਉਸ ਸਮੇਂ ਦੀ ਪ੍ਰਚਲਿਤ ਪੱਛਮੀ ਨਾਟਧਾਰਾ—ਯਥਾਰਥਵਾਦੀ ਨਾਟ-ਸ਼ੈਲੀ—ਜਿਸਦਾ ਸੰਚਾਲਕ ਨਾਰਵੇ ਦਾ ਨਾਟਕਕਾਰ ਇਬਸਨ ਸੀ, ਦੇ ਪ੍ਰਭਾਵ ਅਧੀਨ ਨਾਟ-ਰਚਨਾ ਦਾ ਨਿਰੰਤਰ ਸਿਲਸਿਲਾ ਤੁਰਿਆ। ਪਹਿਲੀ ਪੀੜ੍ਹੀ ਦੇ ਨਾਟਕਕਾਰਾਂ ਆਈ. ਸੀ. ਨੰਦਾ ਤੋਂ ਇਲਾਵਾ ਹਰਚਰਨ ਸਿੰਘ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ ਅਤੇ ਦੂਜੀ ਪੀੜ੍ਹੀ ਦੇ ਨਾਟਕਕਾਰਾਂ ਸੁਰਜੀਤ ਸਿੰਘ ਸੇਠੀ, ਕਪੂਰ ਸਿੰਘ ਘੁੰਮਣ, ਹਰਸਰਨ ਸਿੰਘ, ਗੁਰਚਰਨ ਸਿੰਘ ਜਸੂਜਾ ਆਦਿ ਦੇ ਮੁਢਲੇ ਨਾਟਕ ਇਸੇ ਪ੍ਰਵਿਰਤੀ ਦੇ ਧਾਰਨੀ ਹਨ। ਇਹ ਪ੍ਰਵਿਰਤੀ ਇਕ ਸਮੱਗਰਤਾ ਨਾਲ 1960 ਤਕ ਕਾਰਜਸ਼ੀਲ ਰਹਿੰਦੀ ਹੈ।

ਪੰਜਾਬੀ ਨਾਟਕ ਵਿਚ ਇਸ ਦੌਰ ਦੀ ਪ੍ਰਤਿਨਿਧਤਾ ਪੱਛਮੀ ਨਾਟ-ਸ਼ਿਲਪ ਦੇ ਅਨੁ-ਸਰਣ ਵਾਲਾ ਨਾਟਕ ਹੀ ਕਰਦਾ ਹੈ, ਇਸ ਉਪਰੰਤ 1960 ਤੋਂ ਬਾਅਦ ਪੱਛਮ ਦੀਆਂ ਹੋਰ ਨਵੀਆਂ ਸ਼ੈਲੀਆਂ ਦੇ ਪ੍ਰਭਾਵ ਅਧੀਨ ਬਰੈਖਤ ਦਾ ਐਪਿਕ ਥੀਏਟਰ, ਆਰਤੋ ਦਾ ਹੰਗਾਮੀ ਥੀਏਟਰ ਅਤੇ ਬੈਕਟ ਦਾ 'ਥੀਏਟਰ ਆਫ ਦਾ ਐਬਸਰਡ' ਅੰਸ਼ਕ ਰੂਪ ਵਿਚ ਪੰਜਾਬੀ ਨਾਟਕ ਦੇ ਪ੍ਰਸੰਗ ਵਿਚ ਸਥਾਨ ਗ੍ਰਹਿਣ ਕਰਦੇ ਹਨ। ਇਨ੍ਹਾਂ ਵਿਚੋਂ ਬਰੈਖ਼ਤ ਦੇ 'ਐਪਿਕ ਥੀਏਟਰ' ਦੇ ਅਸਰ ਹੇਠ ਪੰਜਾਬੀ ਨਾਟਕ ਭਾਰਤੀ ਕਲਾਸਿਕ ਨਾਟਕ ਅਤੇ ਲੋਕ-ਨਾਟ ਦੀਆਂ ਕੁਝ ਵਿਧੀਆਂ ਨੂੰ ਵਰਤਣ ਵੱਲ ਰੁਚਿਤ ਹੁੰਦਾ ਹੈ ਜਿਸ ਅਧੀਨ ਕਥਾਕਾਰ, ਨਟ ਨਟੀ,

ਸੂਤਰਧਾਰ ਤੇ ਅਜਿਹੇ ਕੁਝ ਹੋਰ ਜੁਜ਼ਾਂ ਦੀ ਵਰਤੋਂ ਰਾਹੀਂ ਨਾਟਕ ਵਿਚ ਯਥਾਰਥਵਾਦੀ ਨਾਟ-ਸ਼ੈਲੀ ਦੀ 'ਯਥਾਰਥ ਦਾ ਭਰਮ ਸਿਰਜਣ ਵਾਲੀ ਬਿਰਤੀ' ਦੀ ਥਾਂ 'ਵਿੱਥ' ਸਿਰਜਣ ਦਾ ਉਪਰਾਲਾ ਕੀਤਾ ਜਾਂਦਾ ਹੈ।

ਮੁੜ ਪੰਜਾਬੀ ਨਾਟਕ ਵਿਚ ਤੀਜੀ ਪੀੜ੍ਹੀ ਦੇ ਨਾਟਕਕਾਰਾਂ ਆਤਮਜੀਤ, ਅਜਮੇਰ ਔਲਖ ਤੇ ਗੁਰਸ਼ਰਨ ਸਿੰਘ ਦੇ ਨਾਟਕਾਂ ਰਾਹੀਂ ਕੁਝ ਨਵੇਂ ਵਿਧਾਗਤ ਲੱਛਣ ਉਘੜਦੇ ਹਨ ਜਿਨ੍ਹਾਂ ਵਿਚ ਲਘੂ ਨਾਟ ਅਤੇ ਨੁਕੜ ਨਾਟਕ ਦਾ ਨਾਂ ਲਿਆ ਜਾ ਸਕਦਾ ਹੈ। ਇਸ ਵਿਚ ਨੁੱਕੜ ਨਾਟਕ ਅੰਸ਼ਕ ਤਰ 'ਤੇ ਲੋਕ ਨਾਟ-ਰੂਪ ਨਕਲਾਂ ਦੇ ਵਿਅੰਗ ਤੱਤ ਨੂੰ ਕਿਸੇ ਹੱਦ ਤਕ ਸਵੀਕਾਰ ਕਰਦਾ ਹੈ। ਗੁਰਸ਼ਰਨ ਸਿੰਘ ਦੇ ਕੁਝ ਨਾਟਕ ਕਰਫ਼ਿਊ', 'ਭੰਡ ਕਨੇਡਾ ਆਏ', ਆਦਿ ਤੋਂ ਇਲਾਵਾ ਦਰਸ਼ਨ ਮਿਤਵਾ ਦਾ 'ਏਧਰ ਉਧਰ ਕਿਥੋਂ ਤਕ', ਰਾਜਿੰਦਰ ਭੋਗਲ ਦਾ 'ਨਕਲਾਂ' ਤੇ ਇਨ੍ਹਾਂ ਸਤਰਾਂ ਦੇ ਲੇਖਕ ਦਾ 'ਟਕੋਰਾਂ' ਇਸ ਪ੍ਰਸੰਗ ਵਿਚ ਵਿਚਾਰੇ ਜਾ ਸਕਦੇ ਹਨ। ਲੇਕਿਨ ਉਪਰੋਕਤ ਵਰਣਨ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਟਕ ਆਪਣੇ ਪਿਛੋਕੜ ਦੇ ਤੌਰ 'ਤੇ ਸਭਿਆਚਾਰ ਵਿਚਲੀਆਂ ਨਾਟਕੀ ਜੁਗਤਾਂ ਤੋਂ ਬਹੁਤਾ ਲਾਭਵੰਤ ਨਹੀਂ ਹੋਇਆ।

ਇਸ ਤੋਂ ਅਗਲਾ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਪਿਛੋਕੜ ਵਿਚਲੀਆਂ ਨਾਟਕੀ ਵਿਧੀਆਂ/ਜੁਗਤਾਂ ਨੂੰ ਬੱਝਵੇਂ ਰੂਪ ਵਿਚ ਅੰਗੀਕਾਰ ਕਰਨ ਤੋਂ ਬਿਨਾਂ ਜਿਸ ਰੂਪ ਵਿਚ ਪੰਜਾਬੀ ਨਾਟਕ ਵਿਕਸਿਤ ਹੋਇਆ, ਉਸ ਦੀ ਪਹਿਚਾਣ ਕੀ ਹੈ ਭਾਵ ਉਸ ਦਾ ਉਘੜਵਾਂ ਚਰਿੱਤਰ ਕੀ ਹੈ?

ਪੰਜਾਬੀ ਨਾਟਕ ਦੇ ਸਮੁੱਚੇ ਪਰਿਦ੍ਰਿਸ਼ ਵੱਲ ਝਾਤ ਮਾਰੀਏ ਤਾਂ ਇਸ ਦਾ ਸਭ ਤੋਂ ਉਘੜਵਾਂ ਲੱਛਣ ਨਾਟ-ਵਸਤੂ ਦੇ ਪੱਖ ਤੋਂ ਸਮਾਜਕ ਚੇਤਨਾ ਦੇ ਵਿਹਾਰਕ ਪਾਸਾਰਾਂ ਨਾਲ ਸੰਬੰਧਿਤ ਹੋਣਾ ਹੈ। ਨੋਰ੍ਹਾ ਰਿਚਰਡਜ਼ ਦੀ ਪ੍ਰੇਰਨਾ ਨਾਲ ਵਿਕਸਿਤ ਹੋਇਆ ਪੰਜਾਬੀ ਨਾਟਕ ਉਸ ਵੇਲੇ ਦੀ ਆਇਰਸ਼ ਨਾਟ-ਪਰੰਪਰਾ ਦੇ ਪ੍ਰਭਾਵ ਹੇਠ ਜਨ-ਚੇਤਨਾ ਦਾ ਵਾਹਕ ਬਣਨ ਹਿਤ ਕ੍ਰਿਆਸ਼ੀਲ ਸੀ। ਇਹੀ ਕਾਰਨ ਹੈ ਕਿ ਭਾਵੇਂ ਕੁਝ ਸਥਿਤੀਆਂ ਕਾਰਨ ਇਹ ਨਾਟਕ ਸਿੱਧੇ ਰੂਪ ਵਿਚ ਸਰਕਾਰ-ਵਿਰੋਧੀ ਚਰਿੱਤਰ ਨਾ ਧਾਰਨ ਕਰ ਸਕਿਆ। ਪਰ ਇਸ ਦੀ ਨਾਟ-ਵਸਤੂ ਸਾਮਿਅਕ ਯਥਾਰਥ ਦੀ ਸਮਾਜ-ਸੁਧਾਰਕ ਪੇਸ਼ਕਾਰੀ 'ਤੇ ਆਧਾਰਿਤ ਸੀ। ਆਈ. ਸੀ. ਨੰਦਾ ਅਤੇ ਹਰਚਰਨ ਸਿੰਘ ਦੇ ਬਹੁਤੇ ਨਾਟਕ ਇਸ ਪ੍ਰਸੰਗ ਵਿਚ ਵਿਚਾਰੇ ਜਾ ਸਕਦੇ ਹਨ। ਪੰਜਾਬੀ ਨਾਟਕ ਦਾ ਇਹ ਲੱਛਣ ਹੁਣ ਤੱਕ ਕਿਸੇ ਨਾ ਕਿਸੇ ਤਰ੍ਹਾਂ ਉਘੜਵੇਂ ਰੂਪ ਵਿਚ ਪ੍ਰਤੱਖ ਨਜ਼ਰ ਆਉਂਦਾ ਹੈ। ਤੀਜੀ ਪੀੜ੍ਹੀ ਦੇ 'ਵੱਡੇ ਨਾਟਕਾਂ' ਦੇ ਰਚਨਹਾਰ ਚਰਨ ਦਾਸ ਸਿੱਧੂ ਦੇ ਤਕਰੀਬਨ ਸਾਰੇ ਹੀ ਨਾਟਕ (ਭਜਨੋ, ਇੰਦੂਮਤੀ ਸਤਿਦੇਵ, ਅੰਬੀਆਂ ਨੂੰ ਤਰਸੇਂਗੀ, ਬਾਬਾ ਬੰਤੂ, ਕਲ੍ਹ ਕਾਲਿਜ ਬੰਦ ਰਵ੍ਹੇਗਾ, ਭਾਈਆ ਹਾਕਮ ਸਿਹੁੰ ਆਦਿ) ਇਸ ਚਰਿੱਤਰ ਦੇ ਧਾਰਨੀ ਹਨ ਜਿਨ੍ਹਾਂ ਵਿਚ ਕਿਸੇ ਜਲਵੰਤ ਸਮਾਜਕ ਸਮੱਸਿਆ ਨੂੰ ਲੈ ਕੇ ਉਸ ਦੇ ਵੱਖ ਵੱਖ ਪਾਸਾਰਾਂ ਨੂੰ ਖੋਲ੍ਹ ਕੇ ਕਿਸੇ ਸੁਧਾਰਕ ਸਿਖਰ ਵੱਲ ਸੰਕੇਤ ਕੀਤਾ ਜਾਂਦਾ ਹੈ। ਇਸੇ ਪ੍ਰਸੰਗ ਵਿਚ ਆਤਮਜੀਤ (ਲੋਕ ਨਾਥ ਅਕਲਮੰਦ, ਹਵਾ ਮਹਿਲ, ਵੀਹ ਤੀਹ ਸੋਲਾਂ ਆਦਿ) ਅਤੇ ਅਜਮੇਰ ਔਲਖ (ਬੇਗਾਨੇ ਬੋਹੜ ਦੀ ਛਾਂ, ਬਹਿਕਦਾ ਰੋਹ ਆਦਿ) ਦੇ ਨਾਟਕਾਂ ਦੀ ਵੀ ਪ੍ਰਾਸੰਗਿਕਤਾ ਹੈ ਜਿਨ੍ਹਾਂ ਵਿਚ ਨਾਟ-ਵਸਤੂ ਦਾ ਕੇਂਦਰ ਸਮਾਜਕ ਢਾਂਚੇ ਦੀਆਂ ਕਮਜ਼ੋਰੀਆਂ ਹਨ ਅਤੇ ਇਨ੍ਹਾਂ ਨਾਟਕਾਂ ਦਾ ਉਸਾਰ ਉਨ੍ਹਾਂ ਕਮਜ਼ੋਰੀਆਂ ਨੂੰ ਖੋਲ੍ਹਣ ਅਤੇ ਕਿਸੇ ਸੰਭਾਵੀ ਹੱਲ ਵੱਲ ਇਸ਼ਾਰਤਨ ਤੋਰਨ ਵਿਚ ਹੈ।

ਇਸੇ ਚਰਿੱਤਰ ਦੇ ਵਿਸਤਾਰ ਦੇ ਰੂਪ ਵਿਚ ਪੰਜਾਬੀ ਨਾਟਕ ਦਾ ਲੱਛਣ ਪਰੰਪਰਾ-ਭੰਜਨ ਦਾ ਹੈ। ਜਿਸ ਸਮੇਂ ਪੰਜਾਬੀ ਦੇ ਹੋਰ ਸਾਹਿਤ-ਰੂਪਾਂ ਖਾਸ ਕਰ ਗਲਪ ਵਿਚ ਆਦਰਸ਼ਕ ਚਿਤਰਣ ਦਾ ਜ਼ੋਰ ਸੀ, ਉਸੇ ਵੇਲੇ ਆਈ. ਸੀ. ਨੰਦਾ ਰਚਿਤ ਪੰਜਾਬੀ ਦਾ ਪਹਿਲਾ ਵੱਡਾ ਨਾਟਕ 'ਸੁਭੱਦਰਾ' (1920) ਪਰੰਪਰਾ ਦਾ ਮੂਲੋਂ ਭੰਜਨ ਕਰਕੇ ਵਿਧਵਾ ਵਿਆਹ ਦੇ ਹੱਕ ਵਿਚ ਭੁਗਤਦਾ ਹੈ। ਪਰੰਪਰਾ-ਭੰਜਨ ਦੀ ਪ੍ਰਵਿਰਤੀ ਪੰਜਾਬੀ ਨਾਟਕ ਦੇ ਵਿਕਾਸ ਦੌਰਾਨ ਇਕ ਮਹੱਤਵਪੂਰਨ ਰੁੜ੍ਹੀ ਦੇ ਤੌਰ 'ਤੇ ਮੌਜੂਦ ਰਹਿੰਦੀ ਹੈ। ਬਲਵੰਤ ਗਾਰਗੀ ਦਾ 'ਲੋਹਾ ਕੁੱਟ' (1944) ਇਸ ਦੀ ਜੀਵੰਤ ਉਦਾਹਰਣ ਹੈ। ਇਸੇ ਤਰ੍ਹਾਂ ਹਰਚਰਨ ਸਿੰਘ ਦੇ ਨਾਟਕ 'ਜ਼ੋਭਾ ਸ਼ਕਤੀ' ਨੂੰ ਲਿਆ ਜਾ ਸਕਦਾ ਹੈ। ਅਜਮੇਰ ਔਲਖ ਦੇ ਨਾਟਕ 'ਇਕ ਰਾਮਾਇਣ ਹੋਰ' ਨੇ ਪਰੰਪਰਕ ਮੁੱਲਾਂ ਨੂੰ ਨਵੇਂ ਪ੍ਰਸੰਗਾਂ ਵਿਚ ਵੇਖਣ ਦੀ ਜੁਰਅਤ ਕੀਤੀ ਹੈ। ਪੰਜਾਬੀ ਵਿਚ ਕਾਫੀ ਮਾਤਰਾ ਵਿਚ ਰਚੇ ਗਏ ਸ਼ਤਾਬਦੀ ਨਾਟਕ ਭਾਵੇਂ ਮੁੱਖ ਤੌਰ 'ਤੇ ਸ਼ਰਧਾ-ਮੂਲਕਤਾ ਦੀ ਪਛਾਣ ਵਾਲੇ ਹੀ ਰਹੇ, ਪਰੰਤੂ ਕਿਤੇ ਕਿਤੇ ਪਰੰਪਰਕ ਸੱਚ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਵੇਖਣ ਦਾ ਯਤਨ ਹੋਇਆ ਹੈ। ਹਰਚਰਨ ਸਿੰਘ ਦਾ 'ਇਤਿਹਾਸ ਜੁਆਬ ਮੰਗਦਾ ਹੈ' ਇਸ ਦੀ ਉਦਾਹਰਣ ਬਣ ਸਕਦਾ ਹੈ।

ਪੰਜਾਬੀ ਨਾਟਕ ਦਾ ਇਕ ਹੋਰ ਪ੍ਰਮੁੱਖ ਪਛਾਣ-ਚਿੰਨ੍ਹ ਇਸਦੇ ਚਰਿੱਤਰ ਦਾ ਸੱਤਾ-ਵਿਰੋਧੀ ਹੋਣਾ ਵੀ ਹੈ। ਇਹ ਭਾਵੇਂ ਪੰਜਾਬੀ ਨਾਟਕ ਦੇ ਮੁਢਲੇ ਦੌਰ ਵਿਚ ਪੂਰੀ ਤਰ੍ਹਾਂ ਨਹੀਂ ਹੋ ਸਕਿਆ ਪਰ ਹੌਲੀ ਹੌਲੀ ਇਹ ਚਰਿੱਤਰ ਉਘੜਨਾ ਸ਼ੁਰੂ ਹੋਇਆ। ਪ੍ਰਗਤੀਵਾਦੀ ਲਹਿਰ ਦੇ ਅਸਰ ਹੇਠ ਭਾਵੇਂ ਪੰਜਾਬੀ ਵਿਚ ਗਿਣਤੀ ਦੇ ਪੱਖ ਤੋਂ ਬਹੁਤੀ ਨਾਟ-ਰਚਨਾ ਨਹੀਂ ਹੋਈ ਪਰੰਤੂ ਇਸ ਪ੍ਰਭਾਵ ਦੇ ਸਿੱਟੇ ਵਜੋਂ ਹਰਚਰਨ ਸਿੰਘ ਦੇ 'ਰੱਤਾ ਸਾਲੂ' ਵਰਗੇ ਨਾਟਕ ਨੇ ਵਿਰੋਧ ਦੀ ਸੁਰ ਤਿੱਖੀ ਕੀਤੀ। ਇਸਦੀ ਸਭ ਤੋਂ ਵੱਡੀ ਪ੍ਰਾਪਤੀ ਪੰਜਾਬੀ ਦਾ ਉਪੇਰਾ ਹੈ, ਜੋ ਪੰਜਾਹਵਿਆਂ ਵਿਚ ਸਿਖਰ 'ਤੇ ਸੀ। ਜੋਗਿੰਦਰ ਬਾਹਰਲਾ, ਸ਼ੀਲਾ ਭਾਟੀਆ, ਤੇਰਾ ਸਿੰਘ ਚੰਨ, ਜਗਦੀਸ਼ ਫ਼ਰਿਆਦੀ ਤੇ ਹੁਕਮ ਚੰਦ ਖਲੀਲੀ ਆਦਿ ਨਾਟਕਕਾਰਾਂ/ਰੰਗਕਰਮੀਆਂ ਨੇ ਸੱਤਾ-ਵਿਰੋਧੀ ਨਾਟ-ਲਹਿਰ ਨੂੰ ਜਨਮ ਦਿੱਤਾ। ਇਹ ਪੰਜਾਬੀ ਨਾਟ-ਸਾਹਿਤ ਦਾ ਦੁਖਾਂਤ ਹੈ ਕਿ ਇਸ ਦੌਰ ਦੇ ਨਾਟਕਾਂ (ਉਪੇਰਿਆਂ) ਦੀ ਨਾ ਤਾਂ ਨਾਟਕੀ ਲਿਖਤ ਦੇ ਤੌਰ 'ਤੇ ਸਹੀ ਸੰਭਾਲ ਹੋ ਸਕੀ ਤੇ ਨਾ ਹੀ ਇਸ ਥੀਏਟਰ ਦਾ ਕੋਈ ਸਹੀ ਰਿਕਾਰਡ ਹੋ ਸਕਿਆ ਤੇ ਨਾ ਨਾਟ-ਸਮੀਖਿਆ ਨੇ ਇਸ ਤਹਿਰੀਕ ਦਾ ਮੁਲਾਂਕਣ ਕੀਤਾ। ਨਾਟਕ ਦੇ ਇਸ ਸੱਤਾ-ਵਿਰੋਧੀ ਚਰਿੱਤਰ ਨੂੰ ਤੀਜੀ ਪੀੜ੍ਹੀ ਦੇ ਨਾਟਕਕਾਰਾਂ ਵਿਚੋਂ ਆਤਮਜੀਤ (ਅੰਨ੍ਹੇ ਕਾਣੇ, ਮੁਰਗੀਖਾਨਾ) ਅਤੇ ਅਜਮੇਰ ਔਲਖ (ਭੱਠ ਖੇੜਿਆਂ ਦਾ ਰਹਿਣਾ, ਗਾਨੀ) ਦੇ ਨਾਟਕਾਂ ਨੇ ਉਘਾੜਿਆ ਪਰੰਤੂ ਗੁਰਸ਼ਰਨ ਸਿੰਘ ਦੇ ਨਾਟਕਾਂ ਰਾਹੀਂ ਇਹ ਚਰਿੱਤਰ ਇਕ ਵੱਡੇ ਕੈਨਵਸ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰਸ਼ਰਨ ਸਿੰਘ ਦੇ ਨਾਟਕਾਂ ਵਿਚ ਪਹਿਲੀ ਵਾਰ ਸੱਤਾ ਦੇ ਸਿੱਧੇ ਵਿਰੋਧ ਵਿਚ ਨਾਟ-ਵਸਤੂ ਦਾ ਯਥਾਰਥ ਉਸਰਦਾ ਹੈ। ਇਸ ਸਥਿਤੀ ਵਿਚ

ਮੌਜੂਦਾ ਪੰਜਾਬ ਸੰਕਟ ਦਾ ਵੀ ਵੱਡਾ ਰੋਲ ਹੈ। ਦਰਅਸਲ ਪੰਜਾਬੀ ਨਾਟਕ ਦੇ ਇਸ ਚਰਿੱਤਰ ਦਾ ਉਘੜਵਾਂ ਰੂਪ ਮੌਜੂਦਾ ਪੰਜਾਬ ਸੰਕਟ ਸੰਪੰਨ ਨੌਵੇਂ ਦਹਾਕੇ ਵਿਚ ਹੀ ਸੰਭਵ ਹੋ ਸਕਿਆ। ਗੁਰਸ਼ਰਨ ਸਿੰਘ ਅਤੇ ਉਸਦੇ ਸਾਥੀਆਂ ਦਾ ਨਾਟਕ ਇਸ ਦੌਰ ਵਿਚ ਵਿਕਸਿਤ ਹੁੰਦਾ ਹੋਇਆ ਸੱਤਾ-ਵਿਰੋਧੀ ਨਾਟ-ਲਹਿਰ ਦਾ ਉਪਜਾਇਕ ਵੀ ਬਣਦਾ ਹੈ।

ਪੰਜਾਬੀ ਨਾਟਕ ਦੇ ਉਪਰੋਕਤ ਚਰਿੱਤਰ ਦੇ ਨਿਰਮਾਣ ਲਈ ਪੰਜਾਬੀ ਨਾਟਕ ਮੁੱਢ ਤੋਂ ਹੀ ਵਿਧੀ ਦੀ ਤਲਾਸ਼ ਵਿਚ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਪੰਜਾਬੀ ਨਾਟਕ ਨੇ ਆਪਣੇ ਸਭਿਆਚਾਰਕ ਪਿਛੋਕੜ ਵਿਚਲੀਆਂ ਨਾਟਕੀ ਰੂੜ੍ਹੀਆਂ ਨੂੰ ਵਿਧੀ ਦੇ ਤੌਰ 'ਤੇ ਬਲਸ਼ਾਲੀ ਰੂਪ ਵਿਚ ਨਹੀਂ ਅਪਣਾਇਆ ਪਰੰਤੂ ਆਪਣੀਆਂ ਸੀਮਾਵਾਂ ਤੋਂ ਪਾਰ ਜ ਣ ਦਾ ਯਤਨ ਜ਼ਰੂਰ ਕੀਤਾ ਹੈ। ਪਿਛੇ ਵਰਣਿਤ ਵੱਖ-ਵੱਖ ਵਿਧੀਆਂ ਦੀ ਅੰਸ਼ਕ ਵਰਤੋਂ ਇਸੇ ਯਤਨ ਦੇ ਪੜਾਅ ਮਾਤਰ ਹਨ। ਯਥਾਰਥਵਾਦੀ ਨਾਟ-ਸ਼ੈਲੀ ਤੋਂ ਲੈ ਕੇ ਨੁੱਕੜ ਨਾਟਕ ਤੱਕ ਪੰਜਾਬੀ ਨਾਟਕ ਦੀ 'ਵਿਧੀ ਦੀ ਤਲਾਸ਼' ਜਾਰੀ ਰਹਿੰਦੀ ਹੈ। ਆਪਣੀ 75 (1913-88) ਵਰ੍ਹਿਆਂ ਦੀ ਉਮਰ ਦੇ ਵਿਚ-ਵਿਚ ਪੰਜਾਬੀ ਨਾਟਕ ਪੱਛਮ ਦੀਆਂ ਆਧੁਨਿਕ ਸ਼ੈਲੀਆਂ ਅਤੇ ਸਿਧਾਂਤਾਂ ਦੇ ਸਮਾਨਾਂਤਰ ਤੁਰਦਾ ਹੋਇਆ ਨਵੀਂ ਜ਼ਮੀਨ ਤੋੜਨ ਦੀ ਭਰਪੂਰ ਕੋਸ਼ਿਸ਼ ਕਰਦਾ ਹੈ। ਪਰੰਤੂ ਕੀ ਪੰਜਾਬੀ ਨਾਟਕ ਨਾਟ-ਸੰਗਠਨ ਦੇ ਪੱਖ ਤੋਂ ਆਪਣੀ ਵਿਲੱਖਣਤਾ ਸਿਰਜ ਸਕਿਆ ਹੈ? ਇਹ ਇਕ ਵੱਡਾ ਪ੍ਰਸ਼ਨ ਹੈ। ਇਹ ਪ੍ਰਸ਼ਨ ਦੀ ਮੁਖਰਤਾ ਇਸ ਤੱਥ ਵਿਚ ਵੀ ਵਸੀ ਹੋਈ ਹੈ ਕਿ ਪੰਜਾਬੀ ਨਾਟਕ ਨੂੰ ਸਹੀ ਰੰਗਮੰਚੀ ਪਰਿਪੇਖ ਨਹੀਂ ਮਿਲ ਸਕਿਆ। ਪੰਜਾਬੀ ਵਿਚ ਰੰਗਮੰਚ ਦੀ ਕੋਈ ਭਰਵੀਂ ਪਰੰਪਰਾ ਨਹੀਂ। ਲੋਕ-ਨਾਟ ਦੀ ਪਰੰਪਰਾ ਭਾਵੇਂ ਮੌਜੂਦ ਸੀ ਪਰ ਇਹ ਪਰੰਪਰਾ ਬੰਗਾਲ ਦੀ ਜਾਤਰਾ ਜਾਂ ਗੁਜਰਾਤ ਦੀ ਭਵਾਈ ਵਰਗੇ ਕਿਸੇ ਪ੍ਰੋਫੈਸ਼ਨਲ ਥੀਏਟਰ ਦੇ ਰੂਪ-ਆਕਾਰ ਵਿਚ ਨਹੀਂ ਵਟ ਸਕੀ। ਲਿਹਾਜ਼ਾ ਪੰਜਾਬੀ ਦਾ ਵਿਸ਼ਿਸ਼ਟ ਨਾਟਕ ਸਹੀ ਰੰਗਮੰਚ ਤੋਂ ਵਿਰਵਾ ਰਿਹਾ। ਕਿਸੇ ਕਿਸਮ ਦੇ ਪ੍ਰੋਫੈਸ਼ਨਲ ਥੀਏਟਰ ਤੋਂ ਬਗੈਰ ਕੇਵਲ ਸ਼ੌਕੀਆ ਥੀਏਟਰ (**Amateur Theatre**) ਦੀ ਹੀ ਨਾ-ਮਾਤਰ ਪਰੰਪਰਾ ਬਣ ਸਕੀ ਜਿਸ ਦਾ ਆਧਾਰ 'ਨਾਟਕਕਾਰ ਦਾ ਥੀਏਟਰ' ਸੀ। ਆਈ. ਸੀ. ਨੰਦਾ, ਹਰਚਰਨ ਸਿੰਘ ਤੋਂ ਲੈਕੇ ਆਤਮਜੀਤ, ਅਜਮੇਰ ਔਲਖ ਤੇ ਚਰਨਦਾਸ ਸਿੱਧੂ ਤੱਕ ਇਹ ਸਥਿਤੀ ਵਿਦਮਾਨ ਹੈ। ਭਾਵੇਂ ਹਰਪਾਲ ਟਿਵਾਣਾ ਵਰਗੇ ਸੁਸਿਖਿਅਤ ਨਿਰਦੇਸ਼ਕ ਦੀਆਂ ਕਰੀਬ ਡੇਢ ਦਹਾਕੇ ਤੱਕ ਗਤੀਸ਼ੀਲ ਨਾਟ-ਪੇਸ਼ਕਾਰੀਆਂ ਅਤੇ ਦੋ ਯੂਨੀਵਰਸਿਟੀਆਂ (ਪੰਜਾਬ ਅਤੇ ਪੰਜਾਬੀ) ਦੇ ਥੀਏਟਰ ਵਿਭਾਗਾਂ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਇਹ ਸਭ ਰਲ ਕੇ ਪੰਜਾਬੀ ਨਾਟਕ ਦੇ ਕਿਸੇ ਸਹੀ ਰੰਗਮੰਚੀ ਪਰਿਦ੍ਰਿਸ਼ ਨੂੰ ਸਿਰਜਣ ਵਿਚ ਬਹੁਤਾ ਵੱਡਾ ਰੋਲ ਅਦਾ ਨਹੀਂ ਕਰ ਸਕੇ। ਇਓਂ ਪੰਜਾਬੀ ਨਾਟਕ ਨੂੰ ਅਜਿਹਾ ਥੀਏਟਰ ਨਹੀਂ ਮਿਲ ਸਕਿਆ ਜਿਹੜਾ ਨਾਟਕ ਨੂੰ ਪ੍ਰਭਾਵਿਤ ਕਰਦਾ। ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਟਕ ਵਿਚਲੇ ਪ੍ਰਯੋਗਾਂ ਨੂੰ ਥੀਏਟਰ ਦੇ ਪੱਧਰ 'ਤੇ ਸਹੀ ਪਰਿਪੇਖ ਵਿਚ ਪਰਖੇ ਜਾਣ ਅਤੇ ਸੰਚਾਰਿਤ ਹੋਣ ਦਾ ਸਹੀ ਮੌਕਾ ਪ੍ਰਾਪਤ ਨਹੀਂ ਹੋਇਆ।

ਇਓਂ ਪੰਜਾਬੀ ਨਾਟਕ ਨੇ ਥੀਏਟਰ ਦੇ ਪੱਧਰ 'ਤੇ ਆਪਣੀ ਸਹੀ ਪਛਾਣ ਸਥਾਪਿਤ ਨਹੀਂ ਕੀਤੀ। ਸਾਡੇ ਕੋਲ ਇਕ ਪਾਸੇ ਨਾਟਕੀ ਲਿਖਤਾਂ ਪਈਆਂ ਰਹੀਆਂ ਅਤੇ ਦੂਜੇ ਪਾਸੇ



ਥੀਏਟਰ ਦੀਆਂ ਅਲਪ-ਪੇਸ਼ਕਾਰੀਆਂ। ਹੁਣ ਪਿਛਲੇ ਇਕ ਦਹਾਕੇ ਤੋਂ ਪੰਜਾਬ ਵਿਚ ਥੀਏਟਰ ਲਹਿਰ ਉਸਰੀ ਹੈ ਅਤੇ ਨਾਟਕੀ ਲਿਖਤ ਇਸ ਤੋਂ ਪ੍ਰਭਾਵਿਤ ਵੀ ਹੋਈ ਹੈ।

ਇਹ ਸਥਿਤੀ ਹੁਣ ਵੱਖਰੇ ਰੂਪ ਵਿਚ ਵੀ ਬਣ ਰਹੀ ਹੈ ਕਿ ਪਹਿਲਾਂ ਪੰਜਾਬੀ ਵਿਚ ਨਾਟਕ ਲਈ ਥੀਏਟਰ ਨਹੀਂ ਸੀ ਤੇ ਹੁਣ ਥੀਏਟਰ ਲਈ ਨਾਟਕਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਲੇਕਿਨ ਇਸ ਸਥਿਤੀ ਨੇ ਹਾਲੇ ਪੂਰਨ ਭਾਂਤ ਸਪਸ਼ਟ ਹੋਣਾ ਹੈ। ਨਾਟ-ਵਸਤੂ ਦੇ ਪੱਖ ਤੋਂ ਸਮੁੱਚੇ ਤੌਰ 'ਤੇ ਸਮਾਜ-ਮੁਖ, ਪਰੰਪਰਾ-ਭੰਜਕ ਤੇ ਸੱਤਾ-ਵਿਰੋਧੀ, ਵਿਧੀ ਦੇ ਪੱਖ ਤੋਂ ਨਿਰੰਤਰ ਤਲਾਸ਼ ਵੱਲ ਰੁਚਿਤ ਅਤੇ ਥੀਏਟਰ-ਸੰਚਾਰ ਦੇ ਪੱਖ ਤੋਂ ਅਸਮਾਨਤਾ ਭਰਪੂਰ ਪਰਿਸਥਿਤੀਆਂ ਦਾ ਭਾਗੀ ਪੰਜਾਬੀ ਨਾਟਕ ਕੋਈ ਨਿਰੋਲ ਆਪਣੀ ਪਛਾਣ ਸਥਾਪਿਤ ਕਰਨ ਦੀ ਸਥਿਤੀ ਵਿਚ ਨਹੀਂ। ਅਤੇ ਪੰਜਾਬੀ ਨਾਟਕ ਭਵਿੱਖ ਵਿਚ ਜਿਹੜਾ ਕਾਵਿ-ਸ਼ਾਸਤਰੀ ਪਰਿਪੇਖ ਸਿਰਜੇਗਾ, ਇਸ ਬਾਰੇ ਅੰਤਿਮ ਰੂਪ ਵਿਚ ਕੁਝ ਕਹਿਣਾ ਕਠਿਨ ਹੈ। □

[ਆਰ-27, ਟੀਚਰਜ਼ ਫਲੈਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ[

## ਮੈਂ/ਚੰਚਲ

ਮੇਰਾ ਜਨਮ, ਮਹਿਜ਼ ਇਕ ਕੁਦਰਤੀ ਵਰਤਾਰਾ,
ਜਿਸ ਵਿਚ ਮੇਰੀ ਮਰਜ਼ੀ ਜਾਂ ਇੱਛਾ, ਹੈ ਅਪ੍ਰਸੰਗਕ।
ਤੇ ਮੈਂ ਜਿੱਥੇ ਜੰਮਿਆ, ਪਲਿਆ,
ਸਿੱਖ ਲਈ ਉਥੇ ਦੀ ਬੋਲੀ, ਉਥੇ ਦਾ ਰਹਿਣ-ਢੰਗ।
ਇਸੇ ਪ੍ਰਕਿਰਿਆ 'ਚੋਂ ਗੁਜ਼ਰਦੇ,
ਮੇਰੇ 'ਤੇ, ਮੈਨੂੰ ਬਿਨਾਂ ਦੱਸੇ ਬਿਨਾਂ ਪੁੱਛੇ,
ਕਿਸੇ ਇਕ ਧਰਮ ਨੂੰ ਮੰਨਣ ਦੀ ਮੋਹਰ ਲਾ ਦਿੱਤੀ ਗਈ।
ਉਹ ਮੋਹਰ, ਮੇਰੀ ਪਹਿਚਾਣ।
ਮੈਨੂੰ ਵੀ ਪਤਾ ਨਹੀਂ ਲੱਗਦਾ, ਕਦ ਬਣ ਜਾਂਦੀ ਹੈ
ਉਸ ਮੋਹਰ ਦੀ ਪਰ੍ਹਤ ਜਾਂ ਮੇਰੀ ਹੋਂਦ
ਕਿਸੇ ਹੋਰ ਧਰਮ ਨੂੰ ਖਤਰਾ।
ਹਰਕਤ 'ਚ ਆਉਂਦੀ ਹੈ, ਤ੍ਰਿਸ਼ੂਲ, ਕਿਰਪਾਨ ਜਾਂ ਬੰਦੂਕ
ਤੇ ਹੁੰਦਾ ਹੈ, ਇਕ ਇਨਸਾਨ ਕਤਲ।
ਮੇਰਾ ਖ਼ੂਨ, ਜਦ ਮਾਂ ਧਰਤ 'ਤੇ ਡਿਗਦਾ ਹੈ,
ਪੁੱਛਦਾ ਹੈ, "ਮਾਂ, ਇਹ ਕਿਹੜਾ ਧਰਮ ਹੈ,
ਜਿਸ ਵਿਚ ਵਿਵਰਜਤ ਨਹੀਂ, ਇਨਸਾਨ ਦਾ ਕਤਲ?"
ਉਹ ਦੁਖਿਆਰਨ, ਚੁੱਪ ਧਾਰੀ,
ਮੇਰੀ ਲਾਸ਼ ਨੂੰ ਆਪਣੀ ਬੁੱਕਲ 'ਚ ਸਮੋ ਲੈਂਦੀ ਹੈ
ਮਤਾਂ ਇਹ ਵੀ, ਖਤਰਾ ਨਾ ਬਣ ਜਾਏ
ਉਸ ਦੇ ਹੀ, ਕਿਸੇ ਹੋਰ ਪੁੱਤ ਦੀ ਹੋਂਦ ਨੂੰ।

[2122, ਸੈਕਟਰ 35-ਸੀ, ਚੰਡੀਗੜ੍ਹ]

**ਕੁਰਸੀ** [ਰਘੁਬੀਰ ਢੰਡ]

ਪਰਵਾਸੀ ਪੰਜਾਬੀ ਕਹਾਣੀਕਾਰਾਂ ਵਿਚੋਂ ਰਘੁਬੀਰ ਢੰਡ ਅਜਿਹਾ ਇਕੋ-ਇਕ ਕਹਾਣੀਕਾਰ ਹੈ ਜਿਸਨੇ ਬਰਤਾਨੀਆਂ ਵਿਚ ਰਹਿੰਦੇ ਪੰਜਾਬੀਆਂ ਤੇ ਹੋਰ ਅਵਾਸੀਆਂ ਦੀ ਜ਼ਿੰਦਗੀ ਦੀ ਜੱਦੋ-ਜਹਿਦ ਨੂੰ, ਸਾਮਰਾਜ ਦੀ ਨਵ-ਬਸਤੀਵਾਦੀ ਕੁਟਿਲ ਨੀਤੀ ਦੇ ਮੱਕੜੀ-ਜਾਲ ਤੇ ਇਸ ਦੇ ਸੰਸਕ੍ਰਿਤਕ ਨਾਗਵਲ ਤੋਂ ਚੰਗੀ ਤਰ੍ਹਾਂ ਸੁਚੇਤ ਹੋ ਕੇ, ਕਹਾਣੀ ਦਾ ਰੂਪ ਦਿੱਤਾ ਹੈ। ਉਸਨੇ ਉਨ੍ਹਾਂ ਦੀ ਤ੍ਰਾਸਦੀ ਦਾ ਅਨੁਭਵ ਵੀ ਕੀਤਾ ਹੈ ਤੇ ਅਧਿਐਨ ਵੀ।

ਰਘੁਬੀਰ ਢੰਡ ਆਪਣੇ ਪਾਤਰਾਂ ਦੇ ਵਿਅਕਤੀਗਤ ਤੇ ਜਮਾਤੀ ਸੰਘਰਸ਼ ਦੀ ਸੰਵੇਦਨਾ ਤੇ ਵੇਦਨਾ ਨੂੰ ਸਿਰਫ ਚਿਤਰਦਾ ਹੀ ਨਹੀਂ, ਬਲਕਿ ਉਨ੍ਹਾਂ ਦੇ ਚਰਿੱਤਰਾਂ ਦੁਆਰਾ ਉਨ੍ਹਾਂ ਦੇ ਅਰਥਚਾਰੇ ਤੇ ਸਭਿਆਚਾਰ ਦੇ ਸਾਰੇ ਅੰਤਰ-ਵਿਰੋਧਾਂ ਨੂੰ, ਪ੍ਰਗਤੀਵਾਦੀ ਯਥਾਰਥਵਾਦ ਦੀ ਦ੍ਰਿਸ਼ਟੀ ਤੋਂ, ਵਿਚਾਰਧਾਰਕ ਗਹਿਰਾਈਆਂ ਸਮੇਤ ਸਿਰਜਦਾ ਹੈ। ਉਸ ਦੀ ਹਰੇਕ ਕਹਾਣੀ ਵਿਚ ਇਕ ਅਜਿਹਾ ਬੁੱਧੀਜੀਵੀ ਪਾਤਰ (ਸਾਹਿਤਕਾਰ, ਸੁਚੇਤ ਕਲਾਕਾਰ, ਅਧਿਆਪਕ, ਚਿੰਤਕ) ਜ਼ਰੂਰ ਹੁੰਦਾ ਹੈ ਜਿਸ ਦੇ ਮਾਧਿਅਮ ਨਾਲ ਪੂੰਜੀਵਾਦੀ ਤੇ ਸਾਮਰਾਜੀ ਨਵ-ਬਸਤੀਵਾਦੀ ਲੁੱਟ, ਇਸਦੇ ਸਭਿਆਚਾਰਕ ਤੇ ਰਾਜਨੀਤਿਕ ਸੰਕਟ ਅਤੇ ਵਿਚਾਰਧਾਰਕ ਦਵੰਦ ਦੀ ਸੋਝੀ ਕਰਵਾ ਕੇ ਉਹ ਪਾਠਕ ਲਈ ਆਧੁਨਿਕ ਮਾਨਵ ਤੇ ਕਿਰਤੀ ਵਰਗਾਂ ਦੇ ਭਵਿੱਖ ਸੰਬੰਧੀ ਚਿੰਤਾ ਤੇ ਚਿੰਤਨ ਦਾ ਰਾਹ ਖੋਲ੍ਹਦਾ ਹੈ।

ਪੰਜਾਬੀਆਂ ਦੀ ਚਿੰਤਨ-ਪਰੰਪਰਾ ਤੇ ਕਲਾ-ਸਾਧਨਾ ਨੂੰ ਅੱਗੇ ਤੋਰਨ ਵਾਲੀਆਂ ਢੰਡ ਦੀਆਂ ਕਹਾਣੀਆਂ ਦੀ ਬਿਰਤਾਂਤ-ਕਲਾ ਦਾ ਅਧਿਐਨ ਸਹਿਲ ਕੰਮ ਨਹੀਂ ਕਿਉਂਕਿ ਢੰਡ ਕਹਾਣੀ ਲਿਖਦਾ ਹੀ ਨਹੀਂ, ਕਹਿੰਦਾ, ਸੁਣਦਾ ਤੇ ਸੋਚਦਾ ਵੀ ਹੈ। ਉਸ ਦੀ ਕਹਾਣੀ ਵਿਚ ਕਹਿਣ-ਸੁਣਨ-ਸੋਚਣ ਤੇ ਲਿਖਣ ਦੀ ਰਚਨਾ-ਪ੍ਰਕਿਰਿਆ ਨਾਲੋ-ਨਾਲ ਵਾਪਰਦੀ ਹੈ : ਇਕ ਪਾਤਰ ਕਹਾਣੀ ਕਹਿ ਰਿਹਾ ਹੁੰਦਾ ਹੈ, ਦੂਜਾ ਉਸਨੂੰ ਸੁਣਦਾ, ਸੋਚਦਾ ਤੇ ਹੁੰਗਾਰੇ ਦੀ ਥਾਂ ਪ੍ਰਸ਼ਨ ਜਾਂ ਟਿੱਪਣੀ ਕਰਦਾ ਹੈ। ਇਕ ਨੁਕਤੇ ਉਤੇ ਖਲੋਤੀ ਕਹਾਣੀ ਵੀ ਆਪਣੀ ਸੁਭਾਵਕ ਗਤੀ ਨਾਲ ਅੱਗੇ-ਪਿੱਛੇ ਤੇ ਹੇਠਾਂ-ਉਤੇ ਫੈਲਦੀ ਚਲੀ ਜਾਂਦੀ ਹੈ। ਨੁਕਤਾ, ਆਮ ਤੌਰ 'ਤੇ, ਮੈਂ-ਪਾਤਰ ਹੁੰਦਾ ਹੈ। ਇਹੋ ਪਾਤਰ ਕਹਾਣੀ ਦੇ ਮੂਲ ਬਿਰਤਾਂਤ ਦਾ ਆਰੰਭ ਕਰਦਾ ਹੈ ਤੇ ਫਿਰ ਵਿਚ ਦੂਜਾ ਪਾਤਰ ਆ ਕੇ ਆਪਣਾ ਬਿਰਤਾਂਤ ਸ਼ੁਰੂ ਕਰ ਦਿੰਦਾ ਹੈ ਤੇ ਪਹਿਲਾ ਬਿਰਤਾਂਤਕ ਉਸ ਦਾ ਸਰੋਤਾ ਬਣ ਜਾਂਦਾ ਹੈ। ਇਉਂ ਬਿਰਤਾਂਤ-ਅੰਦਰ-ਬਿਰਤਾਂਤ ਦੀ ਸੰਬਾਦਕ ਜੁਗਤ ਰਾਹੀਂ ਕਹਾਣੀ ਮਨੁੱਖੀ ਜੀਵਨ ਦੀਆਂ ਇਕ-ਤੋਂ-ਬਾਅਦ-ਇਕ ਪਰਤਾਂ ਵਿਚ ਉਤਰ ਦੀ ਚਲੀ ਜਾਂਦੀ ਹੈ।

ਢੰਡ ਦੇ ਨਵੇਂ ਕਹਾਣੀ ਸੰਗ੍ਰਹਿ ['ਕੁਰਸੀ', ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ] ਦੀ ਪ੍ਰਤੀਨਿਧ ਕਹਾਣੀ, 'ਕੁਰਸੀ' ਪੰਜਾਬੀ ਦੀਆਂ ਕੁਝ ਇਕ ਮਹਾਨ ਕਹਾਣੀਆਂ ਵਿਚ ਗਿਣੀ ਜਾ ਸਕਦੀ ਹੈ। ਇਸ ਵਿਚ ਦੋ ਬਿਰਤਾਂਤ ਹਨ : ਪਹਿਲਾ ਵਲੈਤੋਂ ਆਏ ਪੜ੍ਹੇ-ਲਿਖੇ, ਸਿਆਣੇ ਆਦਮੀ ਦਾ ਤੇ ਦੂਜਾ ਕਲਾ-ਕਿਰਤ ਤੋਂ ਵਿਹੂਣੇ ਅਨਪੜ੍ਹ ਅਨੁਭਵੀ ਅਰਜਣ ਅਮਲੀ ਦਾ। ਵਲੈਤੀਆ ਪੰਜਾਬੀ, ਕਲਾਕਾਰ ਅਮਲੀ ਦੇ ਅਲਗੋਜ਼ਿਆਂ ਤੇ ਉਸਦੇ ਬਾਪੂ, 'ਪਾਖਰ', ਦੀ ਸਾਰੰਗੀ ਦੀਆਂ ਘੋਰਾਂ ਦੇ ਬਿਰਤਾਤ ਦੇ ਜਾਦੂ ਹੇਠ, ਆਪਣੇ ਦੇਸ਼ ਦੇ ਨੰਗੇ-ਅਧਨੰਗੇ ਬੱਚਿਆਂ ਦੇ ਸਕੂਲ ਦੇ ਅਹਾਤੇ ਵਿਚ ਨਿੰਮ ਹੇਠ ਉਸ ਕੁਰਸੀ ਉਤੇ 'ਜਗੇੜੇ ਦੀ ਕੋਠੀ ਦਾ ਮੋਰ' ਬਣਿਆ ਬੈਠਾ ਹੈ ਜਿਹੜੀ ਉਸ ਦੇ ਦੋਸਤ, ਉਸੇ ਸਕੂਲ ਦੇ ਅਧਿਆਪਕ (ਬਲਬੀਰ) ਦੇ ਰਿਸਾਲਦਾਰ ਬਾਬੇ ਨੂੰ ਇਕ ਅੰਗਰੇਜ਼ ਅਫ਼ਸਰ ਨੇ ਤੋਹਫੇ ਵਜੋਂ ਦਿੱਤੀ ਸੀ। ਅਹਾਤੇ ਤੋਂ ਪਾਰ ਕਣਕ ਦੇ ਸੱਜਰੇ ਵੱਢਾਂ ਵਿਚੋਂ ਸਿਲਾ ਚੁਗਦੀਆਂ ਗ਼ਰੀਬ ਔਰਤਾਂ, ਜ਼ਿੰਦਗੀ ਵਾਂਗ ਨਿਰੰਤਰ ਵਗਦੀ ਨਹਿਰ ਤੇ ਫਸਲਾਂ ਦੇ ਬੇਓੜਕ ਧਨ ਦੇ ਸਾਹਮਣੇ ਭੁੱਖੇ ਨਿਰਧਨ ਦੀਆਂ ਆਹਾਂ ਵਰਗੇ ਵਾ-ਵਰੋਲੇ ਹਨ। ਕਹਾਣੀ ਵਿਚ ਇਹ ਸਾਰੇ ਦ੍ਰਿਸ਼ ਵੀ ਉਸੇ ਤਰ੍ਹਾਂ ਬਹੁਅਰਥਕ ਪ੍ਰਤੀਕ ਬਣ ਕੇ ਸ਼ਾਮਲ ਹੁੰਦੇ ਹਨ ਜਿਵੇਂ ਵਲੈਤੀ ਬਾਬੂ, ਅਸ਼ੋਕਾ ਹੋਟਲ, ਹੋਟਲ ਵਿਚ ਅੰਗਰੇਜ਼ੀ ਸ਼ੈਲੀ ਵਿਚ ਦੇਸੀ ਸਨਾਤਨੀ ਨਾਚ ਨੱਚਦੀ ਨਰਤਕੀ, ਅਰਜਣ ਅਮਲੀ ਦੀ ਕਹਾਣੀ ਤੇ ਅੰਗਰੇਜ਼ ਦੀ ਦਿੱਤੀ ਕੁਰਸੀ। ਇਨ੍ਹਾਂ ਸਾਰੇ ਪ੍ਰਤੀਕਾਂ ਦੇ ਅਰਥ-ਵਿਸਥਾਰ ਵਿਚ ਜਾਣਾ ਸੰਭਵ ਨਹੀਂ, ਪਰ ਇਹ ਗੱਲ ਸਪਸ਼ਟ ਹੈ ਕਿ ਅਰਜਣ ਅਮਲੀ ਦੀ ਕਹਾਣੀ ਪੰਜਾਬੀ ਕਲਚਰ ਤੇ ਕਲਾ ਦੀ ਉਸ ਤਬਾਹੀ ਦੀ ਕਹਾਣੀ ਹੈ ਜਿਹੜੀ ਨਵ-ਬਸਤੀਵਾਦੀ ਹੋਟਲ-ਕਲਚਰ ਤੇ ਨਵੇਂ ਸੰਚਾਰ-ਸਾਧਨਾਂ ਦੁਆਰਾ ਉਪਰੋਂ ਸੁੱਟੀ ਭੀੜ-ਕਲਚਰ ਨੇ ਲਿਆਂਦੀ ਹੈ। 'ਕੁਰਸੀ' ਉਸ ਨਵ-ਬਸਤੀਵਾਦੀ ਰਾਜਸੱਤਾ ਦਾ ਹੀ ਚਿੰਨ੍ਹ ਹੈ ਜਿਹੜੀ ਮੌਜੂਦਾ ਲੋਕ-ਵਿਰੋਧੀ ਆਰਥਿਕ-ਸਭਿਆਚਾਰਕ ਪ੍ਰਬੰਧ ਦੀ ਰਖਵਾਲੀ ਕਰਦੀ ਹੈ।

ਅਰਜਣ ਅਮਲੀ ਦਾ ਬਿਰਤਾਂਤ ਵੀ ਰਘੁਬੀਰ ਦਾ ਸਿਰਜਿਆ ਬਿਰਤਾਂਤ ਹੈ, ਸੁਭਾਵਕਤਾ ਪੈਦਾ ਕਰਨ ਲਈ ਉਸਨੇ ਅਮਲੀ ਨੂੰ ਅਵੱਲ ਦਰਜੇ ਦਾ ਕਲਾਕਾਰ ਦਰਸਾਇਆ ਹੈ। ਨਾ ਵੀ ਦਰਸਾਇਆ ਹੁੰਦਾ, ਢੰਡ ਨੇ ਇਹ ਬਿਰਤਾਂਤ ਆਪ ਹੀ ਸਿਰਜਣਾ ਸੀ ਤੇ ਕਿਸੇ ਹੋਰ ਵਿਧੀ ਨਾਲ ਇਸ ਨੂੰ ਸੁਭਾਵਕ ਵੀ ਬਣਾ ਲੈਣਾ ਸੀ। ਉਹ ਉਨ੍ਹਾਂ ਕਹਾਣੀਕਾਰਾਂ ਵਿਚੋਂ ਨਹੀਂ ਜਿਨ੍ਹਾਂ ਉਤੇ ਯਥਾਰਥਵਾਦ ਦੀ ਅਜਿਹੀ ਧੁਨ ਸਵਾਰ ਹੁੰਦੀ ਹੈ ਕਿ ਉਹਨਾਂ ਦੀ ਸ਼ਿਲਪ-ਯੋਗਤਾ ਤੇ ਕਲਾ-ਪ੍ਰਤਿਭਾ ਇਸ ਦੇ ਥੱਲੇ ਦਬ ਕੇ ਰਹਿ ਜਾਂਦੀ ਹੈ, ਨਾ ਹੀ ਉਨ੍ਹਾਂ ਪ੍ਰਤਿਭਾ-ਵਿਹੂਣੇ ਕਹਾਣੀਕਾਰਾਂ ਵਿਚੋਂ ਜਿਨ੍ਹਾਂ ਲਈ 'ਯਥਾਰਥਵਾਦ' ਆਪਣੀ ਕਲਾ ਦੀਆਂ ਊਣਾਂ ਨੂੰ ਢਕਣ ਦਾ ਇਕ ਬਹਾਨਾ ਬਣ ਜਾਂਦਾ ਹੈ। ਢੰਡ ਯਥਾਰਥਵਾਦ ਨੂੰ ਇਕ ਫਾਰਮੂਲੇ ਵਾਂਗ ਨਹੀਂ, ਇਕ ਵਿਧੀ ਵਾਂਗ ਵਰਤਦਾ ਹੈ। ਇਸ ਵਿਧੀ ਨਾਲ ਉਹ ਆਮ ਵਾਰਤਾਲਾਪ ਨੂੰ ਵੀ ਇਸ ਤਰ੍ਹਾਂ ਘੜਦਾ-ਸੰਵਾਰਦਾ ਤੇ ਥਾਂ ਸਿਰ ਟਿਕਾਉਂਦਾ ਹੈ ਕਿ ਉਸ ਵਿਚ ਡੂੰਘੇ ਦਾਰਸ਼ਨਿਕ ਤੇ ਵਿਚਾਰਧਾਰਕ ਅਰਥ ਦੇਣ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ। ਉਦਾਹਰਣ ਲਈ ਕ੍ਰੋਧ ਵਿਚ ਆਇਆ ਅਮਲੀ ਸਹਿਜ-ਸੁਭਾਵਕ ਇਕ ਵਾਕ ਉਚਾਰਦਾ ਹੈ : "...ਸਾਰਾ ਮੁਲਖ ਨੰਗੇ ਪੈਰੀਂ ਤੁਰਿਆ ਫਿਰਦੈ..."। ਪਾਤਰ ਦੀ ਸਥਿਤੀ, ਸੁਭਾ, ਸੂਝ ਤੇ ਬੋਲ ਦੇ ਹਾਣ ਦਾ ਇਹ ਫਿਕਰਾ ਅਜਿਹੇ ਵਿਅੰਗ-ਅਰਥ ਵੀ ਦਿੰਦਾ ਹੈ ਜਿਹੜੇ ਪਾਤਰ ਦੀ ਸਮਝ ਤੋਂ ਬਹੁਤ ਉੱਚੇ ਹਨ, ਲੇਖਕ ਦੀ ਸਮਝ ਦੇ ਹਾਣ ਦੇ। ਕਹਾਣੀ ਦਾ ਇਕ ਵਿਅੰਗ-ਅਰਥ (ਅਸੀਂ ਕਿੰਨੇ

ਨੰਗ ਹਾਂ !) ਇਸ ਫਿਕਰੇ ਨਾਲ ਆਪਣੀਆਂ ਸਿਖਰਾਂ ਛੂਹਦਾ ਹੈ ।

'ਸ਼ੇਸ਼ਨਾਗ' ਵੀ ਤਥਾਕਥਿਤ ਵਿਕਸਿਤ ਪੂੰਜੀਵਾਦ ਦੇ ਅਜਿਹੇ ਬਰਫ਼ੀਲੇ ਤੂਫ਼ਾਨੀ ਤੇ ਸਾਹ-ਘੁਟਵੇਂ ਮਾਹੌਲ ਦੀ ਕਹਾਣੀ ਹੈ, ਜਿਸ ਵਿਚ ਮਸ਼ੀਨੀ ਮੁਸ਼ੱਕਤ ਆਪਣੇ ਘਰਾਂ ਤੋਂ ਦੂਰ ਪਰਵਾਸੀ ਮਜ਼ਦੂਰਾਂ ਦੇ ਤੰਤ੍ਰ-ਪ੍ਰਬੰਧ ਨੂੰ ਨਾ-ਕੇਵਲ ਥਕਾ ਮਾਰਦੀ ਹੈ, ਸਗੋਂ ਉਨ੍ਹਾਂ ਦੇ ਜਿਗਰਾ, ਫੇਫੜਿਆਂ ਵਿਚ ਨਾਸੂਰ ਕਰ ਦਿਦੀ ਹੈ । ਦਿਨ ਰਾਤ ਦੇ ਕੰਮ ਤੇ ਮਸ਼ੀਨੀ ਸ਼ੋਰ ਨਾਲ ਠਾਕੀ ਹੋਈ ਉਨ੍ਹਾਂ ਦੀ ਜੀਭ ਵੀ ਜਾ ਕੇ ਹਸਪਤਾਲ ਵਿਚ ਖੁਲ੍ਹਦੀ ਹੈ । ਹਸਪਤਾਲ, ਇਕ ਦੂਜੇ ਤੋਂ ਬੇਨਿਆਜ਼ ਮਰੀਜ਼, ਨਰਸਾਂ ਦੀ ਝੂਠੀ ਮੁਸਕਾਨ ਤੇ ਠੰਡੀ ਝਾਕਣੀ ਦੇ ਅੰਤ ਵਿਚ ਕਹਾਣੀ ਦੇ ਮੁਖ ਪਾਤਰ ਕਰਾਮਤ ਦੀ ਮੌਤ, ਸਭ ਇਹ ਮਰ ਰਹੇ ਸਿਸਟਮ ਦੀਆਂ ਨਿਸ਼ਾਨੀਆਂ ਹਨ, ਪਰ ਇਸ ਮੁਰਦਾ ਨਿਜ਼ਾਮ ਦੇ ਸਰਦ ਸਾਹ ਅਜੇ ਵੀ ਚੱਲ ਰਹੇ ਹਨ ।

'ਵਲਡੀਮੇਅਰ ਡੋਲਾਨ' ਇਕ ਸ਼ਕਤੀਵਰ, ਰਾਜਨੀਤਕ ਕਹਾਣੀ ਹੈ ਜਿਹੜੀ ਇਹ ਦਰਸਾਉਂਦੀ ਹੈ ਕਿ ਅਜੋਕੀ ਪੂੰਜੀਵਾਦੀ ਰਾਜਸੱਤਾ ਆਪਣੇ ਰੋਗੀ ਸਿਸਟਮ ਨੂੰ ਹਮੇਸ਼ਾ ਲਈ ਕਾਇਮ ਰੱਖਣ ਲਈ ਜਮਹੂਰੀਅਤ ਦੀ ਮਿੱਥ ਅਤੇ ਧਰਮ-ਤੰਤਰ ਨੂੰ ਇਕ ਵਿਚਾਰਧਾਰਾ ਦੇ ਰੂਪ ਵਿਚ ਵਰਤ ਰਹੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਡੋਹਾਨ ਆਪਣੇ ਘਰ, ਯੂਕਰੇਨੀਆ, ਤੇ ਆਪਣੇ ਪਰਿਵਾਰ ਤੋਂ ਦੂਰ ਇੰਗਲੈਂਡ ਵਿਚ ਬੈਠਾ ਪੈਂਤੀ ਸਾਲਾਂ ਤੋਂ ਭੱਠ ਝੋਕ ਰਿਹਾ ਹੈ, ਪਰ ਹਾਲੇ ਵੀ, ਧਰਮ ਦੇ ਪਰਚਾਰ ਦਾ ਡੰਗਿਆ, ਆਪਣੇ ਮੁਲਕ ਦੇ ਸਮਾਜਵਾਦ ਨਾਲੋਂ ਇੰਗਲੈਂਡ ਦੀ ਡੈਮੋਕਰੇਸੀ ਨੂੰ ਵਧੀਆ ਸਮਝਦਾ ਹੈ । ਪਰ ਅੰਤ ਵਿਚ, ਲੋੜ ਪੈਣ 'ਤੇ ਨਾ ਉਸਨੂੰ ਚਰਚ ਸੰਭਾਲਦਾ ਹੈ ਤੇ ਨਾ ਹੀ ਉਸ ਦਾ ਦਹੇਤਾ 'ਜਮਹੂਰੀ' ਰਾਜ-ਪ੍ਰਬੰਧ ।

'ਸਿਰ', 'ਮੌਤ' ਤੇ 'ਗਧੇ' ਵੀ ਵਿਚਾਰਧਾਰਕ ਸ਼ਰੇਣੀ-ਸੰਘਰਸ਼ ਦੀਆਂ ਹੀ ਕਹਾਣੀਅ ਹਨ । 'ਸਿਰ' ਕਹਾਣੀ ਦਾ ਪਰਵਾਸੀ ਬਿਰਤਾਂਤਕ ਜਦੋਂ ਵੈਰਾਗ ਤੇ ਉਦਰੇਵੇਂ ਨੂੰ ਦੂਰ ਕਰਨ ਲਈ ਸ਼ਹਿਰ ਦੀ ਮਟਰਗਸ਼ਤ ਲਈ ਨਿਕਲਦਾ ਹੈ ਤਾਂ ਉਸ ਨੂੰ ਗਿਆਨ ਹੁੰਦਾ ਹੈ ਕਿ ਸੰਸਕ੍ਰਿਤਕ ਬੁਨਿਆਦਵਾਦ, ਸਰਮਾਏਦਾਰੀ ਦੇ ਖਰੀਦੇ ਧਰਮ-ਰਖਿਅਕਾਂ ਪ੍ਰਤੀ ਅੰਨ੍ਹੀ ਸ਼ਰਧਾ ਤੇ ਸਰਮਾਏ ਦੀ ਮ੍ਰਿਗਜਲੀ ਦੇ ਛਲਾਵੇ ਦੇ ਸ਼ਿਕਾਰ ਭਾਰਤੀ ਅਵਾਸੀ ਵੀ ਇਸ ਨਾਰਕੀ ਜੀਵਨ ਨੂੰ ਬਣਾਈ ਰੱਖਣ ਦੇ ਜ਼ਿੰਮੇਵਾਰ ਹਨ । ਨਾ ਉਹਨਾਂ ਨੂੰ ਆਪਣੀ ਕਲਚਰ ਦੀ ਸਮਝ ਹੈ, ਨਾ ਧਰਮ ਦੀ ਤੇ ਨਾ ਹੀ ਆਪਣੇ ਆਪ ਦੀ । ਮਿਸ ਪਾਠਕ, ਸ੍ਰੀਮਤੀ ਹੁੰਝਣ, ਭਾਈ ਬਾਜਾ ਤੇ ਸੈਣੀ-ਦੰਪਤੀ ਅਜਿਹੇ ਭਾਰਤੀ ਅਵਾਸੀਆਂ ਦੇ ਹੀ ਪ੍ਰਤੀਨਿਧ ਹਨ, ਜਿਨ੍ਹਾਂ ਦੇ 'ਸਿਰ' ਹੈ ਨਹੀਂ ।

'ਮੌਤ' ਪਹਿਲੀ ਨਜ਼ਰੇ ਪੰਜਾਬ ਦੇ ਮੌਜੂਦਾ ਸੰਕਟ ਦੀ ਕਹਾਣੀ ਜਾਪਦੀ ਹੈ, ਪਰ ਅਸਲ ਵਿਚ ਇਹ ਵੀ ਇਕ ਅਜਿਹੀ ਰਾਜਨੀਤਕ ਕਹਾਣੀ ਹੈ ਜੋ ਪੰਜਾਬੀ ਦੇ ਅਖੌਤੀ ਸਾਹਿਤਕਾਰਾਂ ਦੀ ਵਿਚਾਰਧਾਰਕ ਨਿਪੁੰਸਕਤਾ ਤੇ ਰਚਨਾਤਮਕ ਨਿਰਬਲਤਾ ਨੂੰ ਸਾਹਮਣੇ ਲਿਆਉਂਦੀ ਹੈ । ਪੰਜ ਲੇਖਕ (ਜਿਨ੍ਹਾਂ ਵਿਚ ਇਕ ਪਰਵਾਸੀ ਲੇਖਕ ਵੀ ਹੈ) ਲਿਖਣ ਦਾ ਪ੍ਰੋਗਰਾਮ ਬਣਾਉਂਦੇ ਹਨ, ਪਰ ਧਾਰਮਿਕ ਮੂਲਵਾਦ ਦੀ ਇਕ ਮੂਕ ਘੁਰਕੀ ਅੱਗੇ ਨਸ਼ੇ ਵਿਚ ਮਾਰੀਆਂ ਬੜ੍ਹਕਾਂ ਉਡ-ਪੁਡ ਜਾਂਦੀਆਂ ਹਨ, ਤੇ ਉਨ੍ਹਾਂ ਦੇ ਸਾਰੇ ਪ੍ਰੋਗਰਾਮ ਧਰੇ-ਧਰਾਏ ਰਹਿ ਜਾਂਦੇ ਹਨ ।



'ਗਧੇ' ਵਿਚ ਇਕ ਪੰਜਾਬੀ ਪਰਵਾਸੀ ਦੀ ਜੀਵਨ-ਸਥਿਤੀ, ਵੈਰਾਗ ਤੇ ਉਦਰੇਵੇਂ ਦੇ ਪ੍ਰਸੰਗ ਵਿਚ ਹੁਣ ਦੀ ਬੁਰਜੂਆ ਸ਼ਰੇਣੀ ਤੇ ਵਿਸ਼ੇਸ਼ ਕਰਕੇ ਭਾਰਤੀ ਹਾਕਮ ਵਰਗ ਦੇ ਦਿਮਾਗੀ ਦਿਵਾਲੇ ਦੀ ਗੱਲ ਕੀਤੀ ਗਈ ਹੈ । ਇਹ ਕਹਾਣੀ ਬੁੱਧੂਆਂ ਉਤੇ ਨਿਰਾ ਕਟਾਖਸ਼ ਨਹੀਂ, ਇਸ ਤੋਂ ਸਾਨੂੰ ਇਹ ਬੋਧ ਹੁੰਦਾ ਹੈ ਕਿ ਸਾਡੇ ਅੱਜ ਦੇ ਸਮਾਜਕ-ਰਾਜਨੀਤਕ ਢਾਂਚੇ ਨੂੰ ਤੋੜ ਸੁੱਟਣ ਵਾਲੀਆਂ ਸ਼ਕਤੀਆਂ ਇਸ ਦੇ ਬਾਹਰ ਹੀ ਨਹੀਂ, ਅੰਦਰ ਵੀ ਹਨ । ਇਸ ਕਹਾਣੀ ਦਾ ਬਿਰਤਾਂਤਕ ਇਕ ਸਵੈ-ਚੇਤੰਨ ਤੇ ਆਪਣੀ ਕਲਚਰ ਨੂੰ ਮੋਹ ਕਰਨ ਵਾਲਾ ਪਰਵਾਸੀ ਹੈ, ਜੋ ਉਦਰੇਵੇਂ-ਵੱਸ ਇਕ ਦਿਨ ਘਰੋਂ ਗਧੇ ਵੇਖਣ ਲਈ ਨਿਕਲਦਾ ਹੈ, ਅਚਾਨਕ ਉਸ ਦੀ ਮੁਲਾਕਾਤ 'ਪੰਜ ਇੰਡੀਅਨ ਨੌਜਵਾਨਾਂ' ਨਾਲ ਹੋ ਜਾਂਦੀ ਹੈ । ਉਹ ਪੰਜੇ ਭਾਰਤ ਦੇ ਹੁਕਮਰਾਨ ਵਰਗ ਨਾਲ ਸੰਬੰਧ ਰੱਖਦੇ ਹਨ, ਪਰ ਉਹਨਾਂ ਨੂੰ ਆਪਣੇ ਦੇਸ਼, ਆਪਣੇ ਸਭਿਆਚਾਰ ਤੇ ਭਾਸ਼ਾ ਦੀ ਨਾ ਸੂਝ ਹੈ ਤੇ ਨਾ ਸੋਝੀ । ਕਹਾਣੀ ਦੇ ਅੰਤ ਵਿਚ ਬਿਰਤਾਂਤਕ ਕਟਾਖਸ਼ ਨਾਲ ਕਹਿੰਦਾ ਹੈ, "ਮੈਂ ਰੁਥ ਦਾ ਬੜਾ ਧੰਨਵਾਦੀ ਸਾਂ ਕਿ ਉਸ ਨੇ ਮੇਰੇ ਪਿਆਰੇ ਭਾਰਤ ਤੇ ਰਾਜ ਕਰ ਰਹੇ ਮਹਾਂ-ਪੁਰਖਾਂ ਦੇ ਵਾਰਸਾਂ ਦਰਸ਼ਨ ਕਰਵਾਏ।... ਇਸ ਤੋਂ ਪਿਛੋਂ ਮੈਂ ਗਧੇ ਵੇਖਣ ਨਾ ਗਿਆ।"

ਇੰਨੀ ਕਮ-ਅਕਲੀ ਦੇ ਬਾਵਜੂਦ, ਹਾਕਮ ਵਰਗ ਜੇ ਸਥਾਪਿਤ ਹੈ, ਤਾਂ ਇਸ ਦਾ ਕਾਰਨ ਕੇਵਲ ਰਾਜਧੌਂਸ (ਕੁਰਸੀ), ਸਰਮਾਏ-ਸੱਪ ਦਾ ਫੁੰਕਾਰਾ (ਸ਼ੇਸ਼ਨਾਗ), ਧਰਮ ਦਾ ਨਸ਼ਾ ('ਵਲਡੀਮੇਅਰ ਡੋਲਾਨ' ਤੇ 'ਸਿਰ') ਅਤੇ ਸਾਹਿਤਕਾਰਾਂ ਦੀ ਕਮਜ਼ੋਰੀ (ਮੌਤ) ਹੀ ਨਹੀਂ, ਕਾਰਨ ਇਹ ਵੀ ਹੈ ਕਿ ਉੱਨਤ ਪੂੰਜੀਵਾਦੀ ਤੇ ਅਰਧ-ਵਿਕਸਤ ਨਵ-ਬਸਤੀਵਾਦੀ ਸੰਸਾਰ ਵਿਚ ਕਮਿਊਨਿਸਟ ਰਾਜਨੀਤੀ ਵਿਅਕਤੀ ਪੂਜਾ ਤੇ ਅਵਸਰਵਾਦ ਦੀ ਲਪੇਟ ਵਿਚ ਆ ਗਈ ਹੈ । ਇਸ ਤੱਥ ਤੋਂ ਸਾਨੂੰ ਸੁਚੇਤ ਕਰਦੀ ਹੈ, ਢੰਡ ਦੀ ਕਹਾਣੀ 'ਆਜੜੀ ਦਾ ਕੁੱਤਾ' । ਜੇ 'ਮਲਬਾ' ਕਹਾਣੀ ਇਸ ਦੇ ਨਾਲ ਰੱਖ ਕੇ ਪੜ੍ਹੀਏ ਤਾਂ ਸਮਝ ਪੈਂਦੀ ਹੈ ਕਿ ਸਾਮੰਤ-ਯੁੱਗ ਦਾ ਅਰਧ-ਸਾਮੰਤੀ ਮਲਬਾ ਤੇ ਉਸ ਉਤੇ ਉਸਰ ਰਿਹਾ ਅਰਧ-ਵਿਕਸਤ ਪੂੰਜੀਵਾਦ ਕਮਜ਼ੋਰ ਵਰਗਾਂ ਤੇ ਇਸਤਰੀ ਜਾਤੀ ਲਈ 'ਤੋਤੇ ਦਾ ਪਿੰਜਰਾ' ਕਿਉਂ ਬਣਿਆ ਹੋਇਆ ਹੈ। ਇਹੋ ਹਾਲ ਪੱਛਮੀ ਯੂਰਪ ਦੇ ਇੰਗਲੈਂਡ ਵਰਗੇ ਮੁਲਕਾਂ ਦਾ ਹੈ । ਉਥੇ ਵੀ ਕਮਿਊਨਿਸਟ ਪਾਰਟੀਆਂ ਦੀ ਕਮਜ਼ੋਰੀ ਮੌਜੂਦਾ ਰਾਜਸੱਤਾ ਦੀ ਸ਼ਕਤੀ ਬਣਦੀ ਹੈ । ਰੰਗ-ਨਸਲ ਦੇ ਝਗੜੇ ਤੇ ਅਨੇਕ ਤਰ੍ਹਾਂ ਦਾ ਆਤੰਕਵਾਦ ਵਲੈਤੀ ਤੇ ਅਵਾਸੀ ਮਜ਼ਦੂਰਾਂ ਨੂੰ ਇਕ-ਮੁੱਠ ਨਹੀਂ ਹੋਣ ਦਿੰਦੇ, ਸਗੋਂ ਇਕ ਦੂਜੇ ਦੇ ਭੈਅ ਨਾਲ ਇਨ੍ਹਾਂ ਦੀ ਆਪਸੀ ਦੂਰੀ ਵਧ ਰਹੀ ਹੈ । ਭੈ-ਦਾਇਕ ਮਾਹੌਲ ਤੇ ਡਰੀ ਹੋਈ ਮਾਨਸਿਕਤਾ ਦੀ ਇਕ ਤਸਵੀਰ ਢੰਡ ਨੇ ਇਸ ਸੰਗ੍ਰਹਿ ਦੀ 'ਆਪਣੇ ਪਰਾਏ' ਕਹਾਣੀ ਵਿਚ ਪੇਸ਼ ਕੀਤੀ ਹੈ । ਇਸ ਕਹਾਣੀ ਦੇ ਅਧਿਐਨ ਤੋਂ ਇਹ ਗੱਲ ਵੀ ਸਿੱਧ ਹੁੰਦੀ ਹੈ ਕਿ ਕਹਾਣੀਕਾਰ ਕਹਾਣੀ ਹੀ ਨਹੀਂ ਲਿਖਦਾ, ਨਵੀਂ ਬੋਲੀ ਦੀ ਰਚਨਾ ਵੀ ਕਰਦਾ ਹੈ । ਰਘੁਬੀਰ ਨੇ ਵਲੈਤੀ ਪੰਜਾਬੀ ਦੇ ਨਵੇਂ ਮੁਹਾਵਰੇ ਨੂੰ ਆਪਣੀ ਭਾਸ਼ਾ-ਰਚਨਾ ਦਾ ਅੰਗ ਬਣਾਇਆ ਹੈ । ਕਹਾਣੀ ਦੀ ਮੁਖ ਪਾਤਰ, ਚੰਨੋ ਆਪਣੀ ਮੁਟਿਆਰ ਧੀ ਦੇ ਸੰਬੰਧ ਵਿਚ ਸੋਚਦੀ ਹੋਈ, ਆਪਣੇ ਮਨ ਵਿਚ ਚਿਤਵਦੀ ਹੈ : "ਸ਼ੈਦ ਇੰਡੀਆ ਤੋਂ ਮੁੰਡੇ ਹੀ ਖੁਲ੍ਹ ਜਾਣ...।" ਇਹ ਵਲੈਤੀ ਪੰਜਾਬੀ ਦੇ ਈਡੀਅਮ ਦੀ ਇਕ ਮਿਸਾਲ ਹੈ,

ਹੋਰ ਵੀ ਮਿਲ ਸਕਦੀਆਂ ਹਨ।

ਉਪਰਲੀ ਵਿਚਾਰ-ਚਰਚਾ ਤੋਂ ਇਹ ਨਤੀਜਾ ਕੱਢਣਾ ਗਲਤ ਹੋਵੇਗਾ ਕਿ ਢਡ ਕਮਿਊਨਿਸਟ ਰਾਜਨੀਤੀ ਤੋਂ ਉਦਾਸ ਜਾ ਉਦਾਸੀਨ ਹੈ ਕਿਉਂਕਿ ਇਸ ਸੰਗ੍ਰਹਿ ਦੀ 'ਦਰਖਤ' ਕਹਾਣੀ ਵਿਚ ਇਕ ਨਮੂਨੇ ਦਾ ਕਮਿਊਨਿਸਟ ਪਾਤਰ ਸਿਰਜਿਆ ਗਿਆ ਹੈ : ਪ੍ਰੋਫੈਸਰ ਰਿਊ — ਜ਼ਹੀਨ, ਸਿਧਾਂਤ ਵਿਚ ਪਰਪੱਕ, ਗਿਆਨ ਦਾ ਭੰਡਾਰ, ਪਾਰਟੀ ਨਾਲ ਪ੍ਰਤਿਬੱਧ, ਅਣਥੱਕ ਵਰਕਰ, ਆਪਣੇ ਲੋਕਾਂ ਲਈ ਮੋਹ ਤੇ ਕੁਰਬਾਨੀ ਦਾ ਪੁੰਜ, ਮਨੁੱਖ ਜਾਤੀ ਦੀ ਏਕਤਾ ਦਾ ਸ਼ੈਦਾਈ। ਅਜਿਹੇ ਪਾਤਰ ਦੇ ਰਚਨਹਾਰ ਦਾ ਕਮਿਊਨਿਸਟ ਰਾਜਨੀਤੀ ਤੋਂ ਵਿਸ਼ਵਾਸ ਨਹੀਂ ਡੋਲ ਸਕਦਾ। 'ਡਸਟਬਿਨ' ਤੇ 'ਸ਼ਾਈਲਾਕ ਫੇਰ ਜਿੱਤ ਗਿਆ' ਪ੍ਰਤੀਕ ਕਹਾਣੀਆਂ ਹਨ ਜਿਨ੍ਹਾਂ ਵਿਚੋਂ ਪੂੰਜੀ-ਯੁੱਗ ਦੇ ਆਮ ਆਦਮੀ ਦੀ ਲੋਟੂ ਰੁਚੀ ਨੂੰ ਪੜ੍ਹਿਆ ਜਾ ਸਕਦਾ ਹੈ। ਆਪਣੇ ਯੁੱਗ ਦੇ ਆਮ ਵਰਤਾਰੇ ਤੇ ਭਾਵ-ਮੰਡਲ ਦੇ ਪ੍ਰਭਾਵ ਤੋਂ ਆਮ ਆਦਮੀ ਵੀ ਬਚ ਨਹੀਂ ਸਕਦਾ। ਸ਼ੋਸ਼ਣ ਦੇ ਯੁੱਗ ਵਿਚ ਵੱਡੇ ਵੱਡੇ ਪੂੰਜੀਪਤੀ ਹੀ ਮਨੁੱਖੀ ਮਿਹਨਤ ਦਾ ਸ਼ੋਸ਼ਣ ਨਹੀਂ ਕਰਦੇ, ਸਾਧਾਰਣ ਮਨੁੱਖ ਵੀ ਆਪਣੇ ਨਿੱਤ ਦੇ ਕੰਮ-ਕਾਜ ਵਿਚ ਸ਼ੋਸ਼ਣਕਾਰੀ ਵਿਹਾਰ ਕਰਦਾ ਨਜ਼ਰ ਆਉਂਦਾ ਹੈ। ਇਸ ਥੀਮ ਉਤੇ ਇਹ ਦੋਵੇਂ ਅਸਲੋਂ ਵਿਰਲੀਆਂ ਕਹਾਣੀਆਂ ਹਨ।

'ਖ਼ਜ਼ਾਨਿਆਂ ਵਾਲੇ' ਤੇ 'ਚਿੜੀਆਂ' ਪੰਜਾਬ ਦੇ ਸਮਕਾਲੀ ਸੰਕਟ ਦੀਆਂ ਕਹਾਣੀਆਂ ਹਨ। ਪਹਿਲੀ ਕਹਾਣੀ ਵਿਚ ਰਿਕਸ਼ਾ-ਵਾਹਕ, ਨਾਨਕ ਤੇ ਰਾਮ ਦੋ ਅਜਿਹੇ ਨਮੂਨਾ-ਪਾਤਰ ਯਾਨੀ ਪ੍ਰਤੀਕ ਹਨ ਜਿਨ੍ਹਾਂ ਦੀ ਰਚਨਾ ਕਰਕੇ ਕਹਾਣੀਕਾਰ ਨੇ ਸਮਕਾਲੀ ਸੰਕਟ ਨੂੰ ਇਕ ਪਾਸੇ ਪੰਜਾਬ ਦੇ ਸਭਿਆਚਾਰਕ ਪਰਿਪੇਖ ਵਿਚ ਸਥਿਤ ਕੀਤਾ ਹੈ, ਦੂਜੇ ਪਾਸੇ ਰਾਮ ਤੇ ਨਾਨਕ ਦੇ ਨਾਮ-ਲੇਵਾ ਸ਼ਿਸ਼ਾਂ (ਮੋਟੇ ਲਾਲੇ ਤੇ ਪਤਲੇ ਸਿੱਖ) ਨੂੰ ਇਹ ਦਿਖਾ ਕੇ ਕਿ ਰਾਮ ਤੇ ਨਾਨਕ ਤਾਂ ਹਾਲੇ ਵੀ ਰਿਕਸ਼ੇ ਹੀ ਖਿੱਚ ਰਹੇ ਹਨ (ਯਾਨੀ ਗਿਆਨ-ਵਿਹੂਣੀਆਂ ਲੋਥਾਂ ਹੀ ਖਿੱਚ ਰਹੇ ਹਨ) ਇਹ ਸੋਝੀ ਕਰਵਾਈ ਹੈ ਕਿ ਅਸਲ ਸੰਕਟ ਆਰਥਿਕ ਹੈ, ਧਾਰਮਿਕ ਨਹੀਂ। ਆਰਥਿਕ ਸੰਕਟ ਨੂੰ ਟਾਲਣ ਵਿਚ ਧਰਮ ਤੇ ਪੁਲੀਸ ਦੋਵੇਂ ਰਾਜਸੱਤਾ ਦੇ ਭਾਈਵਾਲ ਹਨ।

'ਚਿੜੀਆਂ' ਇਕ ਮਨੋਵਿਗਿਆਨਕ ਕਹਾਣੀ ਹੈ ਜਿਸ ਵਿਚ ਸਮਕਾਲੀ ਸੰਕਟ ਵਿਚ ਸਿੱਖ ਮਾਨਸਿਕਤਾ ਦੇ ਜ਼ਖਮੀ ਹੋਣ ਤੇ ਫਿਰ ਅਰੋਗ ਹੋ ਜਾਣ ਦੀ ਗੱਲ ਹੈ। ਪਰ ਸਿਰਫ਼ ਇਹੋ ਗੱਲ ਨਹੀਂ ਹੈ। ਕਹਾਣੀ ਦੇ ਅੰਤ ਵਿਚ ਇਕ ਜ਼ਖਮੀ ਚਿੜੀ ਦੇ ਤੰਦਰੁਸਤ ਹੋਣ ਦਾ ਵਾਕਿਆ ਬਿਆਨ ਕਰਕੇ ਲੇਖਕ ਨੇ ਕਹਾਣੀ ਨੂੰ ਇਕ ਗਹਿਰਾ ਵਿਅੰਗ-ਅਰਥ ਪ੍ਰਦਾਨ ਕੀਤਾ ਹੈ : ਜੇ ਜ਼ਖਮੀ ਮਨ ਬਦਲੇ ਦੇ ਮਰਮ ਨਾਲ ਰਾਜ਼ੀ ਹੋ ਜਾਂਦਾ ਹੈ ਤਾਂ ਇਹ ਨਿਰਾ ਬਚਗਾਨਾਪਣ ਹੈ, ਉਸ ਮਾਸੂਮ ਬਚਪਨੇ ਤੋਂ ਵੀ ਨਿੱਕਾ ਜਦੋਂ ਚਿੜੀ ਦੀ ਪੀੜ ਵੀ ਆਪਣੀ ਪੀੜ ਜਾਪਦੀ ਸੀ। ਢੰਡ ਦੀ ਇਹ ਕਹਾਣੀ ਅਸਲ ਵਿਚ ਸਾਨੂੰ ਬਾਲਗ-ਬੁੱਧ ਹੋਣ ਲਈ ਵੰਗਾਰ ਰਹੀ ਹੈ। ਉਸ ਦੀਆਂ ਇਹ ਸਾਰੀਆਂ ਕਹਾਣੀਆਂ ਪੜ੍ਹ ਕੇ ਹੀ ਬੰਦਾ ਆਪਣੇ ਬਾਲਗ ਹੋਣ ਦਾ ਬੌਧਿਕ ਆਨੰਦ ਮਹਿਸੂਸ ਕਰਦਾ ਹੈ।

[ਕੇਸਰ ਸਿੰਘ ਕੇਸਰ]



## ਚਿੰਤਨ ਤੇ ਖੁਸ਼ਬੂ [ਮਹਿਮਾ ਸਿੰਘ]

"ਚਿੰਤਨ ਤੇ ਖੁਸ਼ਬੋ" [ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਮੁੱਲ ਚਾਲੀ ਰੁਪਏ, ਪੰਨੇ 100] ਨਵੇਂ ਕਵੀ ਮਹਿਮਾ ਸਿੰਘ ਦਾ ਪਹਿਲਾ ਕਾਵਿ-ਸੰਕਲਨ ਹੈ। ਇਸ ਵਿਚ ਕਵੀ ਦੀਆਂ 67 ਕਵਿਤਾਵਾਂ ਸ਼ਾਮਲ ਹਨ। ਜਿਨ੍ਹਾਂ ਵਿਚੋਂ ਬਹੁਤੀਆਂ ਅਭਿਆਸੀ ਦੌਰ ਦੀਆਂ ਹਨ। 'ਮੁੱਢਲੇ ਸ਼ਬਦ' ਵਿਚ ਕਵੀ ਦਾ ਕਥਨ ਹੈ, "ਮੇਰੀਆਂ ਇਹ ਕਵਿਤਾਵਾਂ ਕਿਸੇ ਵੀ ਵਾਦ ਨਾਲ ਬੱਝੀਆਂ ਹੋਈਆਂ ਨਹੀਂ, ਇਹ ਤਾਂ ਸਿਰਫ ਮੇਰੇ ਅੰਤਰਮੁਖੀ ਮਨ ਦਾ ਸਫ਼ਰ ਹੈ।"

ਬਹੁਤ ਸਾਰੇ ਨਵੇਂ ਕਵੀ ਵਾਦ-ਮੁਕਤ ਹੋਣ ਵਿਚ ਮਾਣ ਮਹਿਸੂਸ ਕਰਦੇ ਹਨ। ਕਲਾ ਕਲਾ ਲਈ ਦੇ ਸਮਰਥਕ ਚਿੰਤਕ ਤੇ ਸਾਹਿਤ-ਆਲੋਚਕ ਅਜਿਹੇ ਕਵੀਆਂ ਦੀ ਪਿੱਠ-ਠੋਕਣ ਦਾ ਯਤਨ ਕਰਦੇ ਹਨ ਤੇ ਹਲਾ-ਸ਼ੇਰੀ ਦਿੰਦੇ ਹਨ ਕਿ ਵਾਦ-ਮੁਕਤ ਹੋਣਾ ਪ੍ਰਤਿਭਾ ਦੇ ਵਿਕਾਸ ਲਈ ਲਾਹੇਵੰਦਾ ਹੈ ਪਰ ਇਸ ਯੁੱਗ ਵਿਚ ਕੋਈ ਵੀ ਬੰਦਾ, ਕੋਈ ਵੀ ਲੇਖਕ ਵਾਦ-ਮੁਕਤ ਨਹੀਂ ਹੈ ਤੇ ਨਾ ਹੀ ਹੋ ਸਕਦਾ ਹੈ। ਸਿਰਫ ਮੁਰਦਾ ਸਰੀਰ ਹੀ ਵਾਦ-ਮੁਕਤ ਹੁੰਦਾ ਹੈ। ਜੀਊਂਦਾ ਜਾਗਦਾ, ਸੋਚਦਾ ਜੂਝਦਾ ਵਿਅਕਤੀ ਕੋਈ ਜੀਵਨ-ਦ੍ਰਿਸ਼ਟੀ ਰੱਖਦਾ ਹੁੰਦਾ ਹੈ। ਜੇ ਮਹਿਮਾ ਸਿੰਘ ਦੀ ਸਾਰੀ ਪੁਸਤਕ ਪੜ੍ਹੀਏ ਤਾਂ ਉਹ ਵੀ ਵਾਦ-ਮੁਕਤ ਨਹੀਂ ਹੈ। ਭਾਵੇਂ ਉਸਦੀਆਂ ਬਹੁਤ ਸਾਰੀਆਂ ਕਵਿਤਾਵਾਂ ਆਰੰਭਕ ਅਥਵਾ ਸਿਖਾਂਦਰੂ ਪੜਾ ਦੀਆਂ ਹਨ, ਫਿਰ ਵੀ ਗਹੁ ਨਾਲ ਵੇਖਿਆਂ ਉਸ ਦਾ ਜੀਵਨ-ਦ੍ਰਿਸ਼ਟੀਕੋਣ, ਉਸ ਦੀ ਦਿੱਖ, ਉਸ ਦੇ ਚਿੰਤਨ ਦੀ ਖੁਸ਼ਬੋ ਪਾਠਕ ਨੂੰ ਅਵੱਸ਼ ਪ੍ਰਤੀਤ ਹੋ ਜਾਂਦੀ ਹੈ। ਲੋੜ ਇਸ ਗੱਲ ਦੀ ਹੈ ਕਿ ਮਹਿਮਾ ਸਿੰਘ ਆਪਣੇ ਚਿੰਤਨ ਦੇ ਦਾਰਸ਼ਨਿਕ ਆਧਾਰਾਂ ਨੂੰ ਹੋਰ ਚੌੜਾ ਤੇ ਡੂੰਘਾ ਕਰੇ, ਆਪਣੀ ਥਾਂ ਨੂੰ ਆਪਣੇ ਪੈਂਤੜੇ ਨੂੰ ਸੁਚੇਤ ਹੋ ਕੇ ਪਛਾਣੇ, ਤਾਂ ਕਿ ਉਹ ਸਿਖਾਂਦਰੂ-ਪੜਾ ਲੰਘਕੇ ਛੇਤੀ ਇਕ ਵਿਸ਼ਾਲ ਘੇਰਾ ਸਿਰਜਣ ਦੇ ਸਮਰੱਥ ਹੋ ਜਾਵੇ। ਹਾਲੀ ਉਹ ਜੋ ਵੀ ਲਿਖਦਾ ਹੈ, ਆਪ-ਮੁਹਾਰੇ ਤੇ ਅਚੇਤ ਹੀ ਲਿਖੀ ਜਾ ਰਿਹਾ ਹੈ। ਚਿੰਤਨ ਨੂੰ ਗਹਿਰਾਈ ਤੇ ਪਕਿਆਈ ਦੇਣ ਦੀ ਅਵੱਸ਼ਕਤਾ ਹੈ। ਗੁੰਝਲਦਾਰ, ਵਿਰੋਧਾਂ-ਭਰੇ, ਬਹੁ-ਪਰਤੀ ਸਮਕਾਲੀ ਸਮਾਜਕ ਯਥਾਰਥ ਨੂੰ ਸਮਝਣ ਤੇ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕਰਨ ਲਈ ਨਿਸਚੇ ਹੀ ਕਵੀ ਲਈ ਆਪਣੀ ਸ਼੍ਰੇਣੀ ਦੇ ਹਿਤੂ ਵਾਦ ਪ੍ਰਤੀ ਸਹੀ ਪਹਿਚਾਣ ਪੈਦਾ ਕਰਨੀ ਅਵੱਸ਼ਕ ਹੈ। ਨਹੀਂ ਤਾਂ ਪ੍ਰਤਿਭਾ ਦੇ ਹੁੰਦਿਆਂ ਵੀ ਬਹੁਤ ਵਾਰ ਕਈ ਲੇਖਕ ਭਟਕਦੇ ਭਟਕਦੇ ਨਿਰਾਸ਼ਾ, ਬੇਹਿੰਮਤੀ ਦੀ ਹਨੇਰੀ ਗੁਫ਼ਾ ਵਿਚ ਗਰਕ ਹੋ ਜਾਂਦੇ ਹਨ।

ਮਹਿਮਾ ਸਿੰਘ ਦੀ ਕਵਿਤਾ ਵਿਚ ਹਾਲ ਦੀ ਘੜੀ ਦੋਵੇਂ ਪੱਖ ਬਰਾਬਰ ਵਿਦਮਾਨ ਹਨ। ਲੋੜ ਹੈ ਕਿ ਉਹ ਆਪਣੀ ਰਚਨਾ ਦੇ, ਨਰੋਏ, ਜਾਨਦਾਰ ਤੇ ਸਾਰਥਕ ਪਹਿਲੂਆਂ ਦੀ ਪਹਿਚਾਣ ਕਰੇ। ਰਚਨਾ ਰਾਹੀਂ ਧਰਤੀ ਦੀ ਕਾਲਖ ਧੋਣ ਦੇ ਇਸ਼ਾਰੇ ਉਸ ਦੀ ਰਚਨਾ ਵਿਚ ਥਾਂ ਪਰ ਥਾਂ ਮਿਲਦੇ ਹਨ :

ਕਾਵਿ ਦੀ ਮਿਜ਼ਬਾਨੀ ਖਾਤਰ, ਪੁਰਜ਼ਾ ਪੁਰਜ਼ਾ ਹੋ ਜਾਵਾਂਗਾ।
ਫਿਰ ਜਨਮਾਂਗਾ ਸੂਰਜ ਬਣ ਕੇ, ਕਾਲਖ ਸਾਰੀ ਧੋ ਜਾਵਾਂਗਾ।

"ਕਮਿਊਨਿਜ਼ਮ" ਕਵਿਤਾ ਦੇ ਅੰਤਲੇ ਪੈਰੇ ਵਿਚ ਮਹਿਮਾ ਸਿੰਘ ਲਿਖਦਾ ਹੈ :

ਸਿਰਾਂ ਨੂੰ ਤਲੀਆਂ 'ਤੇ ਧਰਕੇ, ਅੱਗੇ ਵੱਧ ਰਹੇ ਨੇ ਅਸਲੀ ਸੂਰਮੇਂ
ਕਿ ਇਕ ਭਿਆਨਕ ਚੀਕਦੇ ਹੋਏ, ਦਰਦ ਦਾ
ਉਪਚਾਰ ਕਰਿਆ ਜਾ ਸਕੇ
ਕਮਿਊਨਿਜ਼ਮ ! ਇਸ ਧਰਤੀ 'ਤੇ ਸਾਕਾਰ ਕਰਿਆ ਜਾ ਸਕੇ

ਅਸਲ ਵਿਚ ਅਜੋਕੇ ਪ੍ਰਸੰਗ ਵਿਚ ਹਾਲੀ ਮਹਿਮਾ ਸਿੰਘ ਜਨ-ਅਧਿਕਾਰਾਂ ਲਈ ਸੰਘਰਸ਼ਸ਼ੀਲ ਜਨ-ਵਾਦੀ ਧਿਰਾਂ ਤੇ ਸ਼ਕਤੀਆਂ ਨਾਲ ਆਪਣਾ ਸਜੀਵ ਤੇ ਨੇੜਲਾ ਰਿਸ਼ਤਾ ਸਥਾਪਤ ਨਹੀਂ ਕਰ ਸਕਿਆ। ਤਾਹੀਂ ਉਹ ਜੋ ਵੀ ਕਹਿੰਦਾ ਹੈ, ਬਹੁਤ ਵਾਰੀ ਵਿਅਕਤੀਗਤ ਤੇ ਜ਼ਾਤੀ ਸੁਰ ਵਿਚ ਕਹਿੰਦਾ ਹੋਇਆ ਇਕ ਵਿੱਥ, ਇਕ ਦੂਰੀ 'ਤੇ ਖਲੋ ਕੇ ਆਖ ਰਿਹਾ ਹੁੰਦਾ ਹੈ। ਏਸੇ ਕਾਰਨ ਬਹੁਤ ਵੇਰ ਉਹ ਕੁਝ ਕੁਝ ਨਿਰਾਸ ਤੇ ਉਦਾਸ ਵਿਖਾਈ ਦਿੰਦਾ ਪ੍ਰਤੀਤ ਹੁੰਦਾ ਹੈ :

ਲੋਕ ਨਹੀਂ ਹਨ ਕਿਤੇ
ਸਿਰਫ ਕਾਲੇ ਸੁਰਖ ਅਤੇ ਧੁੰਧਲੇ, ਸਾਏ ਜਿਹੇ ਫਿਰਦੇ ਹਨ
ਹਨੇਰਾ ਬੁੱਕਦਾ ਹੈ, ਹਨੇਰਾ ਚਾਂਗਰਦਾ ਹੈ
ਪਰ ਇਹ ਸਦੀਵੀ ਤਾਂ ਨਹੀਂ।

ਪਰ ਉਹ ਖੁਦ ਹੀ ਪਾਠਕ ਨੂੰ ਉਸ ਨਿਰਾਸ਼ਾ ਤੋਂ ਬਚਣ ਲਈ ਸਾਵਧਾਨ ਵੀ ਕਰਦਾ ਹੈ, ਭਾਵੇਂ ਬਲਵਾਨ ਤੇ ਪ੍ਰਭਾਵਸ਼ਾਲੀ ਸੁਰ ਵਿਚ ਨਾ ਵੀ ਹੋਵੇ :

ਨਿਰਾਸ਼ਾ ਵਿਚ ਨਾ ਹੋਰ ਡੁੱਬ ਦਿਨ-ਬ-ਦਿਨ
ਆਸ ਦੀ ਮਮਟੀ ਤੇ ਕੋਈ, ਦੀਪਕ ਧਰੋ।

ਮਹਿਮਾ ਸਿੰਘ ਇਸ ਨਿੱਘਰਦੀ ਜਾਂਦੀ ਸਥਿਤੀ ਵਿਚ ਸੰਘਰਸ਼ ਦੀ ਪ੍ਰੇਰਨਾ ਦਿੰਦਾ ਹੋਇਆ ਆਖਦਾ ਹੈ :

ਆ ਜਾਵੇਗੀ ਮੌਤ ਵੀ ਆਖਰ, ਨਾ ਏਨੀ ਜਲਦੀ ਕਰ
ਮੌਤ ਤੋਂ ਪਹਿਲਾਂ, ਲੋੜੀਂਦਾ ਸੰਘਰਸ਼ ਕਰੋ।

ਉਸ ਦੀਆਂ ਵਧੇਰੇ ਕਵਿਤਾਵਾਂ ਚੰਗੇਰੇ ਜੀਵਨ ਦੇ ਸੁਪਨੇ ਲੈਂਦੀਆਂ ਹਨ ਤੇ ਇਸ ਜੀਵਨ ਲਈ ਸੰਘਰਸ਼ ਲਈ ਪ੍ਰੇਰਦੀਆਂ ਹਨ। ਅਜਿਹਾ ਕਵੀ ਜਦ ਵਾਦ-ਮੁਕਤ ਹੋਣ ਦੀ ਗੱਲ 'ਭੂਮਿਕਾ' ਵਿਚ ਕਰਦਾ ਹੈ, ਤਾਂ ਹੈਰਾਨੀ ਹੁੰਦੀ ਹੈ। ਉਸਦੀ ਰਚਨਾ ਹੋਰ ਗੱਲ ਕਰਦੀ ਹੈ, ਉਸ ਦੀ 'ਭੂਮਿਕਾ' ਹੋਰ।

ਉਸਦੀਆਂ ਹੇਠਲੀਆਂ ਪੰਗਤੀਆਂ ਇਸ ਪੱਖ ਤੋਂ ਡੂੰਘਾ ਧਿਆਨ ਮੰਗਦੀਆਂ ਹਨ :

ਉਹ ਗੱਲ ਕਰੀਏ, ਜੋ ਸਫ਼ਰ ਨੂੰ ਸੇਧ ਦੇਵੇ
ਉਹ ਗੱਲ ਕਰੀਏ, ਜੋ ਦਿਲਾਂ ਨੂੰ ਮੇਲ ਦੇਵੇ
ਚਿੰਤਨ ਨੂੰ ਲਾਈਏ ਸਾਣ 'ਤੇ
ਦੁਖਿਆਰੀ ਜ਼ਿੰਦਗੀ ਲਈ, ਕਰੀਏ ਸੰਗਰਾਮ ਮਹਾਨ।

ਮਹਿਮਾ ਸਿੰਘ ਦੀਆਂ ਕੁਝ ਕਵਿਤਾਵਾਂ ਕੁਦਰਤ ਦੇ ਚਿਤਰਨ ਸੰਬੰਧੀ ਹਨ। ਉਹ



ਕਿਤੇ ਕਿਤੇ ਤੁਕਾਂਤ ਮੇਲ ਦੇਣ ਦਾ ਵੀ ਉਪਰਾਲਾ ਕਰਦਾ ਹੈ। ਪਰ ਛੰਦਬਧ ਕਵਿਤਾ ਲਿਖਦਾ ਵਜ਼ਨ ਪੱਖੋਂ ਥਿੜਕਦਾ ਹੈ। ਵਧੇਰੇ ਅਭਿਆਸ ਨਾਲ, ਉਸ ਵਿਚ ਚੰਗਾ ਕਵੀ ਬਣਨ ਦੀਆਂ ਸੰਭਾਵਨਾਵਾਂ ਮੌਜੂਦ ਹਨ। [ਹਰਭਜਨ ਸਿੰਘ ਹੁੰਦਲ]

## ਕਲਮ ਤੇ ਬੰਦੂਕ [ਤਰਲੋਕ ਮਨਸੂਰ]

'ਕਲਮ ਤੇ ਬੰਦੂਕ', ਤਰਲੋਕ, ਮਨਸੂਰ ਦਾ ਚੌਥਾ/ਪੰਜਵਾਂ ਕਹਾਣੀ ਸੰਗ੍ਰਹਿ ਹੈ, ਸਾਧਾਰਨ ਮਨੁੱਖ ਦੀ ਅੱਧੀ ਉਮਰ ਭਾਵ ਉਸਦੇ ਭਰ ਜੁਆਨ ਤੇਤੀ ਵਰ੍ਹਿਆਂ ਦਾ ਬੰਦੂਕ ਦੇ ਰਿਸ਼ਤੇ ਨਾਲ ਬਤਾਏ ਕੌੜੇ ਕੁਸੈਲੇ ਸਮਿਆਂ ਦੀਆਂ ਯਾਦਾਂ ਦਾ ਪ੍ਰਗਟਾ। ਇਸ ਵਿਚ ਕੁੱਲ ਮਿਲਾ ਕੇ ਇਕੀ ਪਾਠ ਹਨ, ਜਿਨ੍ਹਾਂ ਦੀ 'ਉਤਪਤੀ' ਦੇ ਕਾਰਨਾਂ ਦੀ ਵਿਆਖਿਆ ਉਸਨੇ 'ਸੰਕੇਤ' ਨਾਮੀ 'ਉਲਾਮੇ' ਵਿਚ ਬੇ-ਹੱਦ ਬੇ-ਬਾਕੀ ਨਾਲ ਕੀਤੀ ਹੈ। ਉਦਾਹਰਨ ਵਜੋਂ ਕੱਠ-ਪੁਤਲੇ, ਯੁੱਧ, ਅਤੀਤ ਦੇ ਪ੍ਰਛਾਵੇਂ ਤੇ ਉਡੀਕ ਆਦਿ ਪਾਠ, ਉਸਦੇ ਸੈਨਿਕ ਜੀਵਨ ਨਾਲ ਸਿੱਧੇ ਸੰਬੰਧਤ ਹਨ। ਉਸਦੇ ਆਪਣੇ ਕਥਨ ਅਨੁਸਾਰ, 'ਭਾਰਤੀ ਭਾਸ਼ਾਵਾਂ ਦੇ ਕਿਸੇ ਸਾਹਿਤਕਾਰ ਨੇ ਸੈਨਿਕ-ਜੀਵਨ ਬਾਰੇ ਏਨੀਆਂ ਕਹਾਣੀਆਂ ਨਹੀਂ ਲਿਖੀਆਂ ਜਿੰਨੀਆਂ ਉਸਨੇ ਲਿਖੀਆ ਹਨ, ਪਰ ਨਾ ਤਾਂ ਪਾਠਕਾਂ ਤੇ ਨਾਂਹ ਹੀ ਆਲੋਚਕਾਂ ਨੇ ਉਸਦੀ ਘਾਲਣਾ ਦੀ ਕਦਰ ਪਾਈ ਹੈ। ਗਿਲਾ ਉਸਦਾ ਜਾਇਜ਼ ਹੁੰਦਾ ਹੋਇਆ ਵੀ ਸਾਰਥਕ ਪ੍ਰਭਾਵ ਨਹੀਂ ਪਾਉਂਦਾ ਕਿਉਂਕਿ 'ਧਰਮ ਤੇ ਰਾਜਨੀਤੀ' ਦੇ ਰਿਸ਼ਤੇ ਦੀ ਡਾਇਲੈਕਟਕਸ ਉਹ ਨਹੀਂ ਜਿਹੜੀ ਉਸਨੇ 'ਸੰਕੇਤ ਨਾਮੀਂ ਭੂਮਿਕਾ ਵਿਚ ਸਮਝਾਈ ਹੈ, ਸਗੋਂ ਉਹ ਹੈ ਜਿਹੜੀ ਉਸਨੇ 'ਬਿੱਲੀ ਥੈਲਿਓਂ ਬਾਹਰ' ਕਹਾਣੀ ਵਿਚ ਪ੍ਰਗਟ ਕੀਤੀ ਹੈ। ਏਕਤਾ-ਅਖੰਡਤਾ, ਤੇ ਦੇਸ਼-ਭਗਤੀ ਦੀ ਮੁਹਾਰਨੀ ਹੇਠ ਘੱਟ-ਗਿਣਤੀਆਂ 'ਤੇ ਹੋ ਰਹੇ 'ਨੀਲੇ ਤਾਰੇ' ਵਰਗੇ ਤਸ਼ੱਦਦ ਭਾਰਤੀ ਸਟੇਟ ਦੇ ਖਾਸੇ ਦੀ ਮੂੰਹ ਬੋਲਦੀ ਤਸਵੀਰ ਬਣਦੇ ਹਨ। ਪਰ, ਨਾਲ ਦੀ ਨਾਲ ਦੂਜੀ ਧਿਰ ਵੱਲੋਂ ਕੀਤਾ ਜਾਂਦਾ ਧਰਮ ਤੇ ਰਾਜਨੀਤੀ ਦੇ ਅਟੁੱਟ ਰਿਸ਼ਤੇ ਦਾ ਪ੍ਰਚਾਰ, ਫੌਜੀ ਸੁਭਾ ਦੀ ਸਾਦਗੀ ਵਾਲੇ ਕਾਮੇਂ ਕਿਸਾਨ ਲੇਖਕ ਮਨਸੂਰ ਨੂੰ ਵੀ ਭੁਲੇਖਾ ਪਾਉਣ ਵਿਚ ਪੂਰਾ ਸਫ਼ਲ ਹੋਇਆ ਹੈ।

ਉਸਦੀਆਂ ਕਿਰਤਾਂ ਦਾ ਦੂਜਾ ਪਹਿਲੂ, ਗੁਰਬਖਸ਼ ਸਿੰਘ, ਨਾਨਕ ਸਿੰਘ ਦੇ ਆਦਰਸ਼ਵਾਦੀ-ਸੁਧਾਰਵਾਦੀ ਪ੍ਰਭਾਵਾਂ ਹੇਠ ਕਲਮ ਚੁੱਕਣ ਲਈ ਮਜਬੂਰ ਹੋਣਾ ਹੈ। ਪਰ ਉਸਦੇ ਆਪਣੇ ਕਥਨ ਅਨੁਸਾਰ, ਹਾਲਤ ਦੇ ਪਰਿਵਰਤਿਤ ਹੋ ਜਾਣ ਕਾਰਨ, ਹੁਣ ਉਸਨੂੰ, 'ਦੁਰਗਾ ਦੀ ਰੂਹ' 'ਨਾਨਕ ਜਿਨ ਕੇ ਸੰਗ-ਸਾਥ' 'ਸੀਤਾ ਵਰਗੀ ਨਾਰ,' 'ਨਾਰੀ ਹਿਰਦਾ,' 'ਲੋਕ-ਲਾਜ ' 'ਇਹ-ਨਿਰਦੋਸ਼ੇ' ਨਾਮੀ ਕਹਾਣੀਆਂ ਵਿਚ ਔਰਤ-ਜਾਤ, ਪਰੰਪਰਾਗਤ, ਨਿਰਬਲ, ਅਬਲਾ-ਨਾਰੀ ਨਹੀਂ ਜਾਪਦੀ ਜਿਵੇਂ ਦੀ ਉਸਦੇ ਮਹਿਬੂਬ ਲੇਖਕਾਂ ਨੂੰ ਜਾਪੀ ਸੀ। ਪਰੰਤੂ ਇਹਨਾਂ ਕਹਾਣੀ-ਟੋਟਿਆਂ ਦੇ ਪਾਠ ਉਪਰੰਤ ਮਨਸੂਰ ਸਾਹਿਬ ਦੇ ਉਪਰੋਕਤ ਬਿਆਨ ਵਿਚ ਵਿਸ਼ੇਸ਼ ਸਾਰਥਕਤਾ ਦਿਖਾਈ ਨਹੀਂ ਦਿੰਦੀ ਕਿਉਂਕਿ ਕਿਰਪਾਲ ਕੌਰ (ਦੁਰਗਾ ਦੀ ਰੂਹ) ਦੀ ਇਕੋ ਇਕ ਉਦਾਹਰਨ ਨੂੰ ਛੱਡ ਕੇ ਤਾਈ ਚੀਮੀ (ਨਾਨਕ ਜਿਨ ਕੇ ਸੰਗ ਸਾਥ), ਸੀਤਾ (ਸੀਤਾ ਵਰਗੀ ਨਾਰ), ਬੰਤੋ (ਲੋਕ-ਲਾਜ), ਰਾਣੋ (ਪ੍ਰਸ਼ਨ-ਚਿੰਨ੍ਹ) ਰਾਮ ਪ੍ਰਕਾਸ਼ ਦੀ ਪਤਨੀ (ਇਹ ਨਿਰਦੋਸ਼ੇ), ਵਿਚੋਂ ਇਕ ਵੀ ਮਨੁੱਖ-ਪ੍ਰਧਾਨ ਸਮਾਜ ਦੀਆਂ ਵਧੀਕੀਆਂ ਸਾਹਵੇਂ ਰਤਾ-

ਮਾਸਾ ਵੀ ਉਜਰ ਨਹੀਂ ਕਰਦੀਆਂ ਸਗੋਂ ਸਾਮੰਤੀ ਯੁਗ ਦੇ ਵਰਤਾਰੇ ਅੱਗੇ ਲਾਚਾਰ, ਬੇਬੱਸ, ਅਬਲਾ ਨਾਰੀਆ ਵਾਂਗ ਪੇਸ਼-ਪੇਸ਼ ਹਨ।

ਕਲਮ ਤੇ ਬੰਦੂਕ ਦੇ ਆਕਰਸ਼ਕ ਟਾਈਟਲ ਅੰਦਰਲੇ ਸਾਰੇ ਮਸੌਦੇ ਨੂੰ ਪੜ੍ਹ ਕੇ ਇਕ ਹੋਰ ਵੱਡੀ ਨਿਰਾਸ਼ਾ, ਜਿਹੜੀ ਲੇਖਕ ਨੂੰ ਪਾਠਕੀ ਹੁੰਗਾਰਾ ਨਾਂਹ ਮਿਲਣ ਦਾ ਵੱਡਾ ਕਾਰਨ ਵੀ ਹੋ ਸਕਦੀ ਹੈ ਉਹ ਹੈ ਤਰਲੋਕ ਮਨਸੂਰ ਦੀ ਆਧੁਨਿਕ ਯੁੱਗ ਦੇ ਯਥਾਰਥ-ਬੋਧ ਨੂੰ ਸਮਝਣ-ਪਰਖਣ ਦੀ ਅਸਮਰੱਥਾ। ਇਕ ਪਾਸੇ ਤਾਂ ਉਹ ਮਾਣ-ਮਰਯਾਦਾ, ਧਰਮ-ਅਧਰਮ ਉਚਿੱਤ-ਅਣਉਚਿੱਤ ਵਰਗੇ 'ਸ਼ਬਦਾਂ ਦੇ ਸੁਗਲਾਂ' ਤੋਂ ਆਕੀ ਹੈ (ਹਾਰੇ ਹੋਏ ਲੋਕ) ਦੂਜੇ ਪਾਸੇ ਉਹ ਚਰਾਸੀ ਲੱਖ ਜੂਨ (ਸੰਕੇਤ) ਭਾਗਵਾਦ, ਪੂਰਨ-ਪਰਮਾਤਮਾ, ਮਹਾਂ-ਆਨੰਦ, ਮੋਕਸ਼ (ਇਕ ਯਾਦ) ਵਰਗੀਆਂ ਮਿੱਥਾਂ-ਮਨੌਤਾਂ ਨੂੰ ਖੁਦ ਆਪ ਤਿਆਗਣ ਨੂੰ ਤਿਆਰ ਨਹੀਂ। ਸਾਮੰਤੀ ਰਿਸ਼ਤਿਆਂ ਦੀ ਧਾਰਮਿਕ-ਸਭਿਅਤਾ (Religio-Culture) ਦੇ ਇਤਿਹਾਸਕ ਪ੍ਰਭਾਵ ਤੋਂ ਨਾ ਤਾਂ ਮਨਸੂਰ ਨੇ ਹੁਣ ਤੱਕ ਆਪਣੇ ਆਪ ਨੂੰ ਮੁਕਤ ਕੀਤਾ ਹੈ ਤੇ ਨਾ ਹੀ ਆਪਣੇ ਕਿਸੇ ਪਾਤਰ ਨੂੰ ਆਪਣੇ ਪੈਰਾਂ 'ਤੇ ਆਪ ਖੜੋਣ ਦੀ ਆਗਿਆ ਦਿੱਤੀ ਹੈ (ਪੰਜਾਬੀਅਤ)। ਉਸਦੇ ਲਗਪਗ ਸਾਰੇ ਪਾਤਰ ਟਾਈਪਡ ਹਨ—ਚਾਹੇ ਉਹ ਸੀਮਾ-ਸੁਰੱਖਿਆ ਲਈ ਤਾਇਨਾਤ ਹੋਣ (ਉਡੀਕ' ਕਠਪੁੱਤਲੇ, ਯੁੱਧ) ਚਾਹੇ ਇਸ਼ਕ-ਪਿਆਰ ਦੇ ਮੋਰਚਿਆਂ 'ਤੇ (ਅਸੀਸ, ਨਾਰੀ ਹਿਰਦਾ)। ਮੱਧ ਕਾਲੀਨ ਸੁਪਨੇ-ਸਾਜ਼ੀ ਉਸਦਾ ਸਾਥ ਬਿਲਕੁਲ ਨਹੀਂ ਛੱਡਦੀ। ਜੁਆਨ-ਜਹਾਨ ਲੰਮ-ਸਲੰਮੀਆਂ ਪਰੀਆਂ ਵਰਗੀਆਂ ਨਾਰਾਂ ਦੇ ਪ੍ਰਵੇਸ਼ ਤੋਂ ਬਿਨਾਂ ਉਸਨੂੰ ਹਰ ਕਹਾਣੀ ਅਧੂਰੀ ਲੱਗਦੀ ਹੈ; ਇਸ ਕਾਰਜ ਲਈ ਭਾਵੇਂ ਉਸਨੂੰ ਕਿਸੇ ਮਹਿਬੂਬਾ (ਇਕ ਯਾਦ, ਉਡੀਕ) ਦੀ ਥਾਂ ਆਪਣੀ ਹੀ ਨੌਂਹ-ਧੀ (ਤਸਵੀਰਾਂ) ਦਾ ਵਰਨਣ ਹੀ ਕਿਉਂ ਨਾ ਕਰਨਾ ਪਵੇ।

ਇਸ ਸੱਭ ਕੁਝ ਦੇ ਬਾਵਜੂਦ ਤਰਲੋਕ ਮਨਸੂਰ ਦੀਆਂ ਭੂਮਕਾਈ ਢੰਗ ਨਾਲ ਸ਼ੁਰੂ ਹੁੰਦੀਆਂ, ਫਿਲਮੀ ਲਟਕਾ ਵਰਗੇ ਇਕਹਿਰੇ ਪਿੰਡੇ ਦੀਆਂ ਉਪ-ਭਾਵੁਕ, ਡਾਇਰੀ ਵਰਗੀਆਂ ਸਾਰੀਆਂ ਕਥਾਵਾਂ ਵਿਚ ਕੁਝ ਨਾ ਕੁਝ ਅਜਿਹਾ ਜ਼ਰੂਰ ਹੈ ਜਿਸਦਾ ਪਾਠਕੀ ਜਗਤ ਨੂੰ ਮੁੱਲ ਪਾਉਣਾ ਬਣਦਾ ਹੈ – ਉਹ ਹੈ ਉਸਦੀ ਨੇਕ-ਦਿਲੀ, ਖੁਲ੍ਹ-ਦਿਲੀ ਤੇ ਸਾਹਿਤਕ-ਇਮਾਨਦਾਰੀ। ਉਹ ਰੋਜ਼ੀ-ਰੋਟੀ ਲਈ ਫ਼ੌਜੀ ਬਣੇ ਮਨੁੱਖ ਨੂੰ ਸਿਆਸਤਦਾਨ ਵੱਲੋਂ ਕੱਠ-ਪੁਤਲੀਆਂ ਬਣਾਏ ਜਾਣ ਤੋਂ ਬੇ-ਹੱਦ ਦੁਖੀ ਹੈ, (ਕੱਠ-ਪੁਤਲੇ)। ਭੁੱਖ-ਪਿਆਸ ਕੱਟ ਕੇ ਹੱਦਾਂ-ਸਰਹੱਦਾਂ ਦੀ ਰਾਖੀ ਕਰਦੇ ਯੋਧਿਆਂ ਨਾਲ ਉਸਨੂੰ ਪੂਰੀ ਹਮਦਰਦੀ ਹੈ (ਯੁੱਧ) ਮਾਨਵੀ ਕਦਰਾਂ-ਕੀਮਤਾਂ ਦੇ ਦੂਰ ਹੇਠਾਂ ਤੱਕ ਹੋ ਰਹੇ ਸ਼ੋਸ਼ਨ ਤੋਂ ਪੂਰੀ ਨਫ਼ਰਤ ਹੈ (ਪਾਤਾਲਾਂ-ਪਾਤਾਲ) ਦਾਜ ਦੀ ਬਲ੍ਹੀ ਚੜ੍ਹਦੀਆਂ ਸਬਕ ਜਿਹੀਆਂ ਮੁਟਿਆਰਾਂ ਨਾਲ ਡੂੰਘੀ ਹਮਦਰਦੀ ਹੈ (ਪ੍ਰਸ਼ਨ-ਚਿੰਨ੍ਹ, ਅਸੀਸ) ਫਰਜ਼-ਸ਼ਨਾਖ ਇਸਤਰੀਆ ਲਈ ਪੂਰਾ ਸਤਿਕਾਰ ਹੈ (ਨਾਰੀ ਹਿਰਦਾ, ਸੀਤਾ ਵਰਗੀ ਨਾਰ)। ਅਤੇ ਲੇਖਕ ਇਹ ਹਮਦਰਦੀ, ਸਹਾਨੁਭੂਤੀ, ਸਤਿਕਾਰ-ਨਫ਼ਰਤ ਕੇਵਲ ਆਪਣੇ ਤੱਕ ਸੀਮਤ ਨਹੀਂ ਰੱਖਦਾ, ਹਰ ਪ੍ਰਾਣੀ ਤੱਕ ਅਪੜਦੀ ਕਰਨ ਲਈ ਬੇਤਾਬ ਹੈ। ਇਕ ਨਵੇਂ ਨਰੋਏ ਸਮਾਜ ਦੀ ਉਸਾਰੀ ਲਈ ਬੇਚੈਨ ਹੈ। ਪਰ ਇਹ ਸਭ ਕਰਨ ਲਈ ਉਸਨੂੰ ਕਿਰਪਾਲ ਕੌਰ (ਦੁਰਗਾ ਦੀ ਰੂਹ) ਵਰਗੇ ਪਾਤਰਾਂ ਦੀ ਘਾੜਤ ਦੀ ਲੋੜ ਹੈ ਨਾ ਕਿ ਤਾਈ ਚੀਮੀ, ਸੀਤਾ, ਬੰਤੋ, ਰਾਣੋ ਵਰਗੇ ਸੰਸਕਾਰਾਂ, ਰੀਤੀ-ਰਿਵਾਜ ਦੀ ਪਿੱਠ ਪੂਰਦੇ ਪਿਛੱਲਖੁਰੇ ਪਾਤਰਾਂ ਦੀ। ਤਰਲੋਕ ਮਨਸੂਰ ਦੀ ਦੁਬਿਧਾ ਹੀ ਇਹ ਹੈ ਕਿ ਉਹ ਧਰਮ, ਮਾਨ-ਮਰਿਆਦਾ, ਵਫ਼ਾ, ਉਚਿਤ-ਅਣ-ਉਚੱਤ ਵਰਗੇ ਕੋਰੇ ਅਤੇ ਰੁੱਖ ਸ਼ਬਦਾਂ ਦੇ ਅਰਥਾਂ 'ਤੇ ਜ਼ੋਰਦਾਰ ਕਿਤੂ ਕਰਦਾ ਹੋਇਆ (ਹਾਰੇ ਹੋਏ ਲੋਕ) ਖੁਦ ਇਹਨਾਂ ਦੀ ਜਕੜ ਅੰਦਰ ਘਿਰਿਆ ਹੋਇਆ ਹੈ। ਪਰੰਪਰਾਗਤ ਭਾਰਤੀ ਚਿੰਤਨ-ਵਿਧੀ ਵਾਲੀ ਅਜਿਹੀ ਸਹਿਤ-ਰਚਨਾ, ਨਾ-ਚਾਹੁੰਦਿਆਂ ਹੋਇਆਂ ਵੀ ਉਸ ਜਮਾਤ ਦਾ ਪੱਖ ਪੂਰਦੀ ਹੈ, ਜਿਸ ਤੋਂ ਇਕੱਲਾ ਮਨਸੂਰ ਹੀ ਨਹੀਂ, ਹੋਰ ਵੀ ਅਨੇਕਾਂ ਕਲਮਾਂ ਛੁਟਕਾਰਾ ਪਾਉਣਾ ਚਾਹੁੰਦੀਆਂ ਹਨ। ਇਹ ਕੰਮ ਉਪਰੋਕਤ ਧਾਰਨਾਵਾਂ ਦਾ ਖੰਡਨ-ਮੰਡਨ ਕਰਨ ਵਾਲੀ ਕਿਸੇ ਨਰੋਈ ਪਹੁੰਚ ਰਾਹੀਂ ਹੀ ਹੋ ਸਕਦਾ ਹੈ, 'ਕਲਮ ਤੇ ਬੰਦੂਕ' ਵਿਚਲੀ ਪਹੁੰਚ ਨਾਲ ਹਰਗਿਜ਼ ਨਹੀਂ।

[ਲਾਲ ਸਿੰਘ]

## ਜ਼ਖ਼ਮੀ ਗੁਲਾਬ [ਸ਼ਾਹ ਚਮਨ]

'ਜ਼ਖ਼ਮੀ ਗੁਲਾਬ' [ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ] ਸ਼ਾਹ ਚਮਨ ਦਾ ਦੂਜਾ ਨਾਵਲ ਹੈ 'ਹਨੇਰੇ ਵਿਚ ਘਿਰਿਆ ਮਨੁੱਖ' ਲੇਖਕ ਦਾ ਪਹਿਲਾ ਨਾਵਲ ਸੀ ਜੋ 1986 ਵਿਚ ਪ੍ਰਕਾਸ਼ਿਤ ਹੋਇਆ ਸੀ। ਆਪਣੇ ਪਹਿਲੇ ਨਾਵਲ ਨਾਲ ਹੀ ਲੇਖਕ ਨੇ ਪੰਜਾਬੀ ਨਾਵਲ-ਸਾਹਿਤ ਵਿਚ ਆਪਣੀ ਥਾਂ ਬਣਾ ਲਈ ਸੀ। ਇਨ੍ਹਾਂ ਦੋਵੇਂ ਨਾਵਲਾਂ ਤੋਂ ਇਲਾਵਾ ਲੇਖਕ ਦੀਆਂ ਤਿੰਨ ਕਾਵਿ-ਪੁਸਤਕਾਂ ਵੀ ਛਪ ਚੁੱਕੀਆਂ ਹਨ।

'ਜ਼ਖ਼ਮੀ ਗੁਲਾਬ' ਵਿਚ ਸਿਰਜਿਤ ਵਸਤੂ-ਜਗਤ ਪਿਛਲੇ ਅੱਠ ਦਸ ਸਾਲਾਂ ਵਿਚ ਪੰਜਾਬੀਆਂ ਦੇ ਭੋਗੇ ਸੰਤਾਪ ਨਾਲ ਸੰਬੰਧਿਤ ਹੈ। ਲੇਖਕ ਨੇ ਪੰਜਾਬ ਦੇ ਇਸ ਸੰਤਾਪ ਨੂੰ ਪੰਜਾਬ ਦੇ ਸੰਘਰਸ਼ਸ਼ੀਲ ਤੇ ਮਨੁੱਖਤਾਵਾਦੀ ਵਿਰਸੇ ਦੇ ਪਰਿਪੇਖ ਵਿਚ ਰੱਖ ਕੇ ਪੇਸ਼ ਕੀਤਾ ਹੈ। ਪੰਜਾਬ ਦੇ ਸੰਤਾਪ ਨੂੰ ਪ੍ਰਗਟਾਉਣ ਦੇ ਇਸ ਵਿਸ਼ੇਸ਼ ਸੁਭਾਅ ਕਾਰਨ ਇਸ ਨਾਵਲ ਦਾ ਮੁੱਲ ਬਹੁਤ ਵਧ ਜਾਂਦਾ ਹੈ। ਇਸ ਦੌਰ ਵਿਚ ਪ੍ਰਕਾਸ਼ਿਤ ਪੰਜਾਬ ਨਾਲ ਸੰਬੰਧਿਤ ਬਹੁਤੀਆਂ ਰਚਨਾਵਾਂ ਸਥਿਤੀ ਉਤੇ ਅੱਥਰੂ ਵਹਾਉਣ ਵਾਲੀਆਂ ਹੀ ਹਨ। ਅਜਿਹੀਆਂ ਰਚਨਾਵਾਂ ਬਹੁਤ ਥੋੜਾਆਂ ਹਨ ਜਿਹੜੀਆਂ ਪੰਜਾਬੀਆਂ ਦੇ ਸੰਘਰਸ਼ਸ਼ੀਲ ਵਿਰਸੇ ਨੂੰ ਰੂਪਮਾਨ ਕਰਦੀਆਂ ਹੋਣ ਤੇ ਅਜੋਕੀ ਸਥਿਤੀ ਦੇ ਵਿਗਿਆਨਕ ਵਿਸ਼ਲੇਸ਼ਣ ਰਾਹੀਂ ਪੰਜਾਬੀਆਂ ਦੇ ਸੰਗਰਾਮੀ ਮਨੁੱਖਤਾਵਾਦੀ ਜੁਝਾਰੂ ਵਿਰਸੇ ਨੂੰ ਪ੍ਰਗਟਾਉਂਦੀਆਂ ਹੋਣ। ਸ਼ਾਹ ਚਮਨ ਦਾ ਨਾਵਲ 'ਜ਼ਖ਼ਮੀ ਗੁਲਾਬ' ਇਸ ਪੱਖੋਂ ਵਿਲੱਖਣ ਰਚਨਾ ਹੈ।

'ਜ਼ਖ਼ਮੀ ਗੁਲਾਬ' ਵਿਚ ਲੇਖਕ ਨੇ ਅਜੋਕੇ ਸਮੇਂ ਦੇ ਦੁਖਾਂਤ ਨੂੰ ਸਿਰਜਣ ਲਈ ਪੰਜਾਬ ਦੇ ਪੌਣੀ ਸਦੀ ਦੇ ਇਤਿਹਾਸ ਨੂੰ ਵੀ ਸਿਰਜਿਆ ਹੈ। ਇਸ ਵਿਧੀ ਰਾਹੀਂ ਲੇਖਕ ਨੇ ਨੇੜਲੇ ਇਤਿਹਾਸ ਵਿਚੋਂ ਅਜੋਕੇ ਸਮੇਂ ਵਿਚ ਪੰਜਾਬੀਅਤ ਦੀ ਹੋਈ ਦੁਰਦਸ਼ਾ ਦੇ ਕਾਰਨਾਂ ਨੂੰ ਖੋਜਿਆ ਹੈ। ਦੁਰਦਸ਼ਾ ਦੇ ਕਾਰਨਾਂ ਨੂੰ ਉਘਾੜਨ ਲਈ ਲੇਖਕ ਨੇ ਲੋਕ-ਪੱਖੀ ਤੇ ਲੋਕ-ਵਿਰੋਧੀ ਧਿਰਾਂ ਨੂੰ ਪੂਰਨ ਰੂਪ ਵਿਚ ਉਘਾੜਿਆ ਹੈ। ਲੇਖਕ ਨੇ ਇਨ੍ਹਾਂ ਧਿਰਾਂ ਦੀ ਸਿਰਜਣਾ ਰਾਹੀਂ ਸਾਮਰਾਜ, ਭਾਰਤੀ ਸ਼ਾਸਕ ਜਮਾਤਾਂ ਤੇ ਧਾਰਮਿਕ ਮੂਲਵਾਦ ਨੂੰ ਪੰਜਾਬ ਤੇ ਪੰਜਾਬੀਅਤ ਵਿਰੋਧੀ ਸ਼ਕਤੀਆਂ ਦੇ ਰੂਪ ਵਿਚ ਸਿਰਜਿਆ ਹੈ। ਮੁਸਲਮ ਲੀਗ, ਧਰਮ ਯੁੱਧ ਮੋਰਚਾ,

ਧਾਰਮਿਕ ਮੂਲਵਾਦ ਦੀ ਕੇਂਦਰੀ ਸਰਕਾਰ ਨਾਲ ਭਾਈਵਾਲੀ, ਅਤਿਵਾਦੀਆਂ ਦਾ ਜ਼ਾਲਮ ਤੇ ਘਿਰਣਿਤ ਮਨੁੱਖ-ਵਿਰੋਧੀ ਰੂਪ ਕੇਂਦਰ ਸਰਕਾਰ ਦੀ ਨਾ-ਅਹਿਲੀਅਤ ਤੇ ਲੋਕ-ਵਿਰੋਧੀ ਕੂੜ-ਨੀਤੀ ਦਾ ਨਾਵਲ ਵਿਚ ਵਿਗਿਆਨਕ ਵਿਸ਼ਲੇਸ਼ਣ ਕੀਤਾ ਗਿਆ ਹੈ। ਮਹਿਲ ਸਿੰਘ, ਸੁਰਿੰਦਰ ਸਿੰਘ ਆਦਿ ਅਜਿਹੇ ਸਾਧਾਰਣ ਸਿੱਖ ਪਾਤਰ ਹਨ ਜਿਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਦਿੱਲੀ ਦੰਗ ਤੇ ਅਪਰੇਸ਼ਨ ਬਲਿਊ ਸਟਾਰ ਧਾਰਮਿਕ ਮੂਲਵਾਦ ਵੱਲ ਧਕੇਲ ਦਿੰਦੇ ਹਨ। ਸੇਵਾ ਸਿਘ ਤੇ ਦੂਜੇ ਅਤਿਵਾਦੀ ਪਾਤਰਾਂ ਦੇ ਚਿਤਰਨ ਰਾਹੀਂ ਅਤਿਵਾਦੀਆਂ ਦੇ ਸਿਧਾਂਤ-ਵਿਹੂਣ, ਸਮਾਜ-ਵਿਰੋਧੀ ਸੁਭਾਅ ਨੂੰ ਪੇਸ਼ ਕੀਤਾ ਗਿਆ ਹੈ।

ਲੇਖਕ ਇਕ ਪਾਸ ਰਜਿਨੀਤਿਕ ਪਿੜ ਵਿਚ ਸਾਮਰਾਜ ਵੱਲੋਂ ਜਗੀਰਦਾਰੀ ਵਿਵਸਥਾ ਵਿਚਲੇ ਧਾਰਮਿਕ ਮੂਲਵਾਦ ਨੂੰ ਪੁਨਰ-ਸੁਰਜੀਤ ਕਰਨ ਤੇ ਭਾਰਤੀ ਸ਼ਾਸਕ ਜਮਾਤਾਂ ਵੱਲੋਂ ਆਪਣੇ ਸੰਕੀਰਣ ਰਾਜਨੀਤਿਕ ਤੇ ਆਰਥਿਕ ਹਿੱਤਾਂ ਕਾਰਨ ਇਸ ਨਾਲ ਭਾਈਵਾਲੀ ਪਾਉਣ ਤੇ ਇਨ੍ਹਾਂ ਸਮੱਸਿਆਵਾਂ ਨੂੰ ਲੰਮੇ ਅਰਜੇ ਤੱਕ ਲਮਕਾਉਣ ਦੇ ਕਾਰਨਾਂ ਵਿਚ ਜਾਂਦਾ ਹੈ। ਇਸ ਪ੍ਰਕਾਰ ਹੀ ਲੇਖਕ ਨੇ ਦੂਜੇ ਪਾਸੇ ਸਮਾਜਕ ਪਿੜ ਵਿਚ ਜਗੀਰਦਾਰੀ ਵਿਵਸਥਾ ਤੋਂ ਉਤਪੰਨ ਪਿਛਾਂਹ-ਖਿਚੂ ਪਰੰਪਰਾਗਤ ਸਮਾਜਕ ਕੀਮਤਾਂ ਦੇ ਮਨੁੱਖ-ਵਿਰੋਧੀ ਰੂਪ ਨੂੰ ਰਚਨਾ ਵਿਚ ਇਸਤਰੀ ਪਾਤਰ ਸੁਰਜੀਤ ਤੇ ਗੁਰਿੰਦਰ ਦੇ ਪਿਆਰ ਤੇ ਵਿਆਹ ਸੰਬੰਧੀ ਉਪਜੇ ਤਨਾਉ ਤੇ ਟਕਰਾਉ ਦੇ ਬਿਰਤਾਂਤ ਰਾਹੀਂ ਪ੍ਰਗਟ ਕੀਤਾ ਹੈ। ਨਾਵਲ ਦੇ ਇਸਤਰੀ ਪਾਤਰ—ਸੁਰਜੀਤ, ਉਸ ਦੀ ਮਾਮੀ ਸੀਤਲ ਕੌਰ, ਹਰਨਾਮ ਕੌਰ ਤੇ ਮਰਦ ਪਾਤਰ ਸੁਰਜੀਤ ਦਾ ਵੱਡਾ ਮਾਮਾ ਇਨ੍ਹਾਂ ਕੀਮਤਾਂ ਤੋਂ ਉਪਜੇ ਦੁਖਾਂਤ ਨੂੰ ਭੋਗ ਰਹੇ ਹਨ। ਪਰੰਪਰਾਗਤ ਪਿਛਾਂਹ-ਖਿਚੂ ਇਸ ਕੀਮਤ-ਪ੍ਰਬੰਧ ਦੇ ਜਮਘਟ ਵਿਚ ਵੀ ਆਜ਼ਾਦੀ ਘੁਲਾਟੀਆ ਤੇ ਅਹਿੰਸਾ-ਤਮਕ ਗੁਰਦੁਆਰਾ ਸੁਧਾਰ ਲਹਿਰ ਦੀ ਉਪਜ ਗਿਆਨੀ ਗਿਆਨ ਸਿੰਘ ਤੇ ਗਿਆਨੀ ਪੂਰਨ ਸਿੰਘ ਜੋ ਸਿੱਖੀ ਦੇ ਸਹੀ ਪੈਰੋਕਾਰ ਹਨ ਸੁਰਿੰਦਰ ਤੇ ਸੁਰਜੀਤ ਦੇ ਹੱਕ ਵਿਚ ਉਸਾਰੂ ਭੂਮਿਕਾ ਨਿਭਾਉਂਦੇ ਹਨ। ਖੱਬੇ-ਪੱਖੀ ਸ਼ਕਤੀਆਂ ਦੇ ਪ੍ਰਤੀਕ ਪਾਤਰ ਸ਼ਾਮ ਸੁੰਦਰ ਤੇ ਅਰਜਨ ਸਿੰਘ ਵੀ ਨਵੇਂ ਮਨੁੱਖ-ਪੱਖੀ ਕੀਮਤ-ਪ੍ਰਬੰਧ ਨੂੰ ਸਿਰਜਣ ਵਾਲੇ ਸੰਘਰਸ਼ਸ਼ੀਲ ਪਾਤਰ ਹਨ।

ਇਸ ਪ੍ਰਕਾਰ ਹੀ ਪੰਜਾਬ ਦੇ ਰਾਜਨੀਤਿਕ ਇਤਿਹਾਸ ਦੇ ਪਰਿਪੇਖ ਵਿਚ ਅਹਿੰਸਾ-ਤਮਕ ਗੁਰਦੁਆਰਾ ਸੁਧਾਰ ਲਹਿਰ, ਆਜ਼ਾਦੀ ਦੀ ਲਹਿਰ, ਧਾਰਮਿਕ ਮੂਲਵਾਦ ਵਿਰੁੱਧ ਖੱਬੇ-ਪੱਖੀ ਸ਼ਕਤੀਆਂ ਦੇ ਸੰਘਰਸ਼ ਨੂੰ ਮਨੁੱਖਵਾਦੀ ਜੁਝਾਰੂ ਪੰਜਾਬੀਆਂ ਦੇ ਵਿਰਸੇ ਦੀਆਂ ਹਾਂ-ਪੱਖੀ ਸ਼ਕਤੀਆਂ ਦੇ ਰੂਪ ਵਿਚ ਸਿਰਜਿਆ ਗਿਆ ਹੈ। ਧਾਰਮਿਕ ਮੂਲਵਾਦ ਉਤੇ ਆਧਾਰਿਤ ਕਤਲੋਗਾਰਤ ਕਰਨ ਵਾਲੀਆਂ ਸ਼ਕਤੀਆਂ ਨੂੰ ਔਰੰਗਜ਼ੇਬ ਦੇ ਰੂਪ ਵਿਚ ਸਿਰਜਣਾ ਲੇਖਕ ਦੀ ਵਿਗਿਆਨਕ ਸਪਸ਼ਟਤਾ ਹੈ। 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਤੇ 'ਸਰਬਤ ਦਾ ਭਲਾ' ਦੀਆਂ ਧਾਰਨਾਵਾਂ ਆਦਿ ਪੰਜਾਬੀ ਵਿਰਸੇ ਦੀਆਂ ਹਾਂ-ਪੱਖੀ ਸ਼ਕਤੀਆਂ ਨੂੰ ਅਜੋਕੇ ਸਮੇਂ ਦੀਆਂ ਉਪਰੋਕਤ ਲੋਕ-ਪੱਖੀ ਸੰਗਰਾਮੀ ਸ਼ਕਤੀਆਂ ਰਾਹੀਂ ਰੂਪਮਾਨ ਕੀਤਾ ਗਿਆ ਹੈ। ਨਾਵਲ ਵਿਚ ਸਿਰਜਿਤ ਪਾਤਰ ਗਿਆਨੀ ਗਿਆਨ ਸਿੰਘ ਤੇ ਗਿਆਨੀ ਪੂਰਨ ਸਿੰਘ ਸਿੱਖੀ ਦੇ ਅਸਲ ਵਾਰਿਸਾਂ ਦੇ ਰੂਪ ਵਿਚ ਸਿਰਜ ਗਏ ਹਨ। ਇਹੋ ਕਾਰਨ ਹੈ ਕਿ ਆਜ਼ਾਦੀ ਦਾ ਘੁਲਾਟੀਆ ਤੇ ਗੁਰਦੁਆਰਾ ਸੁਧਾਰ ਲਹਿਰ ਦਾ ਸੂਰਮਾ ਗਿਆਨ ਸਿੰਘ ਧਰਮ ਯੁੱਧ ਮੋਰਚੇ



ਤੇ ਅਤਿਵਾਦੀ ਸਿੰਘਾਂ' ਨਾਲੋਂ ਆਪਣਾ ਤੋੜ-ਵਿਛੋੜਾ ਕਰ ਲੈਂਦਾ ਹੈ।

ਨਿਸੰਦੇਹ, ਇਹ ਨਾਵਲ ਇਕ ਸ਼ਕਤੀਸ਼ਾਲੀ ਰਚਨਾ ਹੈ, ਪਰ ਨਾਵਲ-ਕਲਾ ਪੱਖੋਂ ਇਸ ਵਿਚ ਸਭ ਤੋਂ ਵੱਡੀ ਊਣਤਾਈ ਇਹ ਹੈ ਕਿ ਲੇਖਕ ਥਾਂ ਪੁਰ ਥਾਂ ਹਾਜ਼ਰ ਰਹਿੰਦਾ ਹੈ ਤੇ ਬੇਵਜ੍ਹਾ ਨਾਵਲ ਵਿਚ ਸਿਰਜਿਤ ਸਥਿਤੀਆ ਤੇ ਪਾਤਰਾਂ ਉਤੇ ਟਿਪਣੀਆਂ ਕਰਦਾ ਹੈ। ਨਾਵਲ ਦੇ ਅੰਤਲੇ ਭਾਗ ਵਿਚ ਇਹ ਊਣਤਾਈ ਸਭ ਤੋਂ ਵਧੇਰੇ ਹੈ। ਮਿਸਾਲ ਦੇ ਤੌਰ 'ਤੇ ਗਿਆਨੀ ਗਿਆਨ ਸਿੰਘ ਤੇ ਪੂਰਨ ਸਿਘ ਵਰਗ ਸ਼ਕਤੀਸ਼ਾਲੀ ਪਾਤਰਾਂ ਦੀ ਸਿਰਜਣਾ ਉਪਰੰਤ ਉਮਰਾਨੰਗਲ ਦਾ ਸਿਧਾ ਜ਼ਿਕਰ ਕਰਨਾ ਤੇ ਸਵੇ ਦੀ ਸਿਰਜਣਾ ਉਪਰੰਤ ਭਿੰਡਰਾਂਵਾਲੇ ਉਤੇ ਟਿੱਪਣੀਆਂ ਕਰਨਾ ਨਾਵਲੀ ਰਚਨਾ ਦੇ ਪ੍ਰਭਾਵ ਨੂੰ ਫਿਕਾ ਪਉਂਦਾ ਹੈ। ਨਾਵਲ ਤਾਂ ਇਕ ਸਿਰਜਿਤ ਸੰਸਾਰ ਹੈ ਤੇ ਇਸ ਵਿਚ ਲੇਖਕ ਨੂੰ ਉਸ ਪ੍ਰਕਾਰ ਹੀ ਹਾਜ਼ਰ ਰਹਿਣਾ ਚਾਹੀਦਾ ਹੈ ਜਿਸ ਪ੍ਰਕਾਰ 'ਰੱਬ' (ਜੇ ਹੈ) ਸ੍ਰਿਸ਼ਟੀ ਵਿਚ ਵਿਦਮਾਨ ਹੈ ਲੇਖਕ ਨੂੰ ਪਾਤਰਾਂ ਤੇ ਘਟਨਾਵਾਂ ਰਾਹੀਂ ਹੀ ਆਪਣੀ ਗੱਲ ਕਹਿਣੀ ਚਾਹੀਦੀ ਹੈ।

[ਮਾਨ ਸਿੰਘ ਢੀਂਡਸਾ]

## ਸ਼ਬਨਮ ਨਹੀਂ ਆਈ [ਹਰਭਜਨ ਸਿੰਘ ਹੁੰਦਲ]

ਪੰਜਾਬੀ ਕਾਵਿ-ਜਗਤ ਵਿਚ ਹਰਭਜਨ ਸਿੰਘ ਹੁੰਦਲ ਇਕ ਜਾਣਿਆ-ਪਹਿਚਾਣਿਆ ਹਸਤਾਖਰ ਹੈ। ਉਹ ਲਗਾਤਾਰ ਲਿਖ ਰਿਹਾ ਹੈ। ਆਪਣੇ ਪ੍ਰਥਮ ਕਾਵਿਤਾ ਸੰਗ੍ਰਹਿ 'ਮਖੌਟੇ' ਤੋਂ ਤੁਰ ਕੇ ਹੱਥਲੇ ਸੰਗ੍ਰਹਿ [ਸ਼ਬਨਮ ਨਹੀਂ ਆਈ ਪੰਨੇ 36, ਮੁੱਲ 12 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ] ਤਕ ਉਸਨੇ ਲੰਮਾ ਸਫ਼ਰ ਤੈ ਕੀਤਾ ਹੈ। ਸਾਦਗੀ, ਸਪ-ਸ਼ਟਤਾ, ਚੇਤਨਾ ਤੇ ਸੰਘਰਸ਼ਸ਼ੀਲਤਾ ਉਸ ਦੀ ਕਵਿਤਾ ਦੇ ਮੁੱਖ ਲੱਛਣ ਹਨ।

ਹੁੰਦਲ ਨਿਮਨ ਮਧਵਰਗ ਵਿਚੋਂ ਉਠਕੇ ਮਧਵਰਗ ਤਕ ਗਿਆ ਹੈ। ਉਸ ਦਾ ਮੂਲ ਕਿਸਾਨੀ ਵਿਚ ਹੈ। ਉਹ ਜਿੱਥੇ ਕਿਸਾਨੀ ਦੀਆਂ ਆਰਥਿਕ, ਸਮਾਜਕ ਤੇ ਮਾਨਸਿਕ ਪ੍ਰਵਿਰਤੀਆ ਨੂੰ ਜਿਉਂਕੇ ਉਹਨਾਂ ਨੂੰ ਚਿਤਰਦਾ ਹੈ ਉਥੇ ਉਹ ਦੂਜੀਆਂ ਜਮਾਤਾਂ, ਖਾਸ ਕਰਕੇ ਮਜ਼ਦੂਰ ਜਮਾਤ ਤੇ ਸ਼ਹਿਰੀ ਮੱਧਵਰਗ, ਦੀ ਆਰਥਿਕ ਸਮਾਜਕ ਤੇ ਮਾਨਸਿਕ ਸਥਿਤੀ ਨੂੰ ਵੀ ਡੂੰਘੀ ਤਰ੍ਹਾਂ ਸਮਝਦਾ ਹੈ ਅਤੇ ਆਪਣੀ ਕਲਾ ਦਾ ਵਿਸ਼ਾ ਬਣਾਉਂਦਾ ਹੈ। ਹੁੰਦਲ ਦੀ ਵਿਲੱਖਣਤਾ ਇਹ ਹੈ ਕਿ ਉਹ ਸਮਾਜ ਅੰਦਰ ਚੱਲ ਰਹੀ ਹਰ ਆਰਥਿਕ ਸਮਾਜਕ ਤੇ ਰਾਜਸੀ ਲਹਿਰ ਨੂੰ ਨੀਝ ਨਾਲ ਘੋਖਦਾ ਪਰਖਦਾ ਤੇ ਵਿਗਿਆਨਕ ਦ੍ਰਿਸ਼ਟੀ ਤੋਂ ਉਸ ਬਾਰੇ ਪ੍ਰਤੀਕਰਮ ਦਿੰਦਾ ਹੈ ਉਹ ਕਦੇ ਵੀ ਉਪਭਾਵਕ ਨਹੀਂ ਹੁੰਦਾ; ਗੰਭੀਰਤਾ ਤੇ ਦ੍ਰਿੜਤਾ ਨਾਲ ਆਪਣੀ ਗੱਲ ਕਰਦਾ ਹੈ। ਆਪਣੀ ਪਸੰਦ ਤੇ ਨਫਰਤ ਦਾ ਪ੍ਰਗਟਾਵਾ ਕਰਦਾ ਹੈ। ਵਿਰੋਧੀ ਉਤੇ ਵਿਅੰਗ ਦਾ ਵਾਰ ਕਰਦਾ ਹੈ। ਮੂਲ ਰੂਪ ਵਿਚ ਉਹ ਪਰੋਲੇਤਾਰੀ ਮਾਨਵ-ਵਾਦੀ ਹੈ ਭਾਵ ਉਸਦਾ ਮਾਨਵਵਾਦ ਜਮਾਤੀ ਦ੍ਰਿਸ਼ਟੀ ਤੋਂ ਨਿਰਲੇਪ ਨਹੀਂ ਹੈ।

ਅਜੋਕੀ ਪੰਜਾਬੀ ਕਵਿਤਾ ਜਿਥੇ ਵਿਸ਼ੇ ਪੱਖੋਂ ਕਾਫੀ ਸਪਸ਼ਟ ਹੈ ਉਥੇ ਰੂਪਕ ਪੱਖ ਤੋਂ ਸੰਕਟ-ਗ੍ਰਸਤ ਹੈ। ਬਹੁਤੀ ਲਿਖੀ ਜਾ ਰਹੀ ਕਵਿਤਾ ਸਾਧਾਰਨ ਜਨ-ਮਾਨਸਿਕਤਾ ਨੂੰ ਟੁੰਬਦੀ ਨਹੀਂ ਹੈ। ਉਸਦੀ ਸੁਹਜ-ਦ੍ਰਿਸ਼ਟੀ ਦੀ ਸੰਤੁਸ਼ਟੀ ਨਹੀਂ ਕਰਦੀ। ਪੰਜਾਬੀ ਮਨ

ਹਾਲੇ ਵੀ ਤੁਕਬੰਦ ਕਵਿਤਾ ਤੋਂ ਬਿਨਾਂ ਕਿਸੇ ਹੋਰ ਰੂਪ ਨੂੰ ਕਵਿਤਾ ਮੰਨਣ ਦੇ ਸਮਰੱਥ ਨਹੀਂ ਹੋਇਆ। ਖਾਸ ਕਰਕੇ ਬੋਝਲ ਬਿੰਬਾਂ ਤੇ ਪ੍ਰਤੀਕਾਂ ਵਾਲੀ ਕਵਿਤਾ ਤੋਂ ਉਹ ਅਸੰਤੁਸ਼ਟ ਹੈ। ਇਸ ਵਿਚ ਕਈ ਸ਼ੱਕ ਨਹੀਂ ਕਿ ਬੌਧਿਕ ਗਹਿਰਾਈ ਦਾ ਹੋਣਾ ਕਿਸੇ ਵੀ ਸਾਹਿਤ-ਰਚਨਾ ਦਾ ਇਕ ਅਹਿਮ ਗੁਣ ਹੈ। ਪਰੰਤੂ ਕਵਿਤਾ ਵਿਚ ਕਾਵਿਕਤਾ ਤਾਂ ਅਵੱਸ਼ ਹੋਣੀ ਚਾਹੀਦੀ ਹੈ। ਹੁੰਦਲ ਕੋਲ ਇਹ ਗੁਣ ਹੈ। ਉਹ ਬੇਸ਼ੱਕ ਪਿੰਗਲ ਅਨੁਸਾਰ ਨਹੀਂ ਲਿਖਦਾ, ਫਿਰ ਵੀ ਉਸਦੀ ਕਵਿਤਾ ਵਿਚ ਲੈਅ ਤੇ ਵਹਾ ਅਵੱਸ਼ ਹੁੰਦਾ ਹੈ। ਇਸ ਤਰ੍ਹਾਂ ਉਸਦੀ ਕਵਿਤਾ ਸਾਧਾਰਨ ਲੋਕ-ਮਨ ਦੇ ਨੇੜੇ ਪੁੱਜ ਜਾਂਦੀ ਹੈ। ਕਿਸੇ ਜਨਵਾਦੀ ਕਵੀ ਦਾ ਇਹ ਮੁੱਢਲਾ ਗੁਣ ਹੈ।

ਹੱਥਲੇ ਸੰਗ੍ਰਹਿ ਵਿਚ ਹੁੰਦਲ ਦੀ ਕਲਾ ਦਾ ਇਕ ਵਿਸ਼ੇਸ਼ ਲੱਛਣ ਕਾਵਿ-ਕਥਾਵਾਂ ਹਨ। ਪੰਜਾਬੀ ਸਾਹਿਤ ਵਿਚ ਕਵਿਤਾ ਰਾਹੀਂ ਕਥਾਵਾਂ ਬਿਆਨ ਕਰਨ ਦੀ ਇਕ ਨਰੋਈ ਪਿਰਤ ਹੈ। ਪਰੰਤੂ ਅਜੋਕੇ ਸਮੇਂ ਵਿਚ ਇਹ ਪਿਰਤ ਮੁਢਲੇ ਰੂਪ ਵਿਚ ਪ੍ਰਚਲਤ ਨਹੀਂ ਰਹਿ ਸਕਦੀ। ਹੋਰ ਭਾਸ਼ਾਵਾਂ ਵਿਚ ਵੀ ਕਵਿਤਾ ਰਾਹੀਂ ਕਥਾ ਕਹਿਣ ਦੀ ਪਰੰਪਰਾ ਹੈ। ਅੱਜ ਜਦੋਂ ਕਿੱਸਾ ਛੋਟਾ ਰੂਪ ਧਾਰਕੇ ਨਿੱਕੀ ਕਹਾਣੀ ਬਣ ਗਿਆ ਹੈ ਅਤੇ ਅੱਗੇ ਹੋਰ ਮਿਨੀ ਰੂਪ ਧਾਰਨ ਕਰਨ ਵੱਲ ਜਾ ਰਿਹਾ ਹੈ, ਉਸ ਸਮੇਂ ਹੁੰਦਲ ਦੀਆਂ ਕਾਵਿ-ਕਥਾਵਾਂ ਉਹਨਾਂ ਦੇ ਬਰਾਬਰ ਢੁਕਦੀਆਂ ਹਨ। ਆਮ ਤੌਰ 'ਤੇ ਕਵਿਤਾ ਨੂੰ ਵਲਵਲਿਆਂ ਦੀ ਬੋਲੀ ਕਿਹਾ ਜਾਂਦਾ ਹੈ। ਪਰੰਤੂ ਹੁੰਦਲ ਨੇ ਵਲਵਲਿਆਂ ਦੇ ਨਾਲ ਸਰੀਰਕ ਤੇ ਮਾਨਸਿਕ ਪੀੜਾਂ ਨੂੰ ਵੀ ਜੋੜ ਦਿੱਤਾ ਹੈ—ਉਹ ਪੀੜਾਂ ਜਿਹੜੀਆਂ ਸਮਾਜਕ ਪ੍ਰਬੰਧ ਤੇ ਦਵੰਦ ਦੀਆਂ ਦੇਣ ਹਨ। ਇਸ ਸੰਗ੍ਰਹਿ ਦੀਆਂ ਕਾਫੀ ਕਵਿਤਾਵਾਂ ਨੂੰ ਕਥਾਵਾਂ ਦੇ ਜੁਮਰੇ ਵਿਚ ਰੱਖਿਆ ਜਾ ਸਕਦਾ ਹੈ। ਮਿਸਾਲ ਵਜੋਂ ਪਹਿਲੀ ਕਵਿਤਾ 'ਨਾਰਦ' ਹੀ ਲਓ। ਇਸ ਵਿਚ ਨਾਰਦ (ਖਲਨਾਇਕ) ਦਾ ਪੂਰਨ ਚਿੱਤਰ ਪੇਸ਼ ਕੀਤਾ ਹੈ ਜੋ ਹਕੀਕਤ ਵਿਚ ਇਕ ਮਿਨੀ ਕਥਾ ਹੈ। ਇਸੇ ਤਰ੍ਹਾਂ 'ਫਰਕ', 'ਰਾਤ', 'ਇਕ ਸਵੇਰ', 'ਘਰ', 'ਕਾਰ ਵਾਲੀ ਕੁੜੀ' ਆਦਿ ਹੋਰ ਕਵਿਤਾਵਾਂ ਇਸ ਕਥਨ ਦੀ ਪੁਸ਼ਟੀ ਕਰਦੀਆਂ ਹਨ। ਇਸ ਤਰ੍ਹਾਂ ਹੁੰਦਲ ਪੰਜਾਬੀ ਸਾਹਿਤ ਦੀ ਪੁਰਾਣੀ ਪਿਰਤ ਨੂੰ ਨਵੇਂ ਰੂਪ ਵਿਚ ਪੇਸ਼ ਕਰਦਾ ਹੈ। ਇਹ ਉਸ ਦੀ ਰੂਪਕ ਪੱਖੋਂ ਪ੍ਰਾਪਤੀ ਹੈ।

ਹੁੰਦਲ ਉਮਰ ਤੇ ਤਜਰਬੇ ਪੱਖੋਂ ਪਕਿਆਈ ਵੱਲ ਵਧ ਰਿਹਾ ਹੈ। ਹੁਣ ਉਸਦੀ ਕਵਿਤਾ ਵਿਚ ਠਰੰਮਾ, ਗੰਭੀਰਤਾ ਤੇ ਵਿਸ਼ਵਾਸ ਦਾ ਅੰਸ਼ ਭਾਰੂ ਹੈ। ਹੱਥਲੇ ਸੰਗ੍ਰਹਿ ਵਿਚ ਹੁੰਦਲ ਨੇ ਕੁਝ ਗ਼ਜ਼ਲਾਂ ਤੇ ਗੀਤ ਵੀ ਲਿਖੇ ਹਨ। ਇਹਨਾਂ ਵਿਚ ਵੀ ਪਕਿਆਈ ਹੈ। ਹੁੰਦਲ ਅਜੋਕੀ ਸਥਿਤੀ ਵਿਚ ਕਿਸੇ ਟਿੱਪਣੀ, ਪ੍ਰਸ਼ੰਸਾ ਜਾਂ ਪੜਚੋਲ ਦਾ ਮੁਹਤਾਜ ਨਹੀਂ ਹੈ। ਜਨ-ਸਮੂਹ ਤੇ ਸੰਘਰਸ਼ਸ਼ੀਲ ਪਾਠਕ ਉਸਦੇ ਪ੍ਰਸ਼ੰਸਕ ਹਨ। ਫਿਰ ਵੀ ਮੈਂ ਇਸ ਸੰਗ੍ਰਹਿ ਦਾ ਸਵਾਗਤ ਕਰਦਾ ਹਾਂ ਅਤੇ ਇਸ ਨੂੰ ਹੁੰਦਲ ਦੀ ਅੱਗੇ ਵੱਲ ਵਧਦੀ ਪੁਲਾਂਘ ਸਮਝਦਾ ਹਾਂ।

[ਸੁਰਜੀਤ ਗਿੱਲ]

## ਨਿਆਰਾ ਹਿੰਦੋਸਤਾਨ [ਸ਼ੀਲਾ ਗੁਜਰਾਲ]

ਆਪਣੀ ਦੂਸਰੀ ਕਾਵਿ-ਪੁਸਤਕ 'ਨਿਆਰਾ ਹਿੰਦੋਸਤਾਨ' [ਪੰਨੇ 63, ਮੁੱਲ 25



ਰੁਪਏ, ਹੇਮਕੁੰਟ ਪ੍ਰੈਸ, ਨਵੀਂ ਦਿੱਲੀ] ਦੀ ਭੂਮਿਕਾ ਵਜੋਂ ਲਿਖੇ 'ਦੋ ਸ਼ਬਦਾਂ' ਵਿਚ ਸ਼ੀਲਾ ਗੁਜਰਾਲ ਨੇ ਪ੍ਰਵਾਨ ਕੀਤਾ ਹੈ ਕਿ ਉਹ ਕਿੰਨੇ ਵਰ੍ਹਿਆਂ ਤਕ ਪੰਜਾਬੀ ਤੋਂ ਦੂਰ ਰਹੀ ਹੈ। ਆਪਣੀ ਮਾਂ-ਬੋਲੀ ਵਿਚ ਰਚਨਾ ਆਰੰਭ ਕਰਨ ਨੂੰ ਸਿੱਧੇ ਰਸਤੇ ਉਤੇ ਪੈਣਾ ਸਮਝਣ ਉਪਰੰਤ ਉਸ ਨੂੰ ਝੋਰਾ ਹੈ ਕਿ ਹੁਣ ਸਫਰ ਲੰਮਾ ਹੈ ਤੇ ਸਮਾਂ ਥੋੜਾ। ਅਤੇ ਫਿਰ ਉਸ ਦੀ ਦੁਆ ਹੈ ਕਿ ਉਸ ਨੂੰ ਪੰਜਾਬੀ ਸਾਹਿਤ ਦੀ ਪੰਗਤ ਵਿਚ ਸ਼ਾਮਲ ਹੋਣ ਦਾ ਮਾਣ ਮਿਲੇ।

ਪੁਸਤਕ ਦੇ ਸ਼ੁਰੂ ਵਿਚ ਛਪੇ ਲੇਖਿਕਾ ਦੀਆਂ ਰਚਨਾਵਾਂ ਦੇ ਵੇਰਵੇ ਤੋਂ ਪਤਾ ਲਗਦਾ ਹੈ ਕਿ ਸਾਹਿਤ ਦੇ ਵਿਭਿੰਨ ਰੂਪਾਂ ਵਿਚ ਉਸਨੇ ਹਿੰਦੀ ਤੇ ਅੰਗਰੇਜ਼ੀ ਵਿਚ ਢੇਰ ਰਚਨਾ ਕੀਤੀ ਹੈ, ਜਦ ਕਿ ਬਾਲ-ਸਾਹਿਤ ਦੀ ਇਕ ਪੁਸਤਕ ਤੋਂ ਬਿਨਾਂ ਪੰਜਾਬੀ ਵਿਚ ਉਸਦਾ ਪ੍ਰਥਮ ਕਾਵਿ-ਸੰਗ੍ਰਹਿ 'ਅਮਰ ਵੇਲ' ਹੱਥਲੀ ਪੁਸਤਕ ਤੋਂ ਕੇਵਲ ਇਕ ਵਰ੍ਹਾ ਪਹਿਲਾਂ ਹੀ ਪ੍ਰਕਾਸ਼ਿਤ ਹੋਇਆ ਸੀ। ਤਿੰਨਾਂ ਹੀ ਭਾਸ਼ਾਵਾਂ ਵਿਚ ਕਲਮ ਚਲਾਉਣਾ ਲੇਖਿਕਾ ਦੀ ਭਾਸ਼ਾਈ ਸਮਰੱਥਾ ਦਾ ਸੂਚਕ ਹੈ। ਉਸ ਅਨੁਸਾਰ ਉਸਦੀ ਕਲਮ ਕਈ ਵਾਰ ਕਿਸੇ ਵਿਸ਼ੇ ਦੇ ਨਿਰੂਪਣ ਸਮੇਂ ਤਿੰਨੇਂ ਮੂਰਤਾਂ ਇਕੋ ਸਾਂਚੇ ਵਿਚ ਢਾਲਦੀ ਹੈ, ਤੇ ਅਕਸਰ ਇਕ ਭਾਸ਼ਾ ਵਿਚ ਅਧੂਰਾ ਪਿਆ ਢਾਂਚਾ ਦੂਸਰੀ ਭਾਸ਼ਾ ਵਿਚ ਸਜੀਵ ਕਵਿਤਾ ਵਜੋਂ ਜਨਮ ਲੈਂਦਾ ਹੈ। ਐਪਰ ਪੁਸਤਕ ਵਿਚਲੀਆਂ ਕਵਿਤਾਵਾਂ ਦਾ, ਭਾਸ਼ਾਈ ਮੁਹਾਵਰੇ ਦੇ ਪੱਖ ਤੋਂ, ਅਧਿਐਨ ਦਰਸਾਉਂਦਾ ਹੈ ਕਿ ਲੇਖਿਕਾ ਦੀ ਇਹ ਸਮਰੱਥਾ ਕਿਤੇ ਕਿਤੇ ਪੰਜਾਬੀ ਭਾਸ਼ਾ ਦੀ ਕਵਿੱਤਰੀ ਵਜੋਂ ਉਸ ਦੀ ਸੀਮਾ ਵੀ ਬਣ ਜਾਂਦੀ ਹੈ।

ਸ਼ੀਲਾ ਗੁਜਰਾਲ ਦੇ ਇਸ ਸੰਗ੍ਰਹਿ ਵਿਚ ਤਿੰਨ ਖੰਡਾਂ—'ਨਿਆਰਾ ਹਿੰਦੋਸਤਾਨ', 'ਜੀਵਨ ਧਾਰਾ' ਅਤੇ 'ਕੁਦਰਤ ਦੇ ਖੇਡ'—ਵਿਚ ਵੰਡੀਆਂ ਹੋਈਆਂ ਕੁਲ 35 ਕਵਿਤਾਵਾਂ ਸ਼ਾਮਲ ਹਨ, ਜੋ ਲੇਖਿਕਾ ਦੇ ਕਹਿਣ ਅਨੁਸਾਰ ਕਿਸੇ ਵਿਸ਼ੇਸ਼ ਵਾਦ ਜਾਂ ਖਾਸ ਸ਼ੈਲੀ ਨਾਲ ਜੁੜੀਆਂ ਹੋਈਆਂ ਨਹੀਂ ਹਨ। ਪਰ ਇਹ ਕਵਿਤਾਵਾਂ ਨਿਸਚੇ ਹੀ ਸਮਾਜਕ ਜੀਵਨ ਦੀਆਂ ਸਮੱਸਿਆਵਾਂ ਤੇ ਮਨੁੱਖ-ਮਾਤਰ ਦੀਆਂ ਉਮੰਗਾਂ-ਅਕਾਂਖਿਆਵਾਂ ਨਾਲ ਡੂੰਘਾ ਸਰੋਕਾਰ ਰੱਖਦੀਆਂ ਹਨ। ਸਗੋਂ ਸੱਚ ਤਾਂ ਇਹ ਹੈ ਕਿ ਇਹਨਾਂ ਕਵਿਤਾਵਾਂ ਵਿਚੋਂ ਮਾਨਵਤਾ ਪ੍ਰਤੀ ਜਿਹੋ ਜਿਹਾ ਲਗਾਉ ਉਭਰਦਾ ਹੈ ਉਸਤੋਂ ਲੇਖਿਕਾ ਨੂੰ ਵਾਦ-ਮੁਕਤ ਨਹੀਂ ਸਮਝਿਆ ਜਾ ਸਕਦਾ। ਉਹ ਨਿਸਚੇ ਹੀ ਇਕ ਵਾਦ ਨਾਲ ਜੁੜੀ ਹੋਈ ਹੈ ਤੇ ਇਹ ਵਾਦ ਹੈ—ਮਾਨਵਵਾਦ।

ਪੁਸਤਕ ਦੇ ਪਹਿਲੇ ਖੰਡ 'ਨਿਆਰਾ ਹਿੰਦੋਸਤਾਨ' ਦੀਆਂ 14 ਕਵਿਤਾਵਾਂ ਵਿਚ ਉਸਨੇ ਦੇਸ਼ ਦੇ ਭਖਦੇ ਮਸਲਿਆਂ—ਔਰਤ ਦੀ ਸਥਿਤੀ ਤੇ ਸਤੀ ਵਰਗੀ ਗੈਰ-ਮਨੁੱਖੀ ਰਸਮ, ਅਮੀਰੀ-ਗਰੀਬੀ ਦੇ ਪਾੜੇ, ਦੇਸ਼ ਦੀ ਸਾਂਝੀ ਸੰਸਕ੍ਰਿਤੀ ਅਤੇ ਇਸਦੇ ਉਲਟ ਸੰਕੀਰਣ ਸੰਪਰਦਾਇਕਤਾ, ਰਾਜਸੀ ਨੇਤਾਵਾਂ ਦੀ ਸਵਾਰਥੀ ਬਿਰਤੀ ਆਦਿ ਉਤੇ ਕਲਮ ਚਲਾਈ ਹੈ। ਇਹਨਾਂ ਕਵਿਤਾਵਾਂ ਵਿਚ ਜਨ-ਸਾਧਾਰਨ ਪ੍ਰਤੀ ਲਗਾਉ ਅਤੇ ਵਖੇਵਿਆਂ ਤੋਂ ਮੁਕਤ ਮਨੁੱਖੀ ਸਾਂਝ ਵਿਚ ਵਿਸ਼ਵਾਸ ਵਾਲੇ ਸ਼ੀਲਾ ਗੁਜਰਾਲ ਦੇ ਸੰਵੇਦਨਸ਼ੀਲ ਆਪੇ ਦੀ ਝਲਕ ਬਾਖੂਬੀ ਉਭਰਦੀ ਹੈ। ਰਤਾ ਪੰਜਾਬ ਦੀ ਵਰਤਮਾਨ ਤ੍ਰਾਸਦੀ ਦੇ ਸੰਬੰਧ ਵਿਚ ਉਸਦੇ ਬੋਲ ਸੁਣੋ :

ਸਦੀਆਂ ਪੁਰਾਣੇ ਰਿਸ਼ਤਿਆਂ 'ਤੇ ਛਾਈ
ਧੁੰਦਲਾਈ ਬੱਦਲੀ ਨਾ ਤੱਕੋ

ਸਾਂਝੇ ਪਿਆਰ ਦੀ ਗਰਮੀ ਨਾਲ

ਇਹ ਫੁੱਟ ਦੀ ਧੁੱਪ ਜ਼ਰੂਰ ਪਿਘਲ ਜਾਏਗੀ

ਇਹ ਉਦਾਰ ਆਸ਼ਾਵਾਦੀ ਭਾਵ, ਨਿਰਸੰਦੇਹ, ਬਹੁਤ ਸਾਰਥਕ ਹਨ, ਐਪਰ ਜਿਨ੍ਹਾਂ ਕਵਿਤਾਵਾਂ ਵਿਚ ਉਸਦੀ ਕਾਵਿ-ਪ੍ਰਤਿਭਾ ਵਧੇਰੇ ਉਘੜਕੇ ਸਾਹਵੇਂ ਆਉਂਦੀ ਹੈ ਉਹ ਦੂਜੇ ਤੇ ਤੀਜੇ ਭਾਗ, ਅਥਵਾ 'ਜੀਵਨ ਧਾਰਾ' ਤੇ ਕੁਦਰਤ ਦੇ ਖੇਡ' ਵਿਚ ਹੀ ਪ੍ਰਾਪਤ ਹਨ। ਨਿਜੀ ਅਹਿਸਾਸਾਂ ਵਾਲੀਆਂ ਇਹਨਾਂ ਕਵਿਤਾਵਾਂ ਵਿਚ ਲੇਖਿਕਾ ਦੀ ਸੰਵੇਦਨਸ਼ੀਲ ਆਤਮਾ ਸਾਧਨ-ਸੰਪੰਨ ਬੁਰਜੁਆ ਪਰਿਵੇਸ਼ ਵਿਚੋਂ ਨਿਕਲਕੇ ਸੁਤੰਤਰ ਉਡਾਰੀਆਂ ਲਾਉਣ ਲਈ ਉਤਸੁਕ ਹੈ। ਯਾਦਾਂ ਦੇ ਮੋਤੀ ਚੁਗਦੀ, ਵਾਤਾਨਕੂਲ ਬੰਗਲੇ ਚੋਂ ਨਿਕਲ ਖੇਤਾਂ, ਬਾਗਾਂ, ਪੈਲੀਆਂ ਤੇ ਪਿੜਾਂ ਵਿਚ ਅਤੇ ਬੋਹੜਾਂ ਦੀ ਛਾਂ ਥੱਲੇ ਨਿਸ਼ੰਗ ਉਡਦੀ ਫਿਰਦੀ, ਨੱਚਦੀ-ਟੱਪਦੀ ਹੋਈ ਉਹ ਫੇਰ ਬੁਰਜੁਆ ਨਾਗਰਿਕ ਸਭਿਅਤਾ ਦੇ ਯਥਾਰਥ ਨਾਲ ਟਕਰਾ ਕੇ ਰਹਿ ਜਾਂਦੀ ਹੈ। ਖੁਲ੍ਹੇ-ਖੁਲਾਸੇ, ਪਿਆਰ ਤੇ ਖੁਸ਼ੀ ਭਰੇ ਸਾਧਾਰਨ ਪਰਿਵਾਰਕ ਜੀਵਨ ਲਈ ਮੋਹ ਅਤੇ ਪ੍ਰਕਿਰਤੀ ਨਾਲ ਪਿਆਰ ਹੀ ਸ਼ੀਲਾ ਗੁਜਰਾਲ ਨੂੰ ਕਵਿਤਰੀ ਬਣਾਉਂਦਾ ਹੈ। ਪਿੱਛੇ ਵੱਲ ਝਾਕਦੀ ਅਤੇ ਕੁਦਰਤ ਨੂੰ ਨਿਹਾਰਦੀ ਉਹ ਅਜਿਹੀਆਂ ਕਾਵਿ-ਪੰਕਤੀਆਂ ਦੀ ਰਚਨਾ ਕਰ ਜਾਂਦੀ ਹੈ ਜੋ ਪੰਜਾਬੀ ਦੇ ਪ੍ਰਕਿਰਤੀ ਕਾਵਿ ਵਿਚ ਗੌਰਵਮਈ ਸਥਾਨ ਪਾਉਣ ਦੀਆਂ ਅਧਿਕਾਰੀ ਹਨ।

'ਕੁਦਰਤ ਦੇ ਖੇਡ' ਸ਼ੀਰਸ਼ਕ ਵਾਲੀਆਂ 13 ਕਵਿਤਾਵਾਂ ਵਿਚ ਉਸਨੇ ਊਸ਼ਾ, ਨਿਸ਼ਾ, ਗਰਮੀ ਦੀ ਝਲਕ, ਵਰਖਾ ਦੀ ਰੁੱਤ, ਬਸੰਤ ਤੇ ਅਮਲਤਾਸ ਦੇ ਰੁੱਖ ਆਦਿ ਉਤੇ ਬਹੁਤ ਸੁਸ਼ਟ ਕਵਿਤਾਵਾਂ ਦੀ ਰਚਨਾ ਕੀਤੀ ਹੈ। ਪ੍ਰਕਿਰਤੀ ਦਾ ਸੁਹਜ ਨਾਸਤਕ ਮਨ ਨੂੰ ਵੀ ਕਾਦਰ ਬਾਰੇ ਕਾਇਲ ਕਰ ਸਕਦਾ ਹੈ:

ਸਿਰ ਤੋਂ ਪੈਰਾਂ ਤਕ

ਬਰਫ ਦੇ ਗਹਿਣਿਆਂ ਨਾਲ ਝਮ ਝਮ ਸਜੀਆਂ, ਦਿਆਰ ਦੀਆਂ ਟਾਹਣਾਂ ਨੇ

ਦਿਲ ਦੇ ਦਰਪਨ ਵਿਚ ਝਾਤੀ ਮਾਰ, ਮੇਰੇ ਨਾਸਤਕ ਮਨ ਵਿਚ

ਸਿਰਜਣਹਾਰ ਦੀ ਮੂਰਤ, ਸਜਾ ਦਿੱਤੀ

ਹਵਾ ਦੇ ਬੁੱਲੇ ਨਾਲ ਕਲੀਆਂ ਦਾ ਝੜਨਾ ਜਿੰਨੇ ਸੋਹਣੇ ਪ੍ਰਤੀਕ ਵਿਚ ਰੂਪਮਾਨ ਹੋਇਆ ਹੈ—ਪੜ੍ਹਕੇ ਹੀ ਉਸਦੀ ਖੂਬਸੂਰਤੀ ਦਾ ਪਤਾ ਚਲਦਾ ਹੈ:

ਅੱਲੜ ਸ਼ਰਾਰਤੀ ਹਵਾ ਦਾ ਬੁੱਲ੍ਹਾ, ਕੌਂਪਲਾਂ ਦੀ ਚੁੰਨੀ ਨੂੰ ਪਿੰਡੇ ਤੋਂ ਲਾਹ

ਕਲੀਆਂ ਦੇ ਲਹਿੰਗੇ ਦੀ ਝਾਲਰ ਉਖੇੜ, ਚੰਬੇਲੀਆਂ ਦਾ ਜੀ ਪਰਚਾ, ਮੋਢੇ 'ਤੇ ਲਾ

ਬਾਰੀ ਰਾਹ ਬੈਠਕ ਪਹੁੰਚਿਆ


ਦੋ ਪਲ ਜੀ ਭਰ ਮੌਜ-ਮੇਲਾ ਮਨਾ, ਹੁੰਗਦੀਆਂ ਕਰੂੰਬਲਾਂ ਨੂੰ ਮੂਧਿਆਂ ਢਾਹ

ਨੱਸ ਉਠਿਆ ਵਾਪਸ ਨਵੇਂ ਸ਼ਿਕਾਰ ਲਈ

ਇਸ ਤਰ੍ਹਾਂ ਦੀ ਸੈਂਸੂਅਸ ਪਰ ਸਾਰਥਕ ਕਵਿਤਾ ਪ੍ਰਾਪਤ ਹੈ ਇਸ ਪੁਸਤਕ ਵਿਚ। ਵਿਸ਼ਵਾਸ ਕੀਤਾ ਜਾ ਸਕਦਾ ਹੈ ਕਿ ਠੇਠ ਪੰਜਾਬੀ ਸ਼ਬਦਾਵਲੀ ਤੇ ਮੁਹਾਵਰੇ ਪ੍ਰਤੀ ਵਧੇਰੇ ਚੇਤ ਹੁੰਦੀ ਹੋਈ ਮਨੁੱਖ-ਹਿਤੈਸ਼ੀ, ਸੰਵੇਦਨਸ਼ੀਲ ਤੇ ਪ੍ਰਤਿਭਾਵਾਨ ਸ਼ੀਲਾ ਗੁਜਰਾਲ ਪੰਜਾਬੀ ਸਾਹਿਤ-ਜਗਤ ਵਿਚ ਆਪਣਾ ਯੋਗ ਸਥਾਨ ਪਾ ਲਵੇਗੀ।

[ਰਘਬੀਰ ਸਿੰਘ]






ਛਾਪਕ, ਪ੍ਰਕਾਸ਼ਕ ਤੇ ਮਾਲਕ ਸ੍ਰੀ ਸੁਰਿੰਦਰ ਮੋਹਨ ਸਿੰਘ ਨੇ ਬਾਲੀ ਪ੍ਰਿੰਟਿੰਗ ਪ੍ਰੈਸ, ਕਮਲਾ ਮਾਰਕੀਟ, ਮੁਹਾਲੀ ਤੋਂ ਛਪਵਾਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਪ੍ਰਕਾਸ਼ਨ ਮਿਤੀ : 15 ਜੁਲਾਈ, 1989 **ਸੰਪਾਦਕ : ਰਘਬੀਰ ਸਿੰਘ**

# S. GURNAM SINGH



Managing Partner
Member I.S.I.

ਜਿੰਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ
ਪੀਣ ਦੇ ਪਾਣੀ ਲਈ ਤਕਨਾਲੋਜੀ-ਕਮਿਸ਼ਨ ਦੀ
ਰਾਜ-ਸਲਾਹਕਾਰ ਕਮੇਟੀ ਦਾ
ਗ਼ੈਰ-ਸਰਕਾਰੀ ਮੈਂਬਰ ਨਾਮਜ਼ੱਦ ਕੀਤਾ ਗਿਆ ਹੈ ।

## M/S. GURNAM SINGH & CO.

**DERA BASSI (DISTT. PATIALA)-140507.**

Phone : 55 Gram : TUBEWELL

*Tubewell Engineers & Consultants*

Do you Know ?

- Tubewells installed by us are pumping over 25 million gallons of water, per hour, for the Nation.
- We are backed by 35 years' experience in Tubewell & Diamond Core Drilling.
- We are experts in Dam Foundationing, Grounding and Soil Testing.

*Many Can Do This Job But Experience Does It Better !*





## ਪਬਲੀਕੇਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

### ਪੰਜਾਬੀ ਪ੍ਰਕਾਸ਼ਨ

| | |
|---|---|
| ਪੰਜਾਬੀ ਸਭਿਆਚਾਰ (ਡਾ. ਵਿਸ਼ਵਾ ਨਾਥ ਤਿਵਾੜੀ) | 15 ਰੁਪਏ |
| ਜਨਮਸਾਖੀ ਭਾਈ ਬਾਲਾ | 45 ਰੁਪਏ |
| ਭਾਈ ਵੀਰ ਸਿੰਘ : ਜੀਵਨ ਸਮਾਂ ਤੇ ਰਚਨਾ | 24 ਰੁਪਏ |
| ਭਾਈ ਵੀਰ ਸਿੰਘ ਸੰਦਰਭ-ਕੋਸ਼ (ਸੰ: ਵਿਸ਼ਵਾ ਨਾਥ ਤਿਵਾੜੀ) | 36 ਰੁਪਏ |
| ਪਿਆਰੇ ਜੀਉ (ਭਾਈ ਵੀਰ ਸਿੰਘ ਦੀਆਂ ਚੋਣਵੀਆਂ ਚਿੱਠੀਆਂ) | 25 ਰੁਪਏ |
| ਪੰਜਾਬੀ ਸਾਹਿਤ ਦਾ ਇਤਿਹਾਸ ਭਾਗ ਪਹਿਲਾ 30 ਰੁਪਏ, ਭਾਗ ਦੂਜਾ | 85 ਰੁਪਏ |
| ਭਾਗ ਤੀਜਾ | 100 ਰੁਪਏ |
| ਗੁਰੂ ਨਾਨਕ : ਜੀਵਨ, ਦਰਸ਼ਨ ਤੇ ਕਾਵਿ ਕਲਾ | 39 ਰੁਪਏ |
| ਗੁਰੂ ਨਾਨਕ ਦਾ ਸ਼ਾਹਕਾਰ : ਜਪੁਜੀ (ਡਾ. ਹਰਨਾਮ ਸਿੰਘ ਸ਼ਾਨ) | 36 ਰੁਪਏ |
| ਪਰਮ ਪੁਰਖ ਗੁਰੂ ਨਾਨਕ ਪਾਤਸ਼ਾਹ (ਇੰਦਰਜੀਤ ਸਿੰਘ ਤੁਲਸੀ) | 30 ਰੁਪਏ |
| ਕਰਾਂਤੀਕਾਰੀ ਗੁਰੂ ਨਾਨਕ (ਡਾ. ਵਿਸ਼ਵਾ ਨਾਥ ਤਿਵਾੜੀ) | 15 ਰੁਪਏ |
| ਬਾਬਾ ਫਰੀਦ : ਜੀਵਨ, ਸਮਾਂ ਤੇ ਰਚਨਾ | 36 ਰੁਪਏ |
| ਗੁਰੂ ਤੇਗ ਬਹਾਦਰ : ਜੀਵਨ, ਸਮਾਂ ਤੇ ਰਚਨਾ | 40 ਰੁਪਏ |
| ਬਾਣੀ ਗੁਰੂ ਤੇਗ ਬਹਾਦਰ : ਵਿਸ਼ਾ ਤੇ ਕਲਾ (ਸ. ਰਾਮ ਸਿੰਘ) | 20 ਰੁਪਏ |
| ਸਿਮਰਣ ਤੋਂ ਸ਼ਹਾਦਤ ਤੀਕ (ਡਾ. ਵਿਸ਼ਵਾ ਨਾਥ ਤਿਵਾੜੀ) | 20 ਰੁਪਏ |

### Selected English Publications

| | |
|---|---|
| Bhai Vir Singh's Epic of Rana Surat Singh (G.S. Talib) | Rs. 65 |
| Guru Tegh Bahadur—A study by Dr. B. S. Gupta | Rs. 25 |
| Philosophy of Guru Nanak by Dr. S. S. kohli | Rs. 27 |
| Travels of Guru Nanak by Dr. S. S. kohli | Rs. 26 |
| Guru Nanak in History by Dr. J.S. Grewal | Rs. 40 |
| Guru Gobind Singh : A Biographical Study by Dr. S. S. Bal & Dr. J. S. Grewal | |
| Panjab Central Asia & Afghan war by Dr. Hari Ram Gupta | Rs. 120 |

please address enquiries and mail orders to :

**SECRETSRY**
**PUBLICATION BUREAU, PANJAB UNIVERSITY, CHANDIGARH**

**SIRJANA** Chandigarh
No. 75

R.R. No. 10215/65
July-September 1989

